# ਵਤਨੋਂ ਦੂਰ



ਦਸਵਾਂ ਸਾਲਾਨਾ ਅੰਕ
ਜੁਲਾਈ ਅਗਸਤ ੧੯੮੩, ਦੋ ਡਾਲਰ

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 | July - August, 1983 | No. 97

Editor:
Surinder Dhanjal
(Grande Prairie, Alberta, 539-9614)

Advertising & Circulation Board:

Satwant Deepak, Edmonton .................. 461-1917
Laat Bhinder, Edmonton ...................... 435-7469
Paul Binning, Vancouver ...................... 879-3339
Iqbal Ramuwalia, Toronto ..................... 745-7326

Watno Dur Representatives

- British Columbia, Canada:

Sadhu, Burnaby ............................ 437-9014
Sukhwant Hundal, Vancouver ................ 321-9221
Amarjit Chahal, Surrev ...................... 581-0406

Inderjit Rode, Vancouver ..................... 430-4104
Avtar Rodhey, Quesnel ....................... 992-7578
Tej Sandhu, Quesnel ......................... 992-6775
Dave Jatana, Pr. Rupert ...................... 627-7209
J.S. Aulakh, Mission ........................ 826-4888

- Alberta, Canada:

Avtar Gill, Sherwood Pk ...................... 464-3851
K.S. Chaman, Calgary ....................... 248-2841

- India:

Surinder Kailay, Ludhiana
Kulbir Suri, Amritsar

## ਦਸਵਾਂ ਸਾਲਾਨਾ ਅੰਕ

- ਹਥਲਾ ਅੰਕ ਵਤਨੋਂ ਦੂਰ ਦਾ ਦਸਵਾਂ ਸਾਲਾਨਾ ਅੰਕ ਹੈ। ਆਕਾਰ ਵਿੱਚ ਇਹ ਹੁਣ ਤੱਕ ਪ੍ਰਕਾਸ਼ਤ ਅੰਕਾਂ 'ਚੋਂ ਸਭ ਤੋਂ ਵੱਡਾ ਹੈ।
- ਇਸ ਨੂੰ ਇੱਕ ਪ੍ਰਤੀਨਿਧ ਕਿਰਤ ਬਣਾਉਣ ਲਈ ਅਸੀਂ ਇਸ ਅੰਕ ਦੇ ਸਾਰੇ ਲੇਖਕਾਂ ਦੇ ਹਾਰਦਿਕ ਧੰਨਵਾਦੀ ਹਾਂ।
- ਇਸ ਵਾਰ ਦਾ ਮੁੱਖ ਚਿੱਤਰ ਬਰਾਊਨਸ਼ਵਾਈਗ (ਵੈੱਸਟ ਜਰਮਨੀ) ਵਿੱਚ ਵਸਦੇ ਪ੍ਰਸਿੱਧ ਪੰਜਾਬੀ ਕਲਾਕਾਰ ਹਰਜੀਤ ਕੁਲਾਰ ਦੀ ਕਲਾ-ਕਿਰਤ ਹੈ। ਇਸ ਸਹਿਯੋਗ ਲਈ ਅਸੀਂ ਉਨ੍ਹਾਂ ਦੇ ਰਿਣੀ ਹਾਂ।

- **ANNUAL SUBSCRIPTION**
  - Canada/U.S.A.: $10.00; other Countries: $15.00 (By Air) (Cheques, Drafts, Money-orders payable to 'WATNO DUR' should be sent to Edmonton, Alberta or Vancouver, B.C. in Canada.
  - Special rates for readers residing in INDIA (Annual: RS 10/-); send by MO. directly to Surinder Kailay, Editor Anu, Lalton Kalan, Ludhiana - 142022, India.

- **WATNO DUR** (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

- All officeholders and members of WATNO DUR PUBLICATIONS (Registered), past and present, have been and are honorary associates of WATNO DUR.

- Opinions expressed are of the individual writers and may not necessarily, reflect the official policies of WATNO DUR PUBLICATIONS (Registered).

## ਸੰਪਾਦਕੀ

- ਵਤਨੋਂ ਦੂਰ ਨੂੰ ਇਸਦੇ ਮੌਜੂਦਾ ਰੂਪ ਤੱਕ ਪਹੁੰਚਾਉਣ ਲਈ ਕੈਨੇਡਾ ਦੇ ਬਹੁਤ ਸਾਰੇ ਸਹਿਯੋਗੀਆਂ ਨੇ ਯੋਗਦਾਨ ਪਾਇਆ ਹੈ - ਸਾਡੇ ਸਾਬਕਾ ਸਹਿਯੋਗੀਆਂ ਵਿੱਚੋਂ ਕੁਝ ਕੁ ਦੇ ਸੰਬੰਧ ਵਤਨੋਂ ਦੂਰ ਨਾਲ ਪਰਬੰਧਕੀ ਕਿਸਮ ਦੇ ਸਨ, ਕੁਝ ਸਾਹਿੱਤ-ਸਿਰਜਣਾ ਨੂੰ ਉੱਕਾ ਹੀ ਤਿਆਗ ਗਏ ਹਨ ਅਤੇ ਕੁਝ ਕਲਾ ਦੇ ਹੋਰ ਖੇਤਰਾਂ ਵਿੱਚ ਮਸਰੂਫ਼ ਹੋ ਗਏ। ਵਤਨੋਂ ਦੂਰ ਦੀ ਦਸਵੀਂ ਵਰ੍ਹੇਗੰਢ ਸਮੇਂ ਅਸੀਂ ਆਪਣੇ ਸਾਰੇ ਪੁਰਾਣੇ ਮਿਹਨਤਕਸ਼ਾਂ ਦੀ ਘਾਲਣਾ ਨੂੰ ਯਾਦ ਕਰਦੇ ਹੋਏ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ।

- ਸਾਡੀ ਇੱਛਾ ਸੀ ਕਿ ਇਸ ਸੰਪਾਦਕੀ ਵਿੱਚ ਕੁਝ ਮਿੱਤਰਾਂ ਦੀ ਵਾਰ ਵਾਰ ਕੀਤੀ ਮੰਗ ਦਾ ਸਤਿਕਾਰ ਕਰਦਿਆਂ ਵਤਨੋਂ ਦੂਰ ਦਾ ਦਸ ਸਾਲ ਦਾ ਇਤਿਹਾਸ ( ਸਮੱਸਿਆਵਾਂ / ਤਬਦੀਲੀਆਂ / ਆਰਥਕ ਅਵੱਸਥਾ / ਸਹਿਯੋਗੀ ) ਸੰਖੇਪ ਰੂਪ ਵਿੱਚ ਪਾਠਕਾਂ ਨਾਲ ਸਾਂਝਾ ਕੀਤਾ ਜਾਵੇ - ਸਾਡੀਆਂ ਕਈ ਮਜਬੂਰੀਆਂ ਕਾਰਨ ਇਹ ਇਤਿਹਾਸ ਅਗਲੇ ਕਿਸੇ ਅੰਕ ਵਿੱਚ ਛਾਪਿਆ ਜਾਵੇਗਾ।

- ਇਸ ਅੰਕ ਲਈ ਸਾਡੇ ਕੁਝ ਲੇਖਕਾਂ ਨੇ ਆਪਣੇ ਆਪ, ਕੁਝ ਲੇਖਕਾਂ ਨੇ ਸਾਡੀ ਪਹਿਲੀ ਚਿੱਠੀ ਦੇ ਜਵਾਬ 'ਚ, ਕੁਝ ਕੁ ਨੇ ਸਾਡੀ ਦੂਜੀ ਚਿੱਠੀ ਦੇ ਜਵਾਬ ਵਿੱਚ ਆਪਣੀਆਂ ਰਚਨਾਵਾਂ ਭੇਜਣ ਦੀ ਮਿਹਰਬਾਨੀ ਕੀਤੀ - ਅਸੀਂ ਸਾਰੇ ਮਿੱਤਰਾਂ ਦੇ ਹਾਰਦਿਕ ਧੰਨਵਾਦੀ ਹਾਂ ਅਤੇ ਆਸ ਕਰਦੇ ਹਾਂ ਕਿ ਅੱਗੇ ਤੋਂ ਵੀ ਏਸੇ ਤਰ੍ਹਾਂ ਵਤਨੋਂ ਦੂਰ ਨੂੰ ਸਹਿਯੋਗ ਦਿੰਦੇ ਰਹਿਣਗੇ। ਜਿਹੜੇ ਲੇਖਕ ਇਸ ਵਾਰ ਰਚਨਾਵਾਂ ਨਹੀਂ ਭੇਜ ਸਕੇ—ਅਸੀਂ ਉਮੀਦ ਕਰਦੇ ਹਾਂ ਕਿ ਸਾਹਿੱਤ-ਸਿਰਜਣਾ ਲਈ ਰਾਖਵੇਂ ਕੀਤੇ ਆਪਣੇ ਸਮੇਂ 'ਚੋਂ ਉਹ ਕੁਝ ਕੀਮਤੀ ਪਲ ਵਤਨੋਂ ਦੂਰ ਲਈ ਵੀ ਕੱਢ ਸਕਿਆ ਕਰਨਗੇ।

- ਜੁਲਾਈ 1973 ਵਿੱਚ ਵਤਨੋਂ ਦੂਰ ਦਾ ਪਹਿਲਾ ਅੰਕ ਅਸੀਂ (ਉਦੋਂ) ਪਿਛਲੇ ਡੇਢ-ਸਾਲ ਵਿੱਚ ਸਦਾ ਲਈ ਵਿੱਛੜੇ ਪੰਜ ਪੰਜਾਬੀ ਸਾਹਿੱਤਕਾਰਾਂ - ਨਾਨਕ ਸਿੰਘ, ਬਾਵਾ ਬਲਵੰਤ, ਸ਼ਿਵ ਕੁਮਾਰ, ਬਲਰਾਜ ਸਾਹਨੀ ਅਤੇ ਵਿਧਾਤਾ ਸਿੰਘ ਤੀਰ - ਦੀ ਅਭੁੱਲ ਯਾਦ ਨੂੰ ਸਮਰਪਿਤ ਕੀਤਾ ਸੀ। ਵਤਨੋਂ ਦੂਰ ਦੇ ਜਨਮ ਤੋਂ ਲੈ ਕੇ ਹੁਣ ਤੱਕ ਗੁਰਬਖਸ਼ ਸਿੰਘ ਪ੍ਰੀਤ ਲੜੀ, ਪ੍ਰੋ: ਮੋਹਨ ਸਿੰਘ, ਨਵਤੇਜ ਸਿੰਘ, ਸੋਹਣ ਸਿੰਘ ਜੋਸ਼, ਬਿਸਮਿਲ ਫਰੀਦਕੋਟੀ, ਓਮ ਪ੍ਰਕਾਸ਼ ਸ਼ਰਮਾ, ਬਾਬੂ ਰੱਜਬ ਅਲੀ, ਡਾ: ਕਰਮਜੀਤ ਸਿੰਘ, ਦਰਸ਼ਨ ਸਿੰਘ ਆਵਾਰਾ ਵਰਗੇ ਸਾਹਿੱਤਕਾਰ ਵੀ ਸਦੀਵੀ ਵਿਛੋੜਾ ਦੇ ਗਏ ਹਨ। ਅਸੀਂ ਮਹਿਸੂਸ ਕਰਦੇ ਹਾਂ ਕਿ ਪੰਜਾਬੀ ਸਾਹਿੱਤ ਨੂੰ ਅੱਜ ਦੇ ਵਿਕਾਸ-ਪੜਾਅ 'ਤੇ ਪਹੁੰਚਾਉਣ ਲਈ ਇਨ੍ਹਾਂ ਸਾਰੇ ਸਾਹਿੱਤਕਾਰਾਂ ਦਾ ਕੀਮਤੀ ਯੋਗਦਾਨ ਹੈ। ਵਤਨੋਂ ਦੂਰ ਦੀ ਦਸਵੀਂ ਵਰ੍ਹੇ ਗੰਢ ਸਮੇਂ ਅਸੀਂ ਇਨ੍ਹਾਂ ਸਾਰੇ ਸਾਹਿੱਤਕਾਰਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਇਨ੍ਹਾਂ ਦੀ ਸਾਹਿੱਤਕ ਘਾਲਣਾ ਦਾ ਤਹਿ-ਦਿਲੋਂ ਸਤਿਕਾਰ ਕਰਦੇ ਹਾਂ।

- ਦੁੱਖ ਹੈ ਕਿ ਅਗਸਤ 83 ਦੇ ਦੂਜੇ ਹਫ਼ਤੇ ਓਨਟਾਰੀਓ ਵਿੱਚ ਵਸਦੇ ਬਜ਼ੁਰਗ ਸ਼ਾਇਰ ਸ੍ਰ. ਕਰਤਾਰ ਸਿੰਘ ਸ਼ਮਸ਼ੇਰ ਵੀ ਸਦੀਵੀ ਵਿਛੋੜਾ ਦੇ ਗਏ ਹਨ। ਅਦਾਰਾ ਵਤਨੋਂ ਦੂਰ, ਉਨ੍ਹਾਂ ਦੇ ਪਰਿਵਾਰ ਦੇ ਬਾਕੀ ਮੈਂਬਰਾਂ ਨਾਲ ਇਸ ਗ਼ਮ ਵਿੱਚ ਸ਼ਰੀਕ ਹੈ। ਅਗਲੇ ਕਿਸੇ ਅੰਕ ਵਿੱਚ ਅਸੀਂ ਸ਼ਮਸ਼ੇਰ ਜੀ ਦੀਆਂ ਚੋਣਵੀਆਂ ਕਿਰਤਾਂ ਪਾਠਕਾਂ ਨਾਲ ਸਾਂਝੀਆਂ ਕਰਾਂਗੇ। ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਉਨ੍ਹਾਂ ਦੀ ਯਾਦ ਵਿੱਚ ਨਵਤੇਜ ਭਾਰਤੀ ਦੀ ਰਚਨਾ 'ਜਾਂਗਲੀ ਰੋਡ' ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ।

- ਅੱਜ ਤੋਂ 36 ਵਰ੍ਹੇ ਪਹਿਲਾਂ ਹਿੰਦੁਸਤਾਨ ਦੇ ਲੋਕਾਂ ਨੇ ਅੰਗਰੇਜ਼ ਸਾਮਰਾਜਵਾਦ ਦੀ ਗ਼ੁਲਾਮੀ ਦਾ ਜੂਲਾ ਗਲੋਂ ਉਤਾਰਕੇ ਆਜ਼ਾਦੀ ਸੰਗਰਾਮ ਦਾ ਇੱਕ ਮਹੱਤਵਪੂਰਨ ਪੜਾਅ ਪੂਰਾ ਕਰ ਲਿਆ ਸੀ। ਪਿਛਲੇ 36 ਸਾਲ ਦਾ ਇਤਿਹਾਸ ਸੰਕੇਤ ਕਰਦਾ ਹੈ ਕਿ ਸਾਡੇ ਨਵੇਂ ਦੇਸੀ ਹੁਕਮਰਾਨ ਬੁਨਿਆਦੀ ਤੌਰ 'ਤੇ ਅੰਗਰੇਜ਼ ਹੁਕਮਰਾਨਾਂ ਵਰਗੇ ਹੀ ਹਨ। ਪੂਰਨ ਆਜ਼ਾਦੀ ਦੀ ਉਸ ਮੰਜ਼ਲ ਦੀ ਪ੍ਰਾਪਤੀ ਲਈ ਹਰ ਫਰੰਟ 'ਤੇ ਜੂਝਣ ਵਾਲੇ ਲੋਕ ਕਿਸੇ ਨਾ ਕਿਸੇ ਦਿਨ ਜ਼ਰੂਰ ਜਿੱਤਣਗੇ ਜਿਸ ਮੰਜ਼ਲ ਦੇ ਨਕਸ਼ ਸ਼ਹੀਦ ਭਗਤ ਸਿੰਘ ਅਤੇ ਹੋਰ ਕੌਮੀ ਸ਼ਹੀਦਾਂ ਨੇ ਚਿਤਰੇ ਸਨ - ਅਜਿਹਾ ਸਾਡਾ ਅਟੱਲ ਵਿਸ਼ਵਾਸ਼ ਹੈ!

ਸੁਰਿੰਦਰ ਧੰਜਲ

# ਡੈੱਥ ਸਰਟੀਫੀਕੇਟ

## ਕੇਸਰ ਸਿੰਘ ਨਾਵਲਿਸਟ

ਸ਼ੇਰੂ ਹੱਡਾਂ ਪੈਰਾਂ ਦਾ ਖੁਲ੍ਹਾ ਸੀ। ਕੱਦ ਵੀ ਉਸਦਾ ਚੰਗਾ ਸੀ — ਪੰਜ ਫੁਟ ਦੱਸ ਇੰਚ। ਉਸ ਦੇ ਵੱਡੇ ਵਡੇਰੇ ਸਦੀਆਂ ਤੋਂ ਆਪਣੇ ਪਿੰਡ ਦੇ ਕਿਸਾਨਾਂ ਦੀ ਸੇਪੀ ਕਰਦੇ ਆ ਰਹੇ ਸਨ। ਘਰ ਉਹਨਾਂ ਦਾ ਆਪਣਾ ਸੀ ਭਾਵੇਂ ਉਹ ਕੱਚਾ ਕ੍ਰੋਠਾ ਹੀ ਸੀ। ਲਵੇਰੀ ਵੀ ਹਮੇਸ਼ਾਂ ਉਹਨਾਂ ਦੇ ਕਿੱਲੇ ਬੱਧੀ ਹੁੰਦੀ। ਸ਼ੇਰੂ ਆਪਣੇ ਪਿਉ ਦਾ ਇਕੱਲਾ ਪੁੱਤ ਸੀ। ਨਾ ਕੋਈ ਭੈਣ ਨਾ ਭਰਾ। ਉਸ ਦੀ ਮਾਂ ਗੁਜ਼ਰ ਚੁਕੀ ਸੀ। ਉਸ ਦਾ ਪਿਓ ਮਿਹਰੂ ਕਦੇ ਟਿੱਕ ਕੇ ਘਰ ਨਾ ਬਹਿੰਦਾ। ਨੀਲੀ ਪੱਗ ਬੰਨ੍ਹ ਕੇ ਗਲ ਗਾਤਰਾ ਪਾ ਕੇ ਜਿਥੇ ਕੋਈ ਦੀਵਾਨ ਲਗਦਾ ਉਥੇ ਜਾ ਪਹੁੰਚਦਾ। ਉਸਨੇ ਮਿਹਰੂ ਤੋਂ ਮਿਹਰ ਸਿੰਘ ਬਣਨ ਦਾ ਬੜਾ ਉਪਰਾਲਾ ਕੀਤਾ ਪਰ ਮਿਹਰੂ ਹੀ ਰਿਹਾ। ਉਹ ਲੋਕਾਂ ਨੂੰ ਸਮਝਾਂਦਾ ਕਿ ਉਸ ਦਾ ਨਾਮ ਮਿਹਰ ਸਿੰਘ ਹੈ ਪਰ ਲੋਕੀਂ ਉਸ ਨੂੰ ਮਿਹਰੂ ਹੀ ਕਹਿੰਦੇ ਰਹੇ। ਸ਼ੇਰੂ ਨੇ ਸ਼ੇਰ ਸਿੰਘ ਬਣਨ ਵੱਲ ਕੋਈ ਧਿਆਨ ਨਾ ਦਿੱਤਾ। ਉਸ ਦੀ ਘਰ ਵਾਲੀ ਬੰਤੀ ਲੋਕਾਂ ਦੇ ਘਰਾਂ ਦੇ ਕੰਮ ਦੇ ਨਾਲ ਨਾਲ ਆਪਣੇ ਤਿੰਨਾਂ ਬੱਚਿਆਂ ਕਿਹਰੂ, ਸੀਤੋ ਤੇ ਮੀਤੋ ਦੀ ਦੇਖ ਭਾਲ ਵੀ ਕਰਦੀ।

ਮਹਿੰਗਾਈ ਵਧ ਗਈ। ਸ਼ੇਰੂ ਹੋਰਾਂ ਦੀ ਲਵੇਰੀ ਮਰ ਗਈ। ਬੱਚਿਆਂ ਨੂੰ ਦੁੱਧ ਦਹੀਂ ਮਿਲਣੋਂ ਹਟ ਗਿਆ। ਬੰਤੀ ਲੋਕਾਂ ਦੇ ਘਰੋਂ ਲੱਸੀ ਮੰਗਣ ਤੋਂ ਝਕਦੀ ਰਹਿੰਦੀ। ਕਿਹਰੂ ਦੂਜੀ ਜਮਾਤ ਵਿਚ ਪੜ੍ਹਦਾ ਸੀ। ਉਹ ਹਰ ਰੋਜ਼ ਬਾਕੀ ਮੁੰਡਿਆਂ ਵਾਂਗੂੰ ਆਨਾ ਦੁਆਨੀ ਮੰਗਣ ਲਗ ਪਿਆ। ਸ਼ੇਰੂ ਕੋਲ ਪੈਸੇ ਨਾ ਹੁੰਦੇ। ਉਹ ਉਸ ਨੂੰ ਅਗੋਂ ਝਿੜਕ ਦੇਂਦਾ। ਕਿਹਰੂ ਅਗੋਂ ਜ਼ਿਦ ਕਰਦਾ। ਸ਼ੇਰੂ ਨੇ ਇਕ ਦਿਨ ਗੁੱਸੇ ਵਿਚ ਆ ਕੇ ਕਿਹਰੂ ਨੂੰ ਚਪੇੜ ਕੱਢ ਮਾਰੀ। ਬੰਤੀ, ਸ਼ੇਰੂ ਦੇ ਗਲ ਪੈ ਗਈ। ਸ਼ੇਰੂ ਨੇ ਬੰਤੀ ਨੂੰ ਵੀ ਦੋ ਟਿਕਾਅ ਦਿੱਤੀਆਂ। ਬੰਤੀ ਰੋਟੀ ਲੈ ਕੇ ਖੂਹ ਉਤੇ ਨਾ ਗਈ। ਸ਼ੇਰੂ ਦਿਨ ਡੁਬੇ ਵੀ ਘਰ ਨਾ ਮੁੜਿਆ। ਉਹ ਭੁੱਖਾ ਭਾਣਾ ਸਾਰਾ ਦਿਨ ਖੇਤਾਂ ਵਿਚ ਕੰਮ ਕਰਦਾ ਰਿਹਾ।

ਹਨੇਰੇ ਹੋਏ ਉਹ ਢਿੱਲੇ ਢਿੱਲੇ ਕਦਮੀਂ ਘਰ ਵਲ ਮੁੜ ਰਿਹਾ ਸੀ। ਉਸ ਨੂੰ ਬੰਤੀ, ਕਿਹਰੂ, ਸੀਤੋ ਤੇ ਮੀਤੋ ਉਤੇ ਤਰਸ ਆ ਰਿਹਾ ਸੀ। ਉਸ ਨੂੰ ਕੁਝ ਨਹੀਂ ਸੀ ਸੁਝ ਰਿਹਾ ਕਿ ਕੀ ਕਰੇ ਤੇ ਕੀ ਨਾ ਕਰੇ। ਉਹ ਸੋਚ ਰਿਹਾ ਸੀ — "ਮੈਂ ਲਹੂ ਮੁੜ੍ਹਕਾ ਇਕ ਕਰਕੇ ਕੰਮ ਕਰਦਾ ਹਾਂ। ਫਿਰ ਵੀ ਆਪਣੇ ਟੱਬਰ ਦੀ ਪਾਲਣਾ ਨਹੀਂ ਕਰ ਸਕਦਾ। ਮੇਰੇ ਮਾਲਕ ਚੰਗਾ ਖਾਂਦੇ ਪੀਂਦੇ ਹਨ ਤੇ ਮੇਰੇ ਬੱਚੇ ਕਿਉਂ ਭੁੱਖੇ ਮਰਦੇ ਹਨ। ਇਹਨਾਂ ਕੋਲ ਜ਼ਮੀਨ ਕਿਉਂ ਹੈ ਤੇ ਮੇਰੇ ਕੋਲ ਕਿਉਂ ਨਹੀਂ। ਇਹ ਜੱਟ ਕਿਉਂ ਹਨ ਤੇ ਮੈਨੂੰ ਕਿਉਂ ਮਜ਼ਹਬੀ ਚੂੜ੍ਹਾ ਸੱਦਦੇ ਹਨ? ਉਹ ਨਿੰਮੋਝੂਣਾ ਹੋਇਆ ਇਨ੍ਹਾਂ ਖਿਆਲਾਂ ਵਿਚ ਡੁੱਬਾ ਘਰ ਦੇ ਨੇੜੇ ਪਹੁੰਚ ਗਿਆ। ਅਗੋਂ ਉਸ ਦਾ ਸਾਲਾ ਚੇਤੂ ਉਸ ਨੂੰ ਆ ਮਿਲਿਆ; ਉਸ ਨੇ ਸੋਚਿਆ ਕਿ ਬੰਤੀ, ਬੱਚਿਆਂ ਨੂੰ ਲੈ ਕੇ ਪੇਕੇ ਘਰ ਜਾ ਵੜੀ ਹੋਣੀ ਹੈ ਤੇ ਚੇਤੂ ਉਨ੍ਹਾਂ ਨੂੰ ਮੋੜ ਕੇ ਲਿਆਇਆ ਹੋਣਾ ਹੈ। ਉਸ ਨੇ ਝਿਜਕਦਿਆਂ ਝਿਜਕਦਿਆਂ ਬਰੂਹਾਂ ਅੰਦਰ ਪੈਰ ਰਖੇ। ਕਿਹਰੂ ਉਸ ਦੀਆਂ ਲੱਤਾਂ ਨੂੰ ਆ ਚਮੜਿਆ ਤੇ ਚੀਕ ਕੇ ਬੋਲਿਆ — "ਬਾਪੂ, ਬਾਪੂ! ਮਾਮਾ ਵਲੈਤ ਨੂੰ ਚਲਿਐ। ਚੱਲ ਅਸੀਂ ਵੀ ਚਲੀਏ। ਕਹਿੰਦੇ ਉਥੋਂ ਪੈਸੇ ਕਮਾ ਕੇ ਪੈਲੀਆਂ ਖ਼ੀਦੂ।"

ਚੇਤੂ ਨੇ ਵਲੈਤ ਪਹੁੰਚਦਿਆਂ ਹੀ ਪੈਸੇ ਭੇਜਣੇ ਸ਼ੁਰੂ ਕਰ ਦਿਤੇ। ਇਕ ਦਿਨ ਤੜਕੇ ਹੀ ਬੰਤੀ ਦੇ ਪਿਓ ਨੇ ਇਕ ਲਵੇਰੀ ਉਸਦੇ ਕਿਲ੍ਹੇ ਆ ਬੰਨ੍ਹੀ। ਜਦ ਤਕਾਲੀਂ ਜਿਹੀ ਸ਼ੇਰੂ ਖੇਤਾਂ ਵਿਚੋਂ ਘਰ ਮੁੜਿਆ ਤਾਂ ਆਪਣੇ ਕਿੱਲੇ ਲਵੇਰੀ ਬੰਨ੍ਹੀ ਵੇਖ ਕੇ ਹੈਰਾਨ ਹੋ ਗਿਆ। ਉਸਦਾ ਸਹੁਰਾ ਪਿਛਲੇ ਕਦਮੀਂ ਆਪਣੇ ਪਿੰਡ ਮੁੜ ਗਿਆ ਸੀ। ਉਹ ਵਾਹਣੀ ਮੰਜੀ ਉਤੇ ਲੰਮਾ ਪਿਆ ਸੋਚ ਰਿਹਾ ਸੀ ਕਿ ਜੇ ਚੇਤੂ ਵਲੈਤ ਜਾ ਕੇ ਪੈਸੇ ਕਮਾ ਸਕਦਾ ਹੈ ਤਾਂ ਮੈਂ ਵੀ ਜਾ ਕੇ ਕਮਾ ਸਕਦਾ ਹਾਂ। ਉਸ ਨੇ ਬੰਤੀ ਨਾਲ ਗੱਲ ਕੀਤੀ। ਬੰਤੀ ਨੇ ਉਤਰ ਦਿੱਤਾ — "ਚੇਤੂ ਤਾਂ ਛੜਾ ਛਾਂਡ ਸੀ। ਤੂੰ ਬੱਚੜਦਾਰ।"

ਸ਼ੇਰੂ ਹਰ ਵੇਲੇ, ਵਲੈਤ ਜਾਣ ਦੇ ਸੁਪਨੇ ਵੇਖਣ ਲਗ ਪਿਆ। ਚੇਤੂ ਨੇ ਕਰਾਇਆ ਰੱਖ ਦਿੱਤਾ। ਉਹ ਲੰਡਨ ਪਹੁੰਚ ਕੇ ਚੇਤੂ ਪਾਸ ਜਾ ਟਿਕਿਆ। ਚੇਤੂ ਨੇ ਉਸ ਨੂੰ ਆਪਣੇ ਨਾਲ ਹੀ ਕੰਮ ਲੁਆ ਲਿਆ। ਉਨ੍ਹਾਂ ਇਕ ਮਕਾਨ ਸਾਂਝਾ ਖਰੀਦ ਲਿਆ। ਸ਼ੇਰੂ, ਚੇਤੂ ਦੇ ਵਿਆਹ ਲਈ ਦੇਸੋਂ ਕੁੜੀ ਮੰਗਾਉਣ ਤੇ ਆਪਣੇ ਪਰਵਾਰ ਨੂੰ ਵੀ ਵਲੈਤ ਸੱਦਣ ਦੇ ਮਸੌਦੇ ਬਨਾਉਣ ਲੱਗ ਪਿਆ।

ਚੇਤੂ ਦਾ ਵਿਆਹ ਹੋ ਗਿਆ। ਸ਼ੇਰੂ ਨੇ ਪਰਵਾਰ ਮੰਗਵਾ ਲਿਆ। ਦੋਵੇਂ ਪਰਵਾਰ ਇਕੱਠੇ ਰਹਿਣ ਲੱਗ ਪਏ। ਕਿਹਰੂ ਦਸਵੀਂ ਪਾਸ ਕਰਕੇ ਆਇਆ ਸੀ। ਸੀਤੋ ਤੇ ਮੀਤੋ ਬਿਲਕੁਲ ਅਨਪੜ੍ਹ ਸਨ। ਉਹ ਵੀ ਜਵਾਨ ਹੋ ਗਈਆਂ ਸਨ।

ਬੰਤੀ, ਸੀਤੋ, ਮੀਤੋ ਤੇ ਚੇਤੂ ਦੀ ਵਹੁਟੀ ਚਾਰੇ ਘਰ ਬੈਠੀਆਂ ਸਵੈਟਰਾਂ ਉਣਨ ਦਾ ਕੰਮ ਕਰਦੀਆਂ ਰਹਿੰਦੀਆਂ । ਉਨ ਦੇਕੇ ਜਾਣ ਵਾਲਾ ਭਾਈ ਹਫਤੇ ਪਿਛੋਂ ਉਣੇ ਸਵੈਟਰ ਲੈ ਕੇ ਪੈਸੇ ਦੇ ਜਾਂਦਾ । ਉਨ੍ਹਾਂ ਦਾ ਗੁਜ਼ਾਰਾ ਚੰਗਾ ਚਲਣ ਲਗ ਪਿਆ । ਕਿਹਰੂ ਦਿਨੇ ਕੰਮ ਕਰਦਾ ਤੇ ਰਾਤੀਂ ਪੜ੍ਹਨ ਚਲਾ ਜਾਂਦਾ । ਉਸ ਨੇ ਸ਼ੇਰੂ ਦੇ ਕਹਿਣ ਤੇ ਕੰਪਨੀ ਦਾ ਫਾਰਮ ਭਰ ਦਿੱਤਾ ਸੀ ਕਿ ਉਹ ਵਿਆਹਿਆ ਹੋਇਆ ਹੈ ਤਾਕਿ ਇਨਕਮ ਟੈਕਸ ਵਿਚ ਛੋਟ ਹੋ ਸਕੇ ।

ਵਲੈਤ ਰਹਿ ਕੇ ਸ਼ੇਰੂ, ਸ਼ੇਰ ਸਿੰਘ, ਚੇਤੂ ਚੇਤ ਸਿੰਘ ਤੇ ਕਿਹਰੂ, ਕਿਹਰ ਸਿੰਘ ਹੋ ਗਿਆ ਸੀ । ਉਹ ਬਾਕੀ ਲੋਕਾਂ ਵਾਂਗੂੰ ਸੂਟ ਬੂਟ ਪਾ ਕੇ ਰਖਦੇ । ਉਨ੍ਹਾਂ ਨੂੰ ਇਵੇਂ ਜਾਪਿਆ ਜਿਵੇਂ ਲੋਕੀਂ ਉਨ੍ਹਾਂ ਨਾਲ ਵਿਤਕਰਾ ਕਰਨੋਂ ਵੀ ਹੱਟ ਗਏ ਹੋਣ । ਸ਼ੇਰੂ ਆਪ ਅਨਪੜ੍ਹ ਸੀ ਪਰ ਮਾੜੀ ਮੋਟੀ ਪੰਜਾਬੀ ਪੜ੍ਹ ਲੈਂਦਾ ਸੀ। ਜਦ ਉਹ ਆਪਣੇ ਪੁੱਤਰ ਨੂੰ ਅੰਗਰੇਜ਼ੀ ਬੋਲਦਿਆਂ ਵੇਖਦਾ ਤਾਂ ਫੁਲਿਆ ਨਾ ਸਮਾਂਦਾ । ਕਿਹਰ ਪੜ੍ਹਦਾ ਪੜ੍ਹਦਾ ਰੇਡੀਓ ਤੇ ਟੈਲੀਵੀਜ਼ਨ ਦਾ ਮਕੈਨਿਕ ਬਣ ਗਿਆ । ਘਰ ਵਿਚ ਉਸ ਦਾ ਵਿਆਹ ਕਰਨ ਦੀਆਂ ਗੱਲਾਂ ਤੁਰੀਆਂ ਰਹਿੰਦੀਆਂ ਪਰ ਉਹ ਕਿਸੇ ਦੀ ਨਾ ਸੁਣਦਾ ।

ਇਕ ਐਤਵਾਰ ਨੂੰ ਕਿਹਰ ਇਕ ਗੋਰੀ ਕੁੜੀ ਨੂੰ ਘਰ ਲੈ ਆਇਆ । ਘਰ ਦੇ ਸਾਰੇ ਜੀਅ ਆਪਣੇ ਘਰ ਵਿਚ ਇਕ ਗੋਰੀ ਕੁੜੀ ਨੂੰ ਵੇਖ ਕੇ ਬੜੇ ਖੁਸ਼ ਹੋਏ ਪਰ ਜਦ ਉਸ ਨੇ ਦਸਿਆ ਕਿ ਉਹ ਸ਼ੈਲੀ ਨਾਲ ਵਿਆਹ ਕਰਨ ਦਾ ਇਕਰਾਰ ਕਰ ਚੁਕਾ ਹੈ ਤਾਂ ਸਾਰੇ ਹੈਰਾਨ ਹੋ ਗਏ । ਘਰ ਦਿਆਂ ਬੜਾ ਸਮਝਾਇਆ ਪਰ ਉਸ ਨੇ ਕਿਸੇ ਦੀ ਨਾ ਸੁਣੀ । ਜਦ ਉਹ ਵਿਆਹ ਦੀਆਂ ਤਿਆਰੀਆਂ ਕਰਨ ਲੱਗਾ ਤਾਂ ਜਾ ਕੇ ਉਸ ਨੂੰ ਸਮਝ ਆਈ ਕਿ ਉਸ ਨੇ ਤਾਂ ਪਹਿਲੋਂ ਹੀ ਝੂਠਾ ਮੂਠਾ ਵਿਆਹ ਲਿਖਵਾਇਆ ਹੋਇਆ ਹੈ । ਜਦ ਸ਼ੈਲੀ ਨੂੰ ਉਸ ਦੇ ਵਿਆਹ ਦੀ ਗਲ ਪਤਾ ਲੱਗੀ ਤਾਂ ਉਹ ਸ਼ੱਕ ਕਰਨ ਲਗ ਪਈ ।

ਉਹਨਾਂ ਦੇ ਘਰ ਵਿਚ ਕਲਾ ਪੈ ਗਈ । ਸ਼ੇਰ ਸਿੰਘ ਨੇ ਕਿਹਰ ਨਾਲ ਬੋਲਣਾ ਛੱਡ ਦਿੱਤਾ । ਬੰਤੀ ਹਰ ਵੇਲੇ ਚਿੜੀ ਚਿੜੀ ਸੀਤੋ ਤੇ ਮੀਤੋ ਉਤੇ ਵਰ੍ਹਦੀ ਰਹਿੰਦੀ । ਕਿਹਰ ਨੇ ਘਰ ਛੱਡ ਕੇ, ਸ਼ੈਲੀ ਨੂੰ ਨਾਲ ਲੈ ਕੇ ਵਖਰੇ ਰਹਿਣਾ ਸ਼ੁਰੂ ਕਰ ਦਿੱਤਾ । ਇਕੋ ਇਕੋ ਪੁੱਤਰ ਹੱਥੋਂ ਨਿਕਲਦਾ ਵੇਖ ਕੇ ਸ਼ੇਰ ਸਿੰਘ ਤੇ ਬੰਤੀ ਕਈ ਗੋਂਦਾਂ ਗੁੰਦਦੇ ਪਰ ਉਨ੍ਹਾਂ ਦੀ ਇਕ ਨਾ ਚਲਦੀ । ਸ਼ੇਰ ਸਿੰਘ ਨੇ ਕਿਹਰ ਨੂੰ ਦੇਸ ਲਿਜਾ ਕੇ ਉਸ ਦਾ ਵਿਆਹ ਕਰਨ ਦੀ ਗੋਂਦ ਗੁੰਦੀ ਪਰ ਉਹ ਵੀ ਸਿਰੇ ਨਾ ਚੜ੍ਹੀ । ਕਿਹਰ ਮਾਪਿਆਂ ਤੋਂ ਦੂਰ ਰਹਿਣ ਲਈ ਸ਼ੈਲੀ ਨੂੰ ਨਾਲ ਲੈ ਕੇ ਕਰਾਇਡਨ ਵੱਲ ਜਾ ਟਿਕਿਆ । ਉਹ ਟੈਲੀਫੂਨ ਉਤੇ ਆਪਣੀ ਮਾਂ, ਭੈਣਾਂ, ਮਾਮੇ ਤੇ ਮਾਮੀ ਨਾਲ ਗਲਾਂ ਕਰ ਲੈਂਦਾ ਪਰ ਆਪਣਾ ਫੋਨ ਨੰਬਰ ਤੇ ਘਰ ਦਾ ਪਤਾ ਨਾ ਦੱਸਦਾ ।

ਕਿਹਰ ਨੂੰ ਘਰ ਛੱਡਿਆ ਤਿੰਨ ਮਹੀਨੇ ਹੋ ਗਏ ਸਨ । ਸ਼ੇਰ ਸਿੰਘ, ਇਕੋ ਇਕ ਪੁੱਤ ਨੂੰ ਸਦਾ ਲਈ ਨਹੀਂ ਸੀ ਗੁਆਉਣਾ ਚਾਹੁੰਦਾ । ਇਕ ਦਿਨ ਅਚਾਨਕ ਹੀ ਉਸ ਨੇ ਦੇਸ ਜਾਣ ਦਾ ਟਿਕਟ ਲੈ ਲਿਆ । ਦੋਹਾਂ ਹਫਤਿਆਂ ਮਗਰੋਂ ਆਪਣੇ ਬਾਪੂ ਨੂੰ ਨਾਲ ਲੈ ਕੇ ਲੰਡਨ ਵਾਪਸ ਮੁੜ ਆਇਆ । ਜਦ ਕਿਹਰ ਦੀ ਟੈਲੀਫੋਨ ਆਈ ਤਾਂ ਉਸ ਨੇ ਬੰਤੀ ਦੇ ਹੱਥੋਂ ਟੈਲੀਫੋਨ ਫੜ ਕੇ ਕਿਹਾ — "ਮੈਂ ਤੇਰੀ ਪਹਿਲੀ ਵਾਈਫ ਦਾ ਡੈੱਥ ਸਰਟੀਫੀਕੇਟ ਲੈ ਆਇਆਂ । ਘਰ ਆ ਕੇ ਲੈ ਜਾਹ । ਫੇਰ ਜਿਥੇ ਖੇਹ ਖਾਣੀ ਉਂ ਖਾਂਦਾ ਫਿਰੀਂ ।" ਕਹਿ ਕੇ ਉਸ ਨੇ ਟੈਲੀਫੋਨ ਰੱਖ ਦਿਤੀ ।

ਬੰਤੀ ਨੇ ਸ਼ੇਰ ਸਿੰਘ ਦੇ ਕੋਲ ਸੋਫੇ ਉਤੇ ਬਹਿੰਦਿਆਂ ਪੁਛਿਆ — "ਜਿਹੜੀ ਕੁੜੀ ਜੰਮੀ ਹੀ ਨਹੀਂ, ਤੂੰ ਉਹਦੇ ਮਰਨ ਦਾ ਕਾਗਜ਼ ਕਿਤਰਾਂ ਲੈ ਆਇਐਂ ?"

ਸ਼ੇਰ ਸਿੰਘ ਨੇ ਉੱਚੀ ਉੱਚੀ ਹੱਸਦਿਆਂ ਉੱਤਰ ਦਿੱਤਾ — "ਚਾਂਦੀ ਦੀ ਜੁੱਤੀ ਨਾਲ । ਦਫਤਰਾਂ ਦੇ ਅੱਧ-ਭੁੱਖੇ ਕਲਰਕ ਅਣ-ਜੰਮੀਆਂ ਕੁੜੀਆਂ ਹੀ ਮਾਰਦੇ ਐ, ਉਹਨਾਂ ਦੇ ਸਾਹਬ ਤਾਂ ਦੁਪਹਿਰੇ ਤਾਰੇ ਤੋੜ ਵਿਖਾਂਦੇ ਐ ।" ਬੰਤੀ ਹੈਰਾਨੀ ਨਾਲ ਸ਼ੇਰ ਸਿੰਘ ਵਲ ਤੱਕ ਰਹੀ ਸੀ । ਸ਼ੇਰ ਸਿੰਘ ਦਾ ਚਿਹਰਾ ਹੱਸਦਾ ਹੱਸਦਾ ਪੀਲਾ ਪੈ ਰਿਹਾ ਸੀ ।

(SURREY, B. C.)


# Jay's Travel Ltd.

Jay's Travel Ltd.

10015 - 82 Avenue, Edmonton Alta. T6E 1Z2
(Ph. 403(432-7017)

## COMPLETE TRAVEL SERVICE—WORLDWIDE

*Reservations for Airlines, Steamships, Group Cruises, Vacation Planning, All Inclusive Packages, Hotels, Rent A Car, Tours*

## UNBEATABLE RATES TO

*India, Pakistan, Sri Lanka, East Africa and Lebanon*

ਕਹਾਣੀ

# ਫ਼ਾਸਲਾ

**ਬਲਬੀਰ ਸਿੰਘ ਮੋਮੀ**

ਦੇਸ਼ ਦੀ ਵੰਡ ਨੂੰ ਭਾਵੇਂ ਕਈ ਵਰ੍ਹੇ ਹੋ ਗਏ ਸਨ। ਇਨ੍ਹਾਂ ਕਈ ਵਰ੍ਹਿਆਂ ਵਿਚ ਦੋਹਾਂ ਦੇਸ਼ਾਂ ਵਿਚਕਾਰ ਦੋ ਲੜਾਈਆਂ ਵੀ ਲੜੀਆਂ ਜਾ ਚੁਕੀਆਂ ਸਨ ਪਰ ਤਾਂ ਵੀ ਕਰਤਾਰ ਸਿੰਘ ਦੇ ਮਨ ਵਿਚ ਉਸ ਧਰਤੀ ਲਈ ਮੋਹ ਨਹੀਂ ਸੀ ਘਟਿਆ ਜੋ ਉਹ ਪਾਕਿਸਤਾਨ ਵਿਚ ਛੱਡ ਕੇ ਆਇਆ ਸੀ। ਉਹਦੀ ਹਯਾਤੀ ਦਾ ਇਕ ਵੀ ਦਿਨ ਜਾਂ ਰਾਤ ਏਸ ਤਰ੍ਹਾਂ ਨਹੀਂ ਸੀ ਬੀਤੀ ਜਦੋਂ ਉਹ ਖਿਆਲਾਂ ਜਾਂ ਸੁਪਨੇ ਵਿਚ ਕਮ ਅਜ਼ ਕਮ ਇਕ ਵਾਰ ਆਪਣੇ ਪਿੰਡ ਨਾ ਜਾ ਕੇ ਆਇਆ ਹੋਵੇ। ਉਹ ਪਿੰਡ, ਜਿਥੇ ਉਹਦਾ ਬਚਪਨ ਬੀਤਿਆ ਸੀ ਤੇ ਜਵਾਨੀ ਚੜ੍ਹੀ ਸੀ। ਜਿਸ ਪਿੰਡ ਵਿਚ ਉਹਦੇ ਦੋ ਬਾਗ਼ ਤੇ ਅੰਤਾਂ ਦੀ ਜ਼ਮੀਨ ਸੀ। ਜਿਥੇ ਉਹਨੇ ਪਿੰਡ ਲਾਗਲੀ ਨਹਿਰ ਵਿਚ ਤੱਤੇ ਰੇਤੇ ਤੇ ਲੇਟ ਲੇਟ ਠੰਡੇ ਪਾਣੀਆਂ ਵਿਚ ਚੁਭੀਆਂ ਮਾਰੀਆਂ ਸਨ। ਜਿਥੇ ਉਹਨੇ ਹਰੀਆਂ ਚਰਾਂਦਾ ਵਿਚ ਮੱਝਾਂ ਚਾਰੀਆਂ ਤੇ ਮਲ੍ਹਿਆਂ ਦੇ ਬੇਰ, ਵਣਾਂ ਦੀਆਂ ਪੀਲਾਂ ਤੇ ਕਰੀਰਾਂ ਦੇ ਪੇਂਝੂ ਤੋੜ ਕੇ ਖਾਧੇ ਸਨ। ਜਿਥੇ ਪਿੰਡ ਦੇ ਮਦਰੱਸੇ ਵਿਚ ਉਹਨੇ ਮੁਢਲੀ ਤਾਲੀਮ ਹਾਸਲ ਕੀਤੀ ਸੀ। ਜਿਥੇ ਉਹਦੇ ਬਚਪਨ ਦੇ ਬਣੇ ਦੋਸਤ, ਬਸ਼ੀਰਾ ਤੇ ਅੱਲਾਦਿਤਾ ਉਹਨੂੰ ਅਜੇ ਤੱਕ ਨਹੀਂ ਸੀ ਭੁੱਲ ਰਹੇ। ਭਾਵੇਂ ਉਹ ਮੁਸਲਮਾਨ ਸਨ ਪਰ ਕਰਤਾਰ ਉਨ੍ਹਾਂ ਦੇ ਘਰ ਅਕਸਰ ਰੋਟੀ ਪਾਣੀ ਖਾ ਪੀ ਆਉਂਦਾ ਤੇ ਉਹ ਵੀ ਇਨ੍ਹਾਂ ਦੇ ਘਰੋਂ ਖਾ ਪੀ ਜਾਂਦੇ। ਬਸ਼ੀਰੇ ਤੇ ਅੱਲਾਦਿਤੇ ਨਾਲ ਰਲ ਕੇ ਕਰਤਾਰ ਨੇ ਬਚਪਨ ਵਿਚ ਕਈ ਵੇਰ ਡਾਕ ਬੰਗਲੇ ਵਿਚੋਂ ਫੁਲ ਤੋੜੇ ਸਨ। ਫੁੱਲਾਂ ਦੀ ਚੋਰੀ ਕਰਦਿਆਂ ਇਨ੍ਹਾਂ ਤਿੰਨਾਂ ਨੂੰ ਕਿੰਨਾ ਸੁਆਦ ਆਉਂਦਾ ਹੁੰਦਾ ਸੀ। ਇਕ ਵਾਰ ਉਹ ਤਿੰਨੇ ਫੜੇ ਵੀ ਗਏ ਸਨ ਪਰ ਡਾਕ ਬੰਗਲੇ ਦੇ ਮਾਲੀ ਨੇ ਇਹ ਵੇਖ ਕੇ ਛੱਡ ਦਿਤੇ ਕਿ ਸਿੱਖਾਂ ਦੇ ਮੁੰਡੇ ਦੀ ਮੁਸਲਮਾਨਾਂ ਦੇ ਮੁੰਡਿਆਂ ਨਾਲ ਕਿੰਨੀ ਗੂੜ੍ਹੀ ਯਾਰੀ ਹੈ।

ਜਦੋਂ ਦੇਸ਼ ਦੀ ਵੰਡ ਹੋਈ ਤਾਂ ਬਸ਼ੀਰਾ ਤੇ ਅੱਲਾਦਿਤਾ ਕਰਤਾਰ ਦੇ ਗਲ ਲੱਗ ਲੱਗ ਕੇ ਰੋਏ ਸਨ। ਉਹ ਨਹੀਂ ਚਾਹੁੰਦੇ ਸਨ ਕਿ ਕਰਤਾਰ ਏਥੋਂ ਚਲਾ ਜਾਵੇ। ਜਦੋਂ ਕਰਤਾਰ ਹੋਰੀਂ ਪਿੰਡ ਛੱਡ ਕੇ ਟੁਰੇ ਤਾਂ ਬਸ਼ੀਰਾ ਤੇ ਅੱਲਾਦਿਤਾ ਦੋਵੇਂ ਕਰਤਾਰ ਦੇ ਗੱਡੇ ਪਿੱਛੇ ਰੋਂਦੇ ਰੋਂਦੇ ਤੁਰੇ ਆਉਂਦੇ ਸਨ ਕਿ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਹਟਕ ਕੇ ਪਿਛੇ ਮੋੜ ਕੇ ਲੈ ਗਏ। ਕਰਤਾਰ ਨੂੰ ਅੱਜ ਤੱਕ ਇਹ ਦਿਲ ਚੀਰਵੀਂ ਝਾਕੀ ਨਹੀਂ ਸੀ ਭੁੱਲੀ। ਉਹਨੂੰ ਅਨੇਕਾਂ ਵਰ੍ਹੇ ਬੀਤਣ ਪਿਛੋਂ ਵੀ ਏਦਾਂ ਲਗਦਾ ਜਿਵੇਂ ਉਹਦਾ ਸਿਰ ਅਜੇ ਵੀ ਓਸ ਗੱਡੇ ਤੇ ਬੈਠਾ ਰੋਂਦੇ ਹੋਏ ਬਸ਼ੀਰੇ ਤੇ ਅੱਲਾਦਿਤੇ ਨੂੰ ਵੇਖ ਰਿਹਾ ਸੀ। ਪਰ ਉਹਦੇ ਪੈਰ ਤੁਰਦੇ ਤੁਰਦੇ ਬੜੀ ਦੂਰ ਨਿਕਲ ਗਏ ਸਨ। ਕਰਤਾਰੇ ਨੇ ਅਕਸਰ ਸਿਰ ਤੇ ਪੈਰਾਂ ਦੇ ਫਾਸਲੇ ਨੂੰ ਮਿਲਾ ਕੇ ਚਲਣਾ ਚਾਹਿਆ ਪਰ ਪੈਰ ਸਿਰ ਨਾਲ ਸਮਝੌਤਾ ਹੀ ਨਹੀਂ ਕਰ ਰਹੇ ਸਨ। ਸਿਰ ਤੇ ਪੈਰਾਂ ਦੇ ਇਸ ਵਧਦੇ ਜਾਂਦੇ ਫਾਸਲੇ ਨੂੰ ਵੇਖ ਕੇ ਉਹ ਉਦਾਸ ਹੋ ਜਾਂਦਾ ਸੀ। ਜਦੋਂ ਉਹ ਬਹੁਤ ਉਦਾਸ ਹੋ ਜਾਂਦਾ ਤਾਂ ਬਾਰਡਰ ਤੇ ਚਲਾ ਜਾਂਦਾ। ਓਥੇ ਪਾਕਿਸਤਾਨ 'ਚੋਂ ਆ ਰਹੇ ਯਾਤਰੀਆਂ ਤੇ ਹਿੰਦੁਸਤਾਨ ਚੋਂ ਜਾ ਰਹੇ ਮੁਸਾਫ਼ਰਾਂ ਨੂੰ ਬੜੀ ਗਹੁ ਨਾਲ ਵੇਖਦਾ ਤੇ ਗੂੰਗੀ ਜ਼ਬਾਨ ਨਾਲ ਹੀ ਉਨ੍ਹਾਂ ਹੱਥ ਸੁਨੇਹੇ ਭੇਜਦਾ ਆਪਣੇ ਮਿੱਤਰਾਂ ਨੂੰ, ਆਪਣੀ ਧਰਤੀ ਨੂੰ ਜਿਥੇ ਉਹਦੇ ਵਡੇ ਵਡੇਰਿਆਂ ਦੀ ਖ਼ਾਕ ਮਿੱਟੀ ਵਿਚ ਰਲੀ ਹੋਈ ਸੀ।

ਪਾਕਿਸਤਾਨ 'ਚੋਂ ਆ ਰਹੇ ਯਾਤਰੀਆਂ ਨੂੰ ਕਈ ਵੇਰਾਂ ਉਹ ਆਪਣੇ ਘਰ ਲੈ ਆਉਂਦਾ। ਉਨ੍ਹਾਂ ਦੀ ਖ਼ਾਤਰ-ਤਵਾਜ਼ਾ ਕਰਦਾ, ਤਰ੍ਹਾਂ ਤਰ੍ਹਾਂ ਦੇ ਖਾਣੇ ਪਰੋਸਦਾ। ਉਨ੍ਹਾਂ ਦੇ ਆਰਾਮ ਦਾ ਖ਼ਿਆਲ ਰਖਦਾ ਜਿਥੇ ਉਨ੍ਹਾਂ ਜਾਣਾ ਹੁੰਦਾ, ਓਥੇ ਪਹੁੰਚਣ ਦਾ ਤਸੱਲੀ ਬਖਸ਼ ਇੰਤਜ਼ਾਮ ਕਰਦਾ ਤੇ ਉਨ੍ਹਾਂ ਨੂੰ ਏਨਾ ਹੀ ਸੁਨੇਹਾ ਦੇਂਦਾ ਕਿ ਮੇਰਾ ਸਲਾਮ ਕਹਿਣਾ, ਉਨ੍ਹਾਂ ਦੋਸਤਾਂ ਨੂੰ, ਉਨ੍ਹਾਂ ਰੁੱਖਾਂ ਨੂੰ, ਉਨ੍ਹਾਂ ਖੇਤਾਂ ਨੂੰ, ਉਨ੍ਹਾਂ ਨਹਿਰਾਂ ਨੂੰ, ਬਾਗਾਂ ਨੂੰ, ਛਪੜਾਂ ਨੂੰ, ਮਦਰਸੇ ਨੂੰ, ਲੋਕਾਂ ਨੂੰ, ਕੀ ਹੋਇਆ ਜੇ ਅਸੀਂ ਦੂਰ ਹੋ ਗਏ ਹਾਂ, ਸਾਡੇ ਦਿਲ ਵਿਚੋਂ ਇਕ ਨੇ। ਜੋ ਸਾਡੀਆਂ ਮਜ਼ਬੂਰੀਆਂ ਉਰਲੇ ਪਾਸੇ ਹਨ। ਉਹੀ ਮਜਬੂਰੀਆਂ ਪਰਲੇ ਪਾਸੇ ਹਨ। ਉਹੀ ਮਜਬੂਰੀਆਂ ਪਰਲੇ ਪਾਸੇ ਹਨ। ਜੋ ਉਰਲੇ ਪਾਸੇ ਸਾਡੇ ਦਿਲ ਧੜਕਦੇ ਹਨ ਸੱਜਣਾਂ ਦੇ ਗੋਰੇ ਮੁੱਖਾਂ ਨੂੰ ਵੇਖਣ ਲਈ ਤਾਂ ਉਹ ਵੀ ਤਾਂਘਦੇ ਹਨ ਸਾਡੇ ਨਾਲ ਜੱਫੀਆਂ ਪਾਣ ਲਈ। ਲੜਾਈਆਂ ਝਗੜੇ ਤਾਂ ਭਰਾਵਾਂ ਵਿਚ ਹੁੰਦੇ ਹੀ ਆਏ ਹਨ, ਸਾਡੀ ਤਹਿਜ਼ੀਬ ਸਾਡੀ ਬੋਲੀ, ਸਾਡੇ ਕਈ ਰਸਮੋਰਿਵਾਜ, ਸਾਡੇ ਲੋਕ ਗੀਤ ਤੇ ਸਾਡੇ ਜਜ਼ਬੇ ਸਾਂਝੇ ਹਨ। ਸਾਡੀ ਹਵਾ ਸਾਂਝੀ ਹੈ। ਸਾਡਾ ਪਾਣੀ ਇਕ ਹੈ। ਇਕ ਦਿਨ ਸਾਡੀ ਦੋਸਤੀ ਸਾਡੀ ਸਾਂਝ ਇਕ ਮਿਕ ਹੋ ਜਾਣੀ ਹੈ। ਅਸੀਂ ਰਲ ਕੇ

ਅਮਲਾਂ ਦੀ ਗੱਲ ਕਰਨੀ ਹੈ। ਇਕ ਮਿਕ ਹੋਣ ਦੀ ਗੱਲ ਕਰਨੀ ਹੈ।

ਇਸ ਤਰ੍ਹਾਂ ਦੇ ਸੁਨੇਹੇ ਦੇਣ ਪਿਛੋਂ ਫਿਰ ਕਰਤਾਰ ਦੇ ਕਈ ਦਿਨ ਸੌਖੇ ਲੰਘ ਜਾਂਦੇ। ਉਹ ਹੌਲਾ ਫੁੱਲ ਮਹਿਸੂਸ ਕਰਦਾ, ਜਿਵੇਂ ਉਹਦੇ ਸਿਰ ਤੋਂ ਇਕ ਭਾਰ ਲਹਿ ਗਿਆ ਹੋਵੇ। ਜੇਕਰ ਕੋਈ ਆਦਮੀ ਉਹ ਦੇ ਅੱਗੇ ਪਾਕਿਸਤਾਨ ਦੀ ਬਦਨਾਮੀ ਕਰਦਾ ਤਾਂ ਉਹ ਅੱਗੋਂ ਝਾੜ ਦੇਂਦਾ। "ਇਹ ਸਾਰੇ ਝਗੜੇ ਝੇੜੇ ਮਤਲਬ ਪ੍ਰਸਤ ਲੋਕਾਂ ਦੇ ਖੜੇ ਕੀਤੇ ਗਏ ਹਨ। ਵਿਚੋਂ ਦਿਲ ਬੇਤਾਬ ਨੇ ਇਕ ਦੂਜੇ ਦੇ ਦਰਸ਼ਨ ਦੀਦਾਰਾਂ ਲਈ"। ਉਹ ਦਲੀਲਾਂ ਦੇਂਦਾ।

ਉਹਨੂੰ ਉਹ ਲੋਕ ਬੜੇ ਚੰਗੇ ਲਗਦੇ ਜੋ ਪਾਕਿਸਤਾਨੋਂ ਆ ਕੇ ਇਹ ਖਬਰਾਂ ਦੇਂਦੇ, "ਓਥੋਂ ਦੇ ਲੋਕ ਵੀ ਬੜਾ ਪਿਆਰ ਕਰਦੇ ਹਨ, ਏਧਰਲਿਆਂ ਨੂੰ, ਕਿਧਰੇ ਕੋਈ ਪੈਸਾ ਨਹੀਂ ਖਰਚ ਹੋਣ ਦੇਂਦੇ। ਟਾਂਗਿਆਂ ਵਾਲੇ ਕਿਰਾਇਆ ਨਹੀਂ ਲੈਂਦੇ। ਗਲ ਲੱਗ ਲੱਗ ਕੇ ਰੋਂਦੇ ਨੇ, ਖੈਰ ਸੁੱਖ ਪੁੱਛਦੇ ਨੇ। ਆਉਣ ਲਗਿਆਂ ਬਦਾਮਾਂ ਤੇ ਕਿਸ਼ਮਿਸ਼ ਨਾਲ ਝੋਲੀਆਂ ਭਰ ਦੇਂਦੇ ਨੇ। ਉਨ੍ਹਾਂ ਦੇ ਦਿਲਾਂ ਵਿਚ ਵੀ ਕੋਈ ਵੈਰ ਨਹੀਂ ਹੈ।" ਕਰਤਾਰ ਸਿੰਘ ਇਸ ਤਰ੍ਹਾਂ ਦੀਆਂ ਗੱਲਾਂ ਦੱਸਣ ਵਾਲਿਆਂ ਨੂੰ ਕਹਿੰਦਾ ਕਿ ਇਕ ਵਾਰਾਂ ਉਹ ਫੇਰ ਮੁੱਢ ਤੋਂ ਉਥੇ ਬਾਰੇ ਸਾਰੀ ਗੱਲ ਸੁਣਾਉਣ।

ਫਿਰ ਇਕ ਬੜੀ ਅਨੋਖੀ ਘਟਨਾ ਕਰਤਾਰ ਸਿੰਘ ਨਾਲ ਵਾਪਰੀ। ਪਾ.ਕਸਤਾਨ ਨਾਲ ਜੰਗ ਹੋ ਕੇ ਹਟੀ ਨੂੰ ਅਜੇ ਥੋੜ੍ਹਾ ਚਿਰ ਹੀ ਹੋਇਆ ਸੀ। ਉਹਦਾ ਜੀ ਕੀਤਾ ਕਿ ਜਾ ਕੇ ਵੇਖੇ ਕਿ ਹੱਦਾਂ ਤੇ ਵਸਦੇ ਪਿੰਡਾਂ ਦਾ ਕੀ ਹਾਲ ਹੋ ਗਿਆ ਹੈ। ਉਨ੍ਹਾਂ ਪਿੰਡਾਂ ਨੂੰ ਤੇ ਪਿੰਡ ਦੇ ਲੋਕਾਂ ਨੂੰ ਮੁੜ ਵੱਸਣ ਵਿਚ ਕਿੰਨਾਂ ਕੁ ਕਿਰ ਲਗੇਗਾ ਤੇ ਕਿੰਨੀਆਂ ਕੁ ਤਕਲੀਫ਼ਾਂ ਪੇਸ਼ ਆਉਣਗੀਆਂ।

ਉਜੜੇ ਪਿੰਡਾਂ ਦੀ ਝਾਕੀ ਬੜੀ ਦੁਖਦਾਇਕ ਸੀ। ਢੱਠੇ ਖੋਲੇ ਭਾਂ ਭਾਂ ਕਰ ਰਹੇ ਸਨ। ਪਿੰਡ ਵਿਚ ਕੋਈ ਜੀ ਨਹੀਂ ਸੀ। ਕਿਧਰੇ ਕਿਧਰੇ ਕੁੱਤੇ ਤੁਰੇ ਫਿਰਦੇ ਦਿਸਦੇ ਸਨ ਜੋ ਮੋਏ ਪਸ਼ੂਆਂ ਦਾ ਮਾਸ ਚੂੰਡ ਰਹੇ ਸਨ। ਫਸਲਾਂ ਉਜੜੀਆਂ ਪਈਆਂ ਸਨ। ਕਰਤਾਰ ਸਿੰਘ ਪਿੰਡ ਵਿਚ ਹੋਰ ਅਗਾਂਹ ਅਪੜਿਆ ਤਾਂ ਓਸ ਸੜੇ, ਧੁਆਂਖੇ, ਘਰ, ਮੈਲੀਆਂ ਤਲਾਈਆਂ ਤੇ ਕੂੜੇ ਕਰਕਟ ਦੇ ਢੇਰ ਵੇਖੇ।

ਉਹ ਹੋਰ ਅੱਗੇ ਵਧਿਆ ਤਾਂ ਉਸ ਵੇਖਿਆ ਇਕ ਮੈਲਾ ਕੁਚੈਲਾ ਬਿਮਾਰ ਜਿਹਾ ਅੱਠ ਦਸ ਸਾਲਾਂ ਦਾ ਮੁੰਡਾ ਸੁੱਕੀ ਡਬਲ ਰੋਟੀ ਦੇ ਟੁਕੜੇ ਚੱਬ ਰਿਹਾ ਸੀ।

ਕਰਤਾਰ ਸਿੰਘ ਨੂੰ ਵੇਖ ਕੇ ਮੁੰਡਾ ਬਿਲਕੁਲ ਹੀ ਨਾ ਘਬਰਾਇਆ। ਇਹ ਵੇਖ ਕੇ ਕਰਤਾਰ ਸਿੰਘ ਦਾ ਹੌਸਲਾ ਵਧ ਗਿਆ। ਉਹ ਹੌਲੀ ਹੌਲੀ ਮੁੰਡੇ ਦੇ ਕੋਲ ਚਲਾ ਗਿਆ ਤੇ ਉਹਦੇ ਸਿਰ ਤੇ ਹੱਥ ਫੇਰਿਆ। ਮੁੰਡਾ ਮੂੰਹ ਉਤਾਂਹ ਕਰਕੇ ਕਰਤਾਰ ਸਿੰਘ ਵੱਲ ਵੇਖਣ ਲੱਗਾ।

"ਕਾਕਾ ਤੈਨੂੰ ਮੇਰੇ ਕੋਲੋਂ ਡਰ ਨਹੀਂ ਆਉਂਦਾ ?"

ਮੁੰਡੇ ਨੇ ਨਾਂਹ ਵਿਚ ਸਿਰ ਫੇਰਿਆ।

"ਤੇਰਾ ਨਾਂ ਕੀ ਏ ਕਾਕਾ ?"

"ਅੱਲਾ ਰੱਖਾ" ਮੁੰਡੇ ਨੇ ਭੋਲੇ ਭਾ ਉਤਰ ਦਿੱਤਾ।

"ਤੇਰੇ ਮਾਂ ਪਿਓ ਕਿਥੇ ਨੇ ?"

ਇਸ ਸਵਾਲ ਦਾ ਮੁੰਡੇ ਨੇ ਕੋਈ ਉੱਤਰ ਨਾ ਦਿੱਤਾ ਤੇ ਅੱਖਾਂ ਵਿਚ ਗਲੇਡੂ ਭਰ ਆਇਆ। ਕਰਤਾਰ ਸਿੰਘ ਨੂੰ ਸਾਰੀ ਗੱਲ ਸਮਝਣ ਵਿਚ ਕੋਈ ਦੇਰ ਨਾ ਲੱਗੀ। ਕਰਤਾਰ ਸਿੰਘ ਨੇ ਇਹ ਵੀ ਅੰਦਾਜ਼ਾ ਲਾ ਲਿਆ ਸੀ ਕਿ ਫੌਜੀ ਵੇਲੇ ਕੁਵੇਲੇ ਏਸ ਮੁੰਡੇ ਨੂੰ ਕੇਕ, ਬਿਸਕੁਟ, ਡਬਲ ਰੋਟੀ ਵਗੈਰਾ ਦੇ ਜਾਂਦੇ ਰਹੇ ਸਨ।

ਕਰਤਾਰ ਸਿੰਘ ਨੂੰ ਮੁੰਡੇ ਤੇ ਬੜਾ ਤਰਸ ਆਇਆ।

"ਬੱਚੂ, ਮੇਰੇ ਨਾਲ ਚਲੇਂਗਾ ?" ਕਰਤਾਰ ਸਿੰਘ ਨੇ ਪੁੱਛਿਆ।

"ਕਿੱਥੇ ?"

"ਏਥੇ ਲਾਗੇ ਈ ਸਾਡਾ ਪਿੰਡ ਹੈ। ਉਥੇ ਘਰ ਵਿਚ ਤੈਨੂੰ ਸਾਰੇ ਆਰਾਮ ਮਿਲਣਗੇ।"

"ਮੈਥੋਂ ਟੁਰਿਆ ਈ ਨਹੀਂ ਜਾਂਦਾ...... ਮੇਰੀਆਂ ਤੇ ਲੱਤਾਂ......"

ਕਰਤਾਰ ਸਿੰਘ ਨੇ ਦੇਖਿਆ, ਮੁੰਡੇ ਦੀਆਂ ਦੋਵੇਂ ਲੱਤਾਂ ਮਰੀਆਂ ਹੋਈਆਂ ਹਨ।

"ਮੈਂ ਤੈਨੂੰ ਚੁੱਕ ਕੇ ਲੈ ਚੱਲਾਂਗਾ।"

"ਹਲਾ, ਉਥੇ ਮੈਨੂੰ ਕੋਈ ਮਾਰੇਗਾ ਤਾਂ ਨਹੀਂ ?"

"ਨਹੀਂ ਨਹੀਂ ਤੇਰੀ ਵਾ ਵੱਲ ਵੀ ਕੋਈ ਨਹੀਂ ਵੇਖ ਸਕਦਾ। ਜਦੋਂ ਅਮਨ ਅਮਾਨ ਹੋ ਜਾਵੇਗਾ ਤਾਂ ਮੈਂ ਫੇਰ ਤੈਨੂੰ ਤੇਰੇ ਪਿੰਡ ਛੱਡ ਜਾਵਾਂਗਾ"। ਮੁੰਡੇ ਨੇ ਆਪਣੇ ਉਜੜੇ ਪਿੰਡ ਵੱਲ ਵੇਖਿਆ ਤੇ ਉਹਦੀਆਂ ਅੱਖਾਂ ਭਰ ਆਈਆਂ।

"ਬੱਚੂ ਤੇਰੇ ਜੇਡੇ ਮੇਰੇ ਦੋ ਪੁੱਤਰ ਹਨ, ਤੂੰ ਉਹਨਾਂ ਨਾਲ ਖੇਡਿਆ ਕਰੀਂ, ਸਕੂਲੇ ਪੜ੍ਹਨ ਜਾਇਆ ਕਰੀਂ।"

ਇਹ ਆਖ ਕਰਤਾਰ ਸਿੰਘ ਨੂੰ ਇੰਜ ਜਾਪਿਆ ਜਿਵੇਂ ਬਸ਼ੀਰਾ, ਅੱਲਾਦਿਤਾ ਤੇ ਉਹ ਇਕੱਠੇ ਮਦਰਸੇ ਪੜ੍ਹਨ ਜਾ ਰਹੇ ਲਾਗਲੇ ਬਾਗ 'ਚੋਂ ਫੁੱਲ ਤੋੜਨ ਦੀਆਂ ਸਲਾਹਾਂ ਬਣਾ ਰਹੇ ਸਨ। ਕਰਤਾਰ ਸਿੰਘ ਅੱਲਾ ਰੱਖੇ ਨੂੰ ਮੋਢਿਆਂ ਤੇ ਚੁੱਕ ਕੇ ਪਿੰਡ ਲੈ ਆਇਆ। ਉਹਨੂੰ ਸਾਬਣ ਮਲ ਮਲ ਨੁਹਾਇਆ। ਨਵੇਂ ਕਪੜੇ ਸੁਆ ਕੇ ਦਿਤੇ। ਕੁਝ ਦਿਨ ਦੁਧ, ਦਹੀਂ ਤੇ ਘਿਓ ਖੁਆਇਆ ਤੇ ਮੁੰਡਾ ਦਿਨਾਂ ਵਿਚ ਹੀ ਟਹਿਕਣ ਲੱਗ ਪਿਆ। ਉਹ ਹੁਣ ਕਰਤਾਰ ਸਿੰਘ ਦੇ ਮੁੰਡਿਆਂ ਨਾਲ ਘੁਲ ਮਿਲ ਗਿਆ ਸੀ ਤੇ ਉਨ੍ਹਾਂ ਨਾਲ ਕਦੀ ਕਦੀ ਗੱਡੇ ਤੇ ਬਹਿ ਕੇ ਮੁਰੱਬੇ ਵੀ ਜਾ ਆਉਂਦਾ। ਕਦੀ ਕਦੀ ਉਨ੍ਹਾਂ ਨੂੰ ਆਪਣੇ ਪਿੰਡ ਦੀਆਂ, ਆਪਣੇ ਅੱਬਾ ਤੇ ਅੰਮੀ ਦੀਆਂ ਗੱਲਾਂ ਸੁਣਾਉਂਦਾ। ਕਦੀ ਕਦੀ ਮਿਰਜ਼ੇ ਦੀ ਸੱਦ

ਲਾਉਂਦਾ, ਹੀਰ ਦਾ ਬੈਂਤ ਗਾਉਂਦਾ ਤੇ ਲਾਹੌਰ ਵਿਚ ਵੇਖੀਆਂ ਦੋ ਪੰਜਾਬੀ ਫਿਲਮਾਂ ਦੀਆਂ ਗੱਲਾਂ ਵੀ ਕਰਦਾ ।

ਕਰਤਾਰ ਸਿੰਘ ਨੂੰ ਇਹ ਵੇਖ ਕੇ ਅੰਤਾਂ ਦੀ ਖੁਸ਼ੀ ਹੁੰਦੀ । ਉਹਨੂੰ ਜਾਪਦਾ ਜਿਵੇਂ ਮੁਲਕ ਹੁਣ ਨੇੜੇ ਨੇੜੇ ਆ ਰਹੇ ਸਨ ਤੇ ਆਪਣੇ ਦੁੱਖ ਦਰਦ ਸਾਂਝੇ ਕਰਨ ਲੱਗ ਪਏ ਸਨ । ਕਰਤਾਰ ਸਿੰਘ ਨੂੰ ਯਾਦ ਆਇਆ ਜਦੋਂ ਉਹ 1956 ਵਿਚ ਮੈਚ ਵੇਖਣ ਲਾਹੌਰ ਗਿਆ ਸੀ ਤਾਂ ਉਥੇ ਇਕ ਮੁਸ਼ਾਇਰਾ ਹੋਇਆ ਸੀ । ਉਸ ਮੁਸ਼ਾਇਰੇ ਵਿਚ ਭਾਰਤੀ ਪੰਜਾਬ ਦੇ ਇਕ ਕਵੀ ਨੇ ਗੀਤ ਸੁਣਾਇਆ ਸੀ :—

"ਦੇਸ਼ਾਂ ਵਾਲਿਓ ਆਪਣੇ ਦੇਸ਼ ਅੰਦਰ, ਅਸੀਂ ਆਏ ਹਾਂ ਵਾਂਗ ਪਰਦੇਸੀਆਂ ਦੇ ।
ਘਰਾਂ ਵਾਲਿਓ ਆਪਣੇ ਘਰਾਂ ਅੰਦਰ, ਅਸੀਂ ਆਏ ਹਾਂ ਵਾਂਗ ਪ੍ਰਾਹੁਣਿਆਂ ਦੇ ।"

ਸ਼ਾਇਰ ਦੇ ਇਸ ਗੀਤ ਦੀਆਂ ਲਾਈਨਾਂ ਸੁਣ ਕੇ ਉਥੋਂ ਦੇ ਲੋਕਾਂ ਦੇ ਦਿਲ ਵਲੂੰਧਰੇ ਗਏ ਸਨ ਤੇ ਕਈਆਂ ਨੇ ਆਪਣੀਆਂ ਅੱਖਾਂ ਰੁਮਾਲਾਂ ਨਾਲ ਪੂੰਝੀਆਂ ਸਨ ।

ਫੇਰ ਇਕ ਬਜ਼ੁਰਗ ਮੁਸਲਮਾਨ ਕਵੀ ਨੇ ਉਠ ਕੇ ਨਜ਼ਮ ਸੁਣਾਈ ਸੀ ਜਿਸ ਦੀਆਂ ਇਕ ਦੋ ਲਾਈਨਾਂ ਕਰਤਾਰ ਸਿੰਘ ਨੂੰ ਯਾਦ ਸਨ :—

"ਜੋ ਮੇਰੀ ਗੋਦੀ ਖੇਡੀ ਸੀ,
ਉਸ ਸੱਤੋ ਧੀ ਪਿਆਰ ਦੇਈਂ,
ਮੇਰੀ ਗੱਲ ਨਾ ਇਹ ਵਿਸਾਰ ਦੇਈਂ
ਧੀਆਂ ਨਾਲ ਕਾਹਦਾ ਰੋਸਾ ਏ ?
ਜੇ ਪਰਮਿਟ ਮੇਰਾ ਬਣ ਸਕਿਆ,
ਮੈਂ ਵਿਆਹ ਉਹਦੇ ਤੇ ਆਵਾਂਗਾ ।"

ਸ਼ਾਇਰ ਦੇ ਏਸ ਕਲਾਮ ਨਾਲ ਹਿੰਦੁਸਤਾਨ 'ਚੋਂ ਗਏ ਯਾਤਰੀਆਂ ਦੇ ਦਿਲ ਹਿਲ ਗਏ ਸਨ ਤੇ ਏਸ ਮਾਹੌਲ ਦਾ ਡਾਢਾ ਅਸਰ ਸਾਰਿਆਂ ਨੇ ਕਬੂਲਿਆ ਸੀ ।

ਕਰਤਾਰ ਸਿੰਘ ਨੂੰ ਅੱਲਾ ਰਖੇ ਦੀਆਂ ਮਰੀਆਂ ਲੱਤਾਂ ਦਾ ਡਾਢਾ ਦੁੱਖ ਸੀ । ਓਸ ਕਈ ਹਕੀਮਾਂ, ਕਈ ਵੈਦਾਂ, ਜਰਾਹਾਂ ਤੇ ਸਿਆਣਿਆਂ ਨਾਲ ਸਲਾਹ ਕੀਤੀ । ਆਖਰ ਉਹਨੂੰ ਇਕ ਸਿਆਣੇ ਨੇ ਦਸਿਆ ਕਿ ਅਬੋਹਰ ਮੰਡੀ ਇਕ ਬੁਢੇ ਧੋਬੀ ਕੋਲ ਜੋੜਾਂ ਦੇ ਦਰਦਾਂ, ਸੁੱਕੀਆਂ ਤੇ ਮਰੀਆਂ ਲੱਤਾਂ ਬਾਹਾਂ ਦਾ ਬੇਨਜ਼ੀਰ ਨੁਸਖਾ ਹੈ । ਕਰਤਾਰ ਸਿੰਘ ਓਸ ਧੋਬੀ ਕੋਲ ਪੁਛਦਾ ਪੁਛਾਉਂਦਾ ਪਹੁੰਚ ਗਿਆ । ਧੋਬੀ ਨੇ ਕਰਤਾਰ ਸਿੰਘ ਨੂੰ ਸੇਰ ਪੱਕਾ ਮਿੱਠਾ ਤੇਲ, ਦੋ ਸੇਰ ਧਤੂਰੇ ਤੇ ਡੋਡੇ ਤੇ ਹੋਰ ਕਈ ਚੀਜ਼ਾਂ ਲਿਆਉਣ ਲਈ ਆਖਿਆ । ਜਦੋਂ ਸਾਰੀਆਂ ਚੀਜ਼ਾਂ ਧੋਬੀ ਕੋਲ ਪਹੁੰਚ ਗਈਆਂ ਤਾਂ ਧੋਬੀ ਨੇ ਕੋਲੋਂ ਸ਼ੇਰ ਦੀ ਚਰਬੀ ਵਗੈਰਾ ਤੇ ਹੋਰ ਕੁਝ ਦਵਾਈਆਂ ਪਾਕੇ ਕਰਤਾਰ ਸਿੰਘ ਨੂੰ ਇਕ ਬੋਤਲ ਤੇਲ ਦੀ ਤਿਆਰ ਕਰ ਦਿੱਤੀ ਤੇ ਸਮਝਾ ਦਿੱਤਾ ਕਿ ਰੋਜ਼ ਏਸ ਤੇਲ ਦੀ ਮੁੰਡੇ ਦੀਆਂ ਲੱਤਾਂ ਤੇ ਮਾਲਸ਼ ਕੀਤੀ ਜਾਵੇ ਤੇ ਹਵਾ ਨਾ ਲਗਣ ਦਿਤੀ ਜਾਵੇ । ਜਿਵੇਂ ਜਿਵੇਂ ਬੋਤਲ ਦਾ ਤੇਲ ਮੁੱਕਦਾ ਜਾਵੇਗਾ, ਓਵੇਂ ਓਵੇਂ ਮੁੰਡੇ ਦੀਆਂ ਲੱਤਾਂ ਠੀਕ ਹੁੰਦੀਆਂ ਜਾਣਗੀਆਂ । ਧੋਬੀ ਇਹ ਦਵਾ ਮੁਫਤ ਤਿਆਰ ਕਰਕੇ ਦੇਂਦਾ ਸੀ ਤੇ ਕੋਲੋਂ ਪਾਈ ਦਵਾਈ ਦੇ ਪੈਸੇ ਨਹੀਂ ਲੈਂਦਾ ਸੀ । ਪਰ ਉਹ ਇਹ ਨੁਸਖਾ ਕਿਸੇ ਹੋਰ ਨੂੰ ਨਹੀਂ ਦੱਸਦਾ ਸੀ ਤੇ ਦੂਰੋਂ ਦੂਰੋਂ ਲੋਕ ਉਸਦੇ ਕੋਲੋਂ ਇਹ ਦਵਾਈ ਲੈਣ ਲਈ ਆਉਂਦੇ ਸਨ । ਪਿੰਡ ਆ ਕੇ ਬਿਨਾ ਨਾਗਾ ਕਰਤਾਰ ਸਿੰਘ ਆਪ ਅੱਲਾ ਰੱਖੇ ਦੀਆਂ ਲੱਤਾਂ ਤੇ ਇਹ ਤੇਲ ਮਲਦਾ । ਕਈ ਵੇਰ ਤੇਲ ਮਲਦਿਆਂ ਮਲਦਿਆਂ ਉਹਦੇ ਹੱਥਾਂ ਦੀਆਂ ਤਲੀਆਂ ਤੇ ਛਾਲੇ ਪੈ ਜਾਂਦੇ । ਫੇਰ ਕਰਤਾਰ ਸਿੰਘ ਮੁੰਡੇ ਦੀਆਂ ਲੱਤਾਂ ਨੂੰ ਖੇਸ ਵਿਚ ਵਲੇਟ ਦੇਂਦਾ ।

ਕੁਝ ਹਫਤਿਆਂ ਬਾਦ ਅੱਲਾ ਰੱਖੇ ਨੂੰ ਇੰਜ ਜਾਪਣ ਲੱਗ ਪਿਆ ਜਿਵੇਂ ਉਹ ਲੱਤਾਂ ਭਾਰ ਖੜ੍ਹਾ ਹੋ ਸਕਦਾ ਸੀ । ਜਿਵੇਂ ਤਾਕਤ ਦੀ ਇਕ ਲਹਿਰ ਜਿਹੀ ਉਹਦੇ ਬਾਕੀ ਜਿਸਮ 'ਚੋਂ ਲੱਤਾਂ ਵਿਚ ਦਾਖਲ ਹੋਣੀ ਸ਼ੁਰੂ ਹੋ ਗਈ ਸੀ ।

ਪਿੰਡ ਵਿਚ ਅੱਲਾ ਰੱਖੇ ਦੀਆਂ ਲੱਤਾਂ ਠੀਕ ਹੋ ਰਹੀਆਂ ਸਨ ਤੇ ਓਧਰ ਦੋਹਾਂ ਮੁਲਕਾਂ ਦੇ ਹਾਲਾਤ ਠੀਕ ਹੋ ਰਹੇ ਸਨ । ਸ਼ਿਮਲਾ ਸਮਝੌਤੇ ਨੇ ਦੋਹਾਂ ਮੁਲਕਾਂ ਦੇ ਪਾੜ ਨੂੰ ਠੰਢੇ ਪਹਾੜਾਂ ਦੀ ਟੀਸੀ ਤੇ ਜਾ ਕੇ ਮਿਟਾ ਦਿੱਤਾ ਸੀ ।

ਹੁਣ ਜਦੋਂ ਘਰ ਵਿਚ ਅੱਲਾ ਰੱਖੇ ਨੂੰ ਵਾਪਿਸ ਉਹਦੇ ਪਿੰਡ ਭੇਜਣ ਦੀਆਂ ਗੱਲਾਂ ਹੁੰਦੀਆਂ ਤਾਂ ਅੱਲਾ ਰੱਖਾ ਅੱਖਾਂ ਭਰ ਆਉਂਦਾ । ਕਰਤਾਰ ਸਿੰਘ ਦੇ ਪੁੱਤਰ ਉਦਾਸ ਹੋ ਜਾਂਦੇ ਦੁੱਖ ਉਹਦੇ ਭੇਜਣ ਦਾ ਕਰਤਾਰ ਸਿੰਘ ਨੂੰ ਵੀ ਮਹਿਸੂਸ ਹੁੰਦਾ ਪਰ ਉਹ ਸਮਝਦਾ ਸੀ ਕਿ ਪਰਾਈ ਅਮਾਨਤ ਆਪਣੇ ਟਿਕਾਣੇ ਪੁਜੀ ਹੀ ਚੰਗੀ ਹੈ, ਨਹੀਂ ਤਾਂ ਖਵਰੇ ਲੋਕ ਕੀ ਕੀ ਗੱਲਾਂ ਬਣਾਉਣਗੇ ।

ਆਖ਼ਰ ਉਹ ਦਿਨ ਵੀ ਆ ਗਿਆ ਜਿਸ ਦਿਨ ਅੱਲਾ ਰੱਖੇ ਨੂੰ ਹੱਦ ਤੇ ਲੈ ਜਾ ਕੇ ਉਹਦੇ ਮਾਪਿਆਂ ਦੇ ਹਵਾਲੇ ਕਰਨਾ ਸੀ । ਸਾਰਾ ਪਿੰਡ ਅੱਲਾ ਰੱਖੇ ਨੂੰ ਛੱਡਣ ਆਇਆ ਹੋਇਆ ਸੀ । ਕਿਸੇ ਨੇ ਅੱਲਾ ਰੱਖੇ ਲਈ ਕਪੜੇ ਸੁਆਏ ਸਨ । ਕਿਸੇ ਨੇ ਬਿਸਤਰਾ ਦਿਤਾ ਸੀ । ਕਿਸੇ ਨੇ ਘਿਓ, ਕਿਸੇ ਨੇ ਪੰਜੀਰੀ, ਕਿਸੇ ਨੇ ਫਲ ਤੇ ਕਰਤਾਰ ਸਿੰਘ ਨੇ ਆਪਣੇ ਹੱਥ ਵਿਚ ਤੇਲ ਵਾਲੀ ਬੋਤਲ ਫੜੀ ਹੋਈ ਸੀ ਜੋ ਅਜੇ ਅੱਧੀ ਹੀ ਮੁੱਕੀ ਸੀ ।

ਜਦੋਂ ਅੱਲਾ ਰੱਖੇ ਨੂੰ ਵਿਦਾ ਕਰਨ ਦਾ ਸਮਾਂ ਆਇਆ ਤਾਂ ਉਹ ਕਰਤਾਰ ਸਿੰਘ ਦੇ ਗਲ ਲੱਗ ਕੇ ਰੋ ਪਿਆ ਤੇ ਉਹਦੇ ਪੁੱਤਰਾਂ, ਆਪਣੇ ਹਾਣੀਆਂ ਨੂੰ ਜੱਫੀਆਂ ਪਾ ਪਾ ਮਿਲਿਆ । ਕਰਤਾਰ ਸਿੰਘ ਨੇ ਅੱਲਾ ਰੱਖੇ ਨੂੰ ਪਿਆਰ ਨਾਲ ਘੂਰ ਕੇ ਆਖਿਆ, "ਪੁੱਤਰ ਸਵਾਦ ਤਾਂ ਹੈ ਜੇ ਤੁਰ ਕੇ ਹੱਦ ਦੇ ਓਸ ਪਾਰ ਜਾਵੇਂ ਤਾਂ......"

"ਮੈਂ ਕੋਸ਼ਿਸ਼ ਕਰਦਾ ਹਾਂ......"

ਕਰਤਾਰ ਸਿੰਘ ਨੇ ਉਹਨੂੰ ਹੌਲੀ ਹੌਲੀ ਆਪਣੀ ਗੋਦੀ 'ਚੋਂ ਉਤਾਰਿਆ । ਉਹਨੂੰ ਮੋਢਿਆਂ ਤੋਂ ਫੜ ਕੇ ਸਹਾਰਾ ਦਿੱਤਾ ਤੇ ਉਹ ਪੋਲੇ ਪੋਲੇ ਪੱਬ ਧਰਤੀ ਤੇ ਟਿਕਾਉਣ ਲੱਗਾ । ( ਬਾਕੀ ਸਫ਼ਾ 12)

ਕਹਾਣੀ

# ਰੰਗਦਾਰ ਪ੍ਰੋਗਰਾਮ

ਅਮਰਜੀਤ ਚਾਹਲ

ਬਿੱਲੀ ਉਹਦੀ ਰਜਾਈ ਵਿਚੋਂ ਛਾਲ ਮਾਰ ਕੇ ਉਤਰੀ ਤਾਂ ਐਰਿਕਾ ਨੂੰ ਜਾਗ ਆ ਗਈ। ਬਿੱਲੀ ਨੇ ਅਗਲੀਆਂ ਲੱਤਾਂ ਅੱਗੇ ਨੂੰ ਕਰ, ਪੂਛ ਸਿੱਧੀ ਕਰਕੇ, ਥੋੜਾ ਕੁ ਲਿਫ਼ ਕੇ ਅੰਗੜਾਈ ਲਈ। ਅੰਗੜਾਈ ਲੈਣ ਤੋਂ ਬਾਅਦ, ਉਹ ਬੜੀ ਮੜਕ ਨਾਲ ਤੁਰਦੀ ਹੋਈ, ਬੈੱਡਰੂਮ 'ਚੋਂ ਬਾਹਰ ਨਿਕਲ ਗਈ। ਉਸ ਦੇ ਜਾ ਚੁੱਕਣ ਬਾਅਦ ਐਰਿਕਾ ਦਾ ਮਨ ਕੀਤਾ ਉਠੇ। ਪਰ ਉਹ ਲੇਟੀ ਰਹੀ। ਫਿਰ ਉਸ ਨੇ ਲੂਸੀ ਵੱਲ ਦੇਖਿਆ, ਉਹ ਅਜੇ ਰਜਾਈ ਹੇਠ ਪਈ ਹੀ ਆਪਣੇ ਅਗਲੇ ਪੰਜੇ ਨਾਲ ਬੂਥੀ ਖੁਰਕ ਰਹੀ ਸੀ। ਉਸ ਨੂੰ ਜਾਗ ਰਹੀ ਦੇਖ ਕੇ ਐਰਿਕਾ ਬੋਲੀ, "ਮੇਰੀ ਲਾਡੋ ਉਠ ਖੜੀ ਏਂ।"

ਲੂਸੀ ਦਾ ਪੰਜਾ ਥਾਂਏਂ ਰੁਕ ਗਿਆ। ਉਸ ਐਰਿਕਾ ਵੱਲ ਦੇਖਿਆ, ਤੇ ਫਿਰ ਉਠ ਕੇ, ਉਸ ਦੇ ਨਾਲ ਲੱਗ ਕੇ ਪੈ ਗਈ। ਉਸ ਦੇ ਜੱਤਲ ਪਿੰਡੇ ਦੀ ਮਲਾਇਮਤਾ ਐਰਿਕਾ ਨੂੰ ਚੰਗੀ ਲੱਗੀ। ਉਹ ਲਾਡ ਨਾਲ ਲੂਸੀ ਉਪਰ ਹੱਥ ਫੇਰਨ ਲੱਗ ਪਈ। ਇੱਲਤੀ ਨਿਆਣੇ ਵਾਂਗ ਲੂਸੀ ਨੇ ਵੀ ਆਪਣਾ ਪੰਜਾ ਪਹਿਲਾਂ ਉਸ ਦੀਆਂ ਛਾਤੀਆਂ ਦੇ ਸੰਨ 'ਚ ਮਾਰਿਆ ਤੇ ਫਿਰ ਉੱਠ ਕੇ ਉਸ ਦੇ ਉਪਰ ਲਿੱਟ ਗਈ ਅਤੇ ਆਪਣੀ ਬੂਥੀ ਐਰਿਕਾ ਦੀ ਗਰਦਨ ਨਾਲ ਲਾ, ਉਸ ਦੀ ਠੋਡੀ ਹੇਠ ਆਪਣੀ ਧੌਣ ਘਿਸਾਉਣ ਲੱਗ ਪਈ। ਐਰਿਕਾ ਨੇ ਉਸ ਨੂੰ ਪਰਾਂ ਧੱਕਦੀ ਹੋਈ ਨੇ ਕਿਹਾ, "ਦੇਖ! ਇਉਂ ਖਰੂਦ ਨਾ ਕਰ।" ਉਹ ਢੀਠ ਨਿਆਣੇ ਵਾਂਗ, ਧੱਕਣ ਨਾਲ ਜਿੰਨਾਂ ਕੁ ਪਰਾਂ ਹੋਈ ਸੀ, ਉਤਨਾਂ ਕੁ ਹੋਰ ਉਸ ਉਪਰ ਆ ਚੜ੍ਹੀ।

ਇਨ੍ਹੇਂ ਨੂੰ ਬਾਹਰੋਂ ਮਿਆਊਂ......ਮਿਆਊਂ ਕਰਦੀ ਲੀ ਵੀ ਆ ਗਈ। ਦਰਾਂ ਦੇ ਵਿਚਕਾਰ ਖੜ੍ਹ, ਉਸ ਫਿਰ ਮਿਆਊਂ, ਮਿਆਊਂ ਕੀਤਾ ਅਤੇ ਉਨ੍ਹਾਂ ਵੱਲ ਭਾਵ-ਪੂਰਨ ਨਜ਼ਰਾਂ ਨਾਲ ਦੇਖਿਆ।

"ਤੈਨੂੰ ਕਿਹਾ, ਇਉਂ ਨਾ ਕਰ।" ਥੋੜਾ ਕੁ ਖਿੱਝ ਕੇ ਐਰਿਕਾ ਨੇ ਲਸੀ ਨੂੰ ਕਿਹਾ ਅਤੇ ਉਸ ਨੂੰ ਪਰਾਂ ਧੱਕਿਆ।

ਇੰਨੇ ਨੂੰ ਛਾਲ ਮਾਰ ਕੇ ਲੀ ਵੀ ਮੰਜੇ ਉਪਰ ਚੜ੍ਹ ਗਈ।

"ਤੈਨੂੰ ਕੀ ਤਕਲੀਫ਼ ਐ ਲੀ ?" ਉਸ ਨੇ ਲੀ ਨੂੰ ਘੂਰਿਆ। "ਤੁਸੀਂ ਮੈਨੂੰ ਆਰਾਮ ਨਹੀਂ ਕਰਨ ਦੇਣਾ। ਦੇਖੋ! ਮੈਂ ਹੁਣ ਬੁੱਢੀ ਹੋ ਗਈ ਹਾਂ। ਸਤਵੰਜਾ ਸਾਲ ਦੀ ਮੇਰੀ ਉਮਰ ਹੈ। ਜੇ ਤੁਸੀਂ ਮੈਨੂੰ ਤੰਗ ਨਾ ਕਰਨੋਂ ਹਟੀਆਂ ਤਾਂ ਮੈਂ ਨਰਾਜ਼ ਹੋ ਜਾਵਾਂਗੀ। ਫਿਰ ਤੁਹਾਨੂੰ ਖਾਣ ਨੂੰ ਕੌਣ ਦਊ।"

ਬਿੱਲੀਆਂ ਜਿਵੇਂ ਉਸ ਦੀ ਗੱਲ ਸਮਝ ਗਈਆਂ ਹੋਣ। ਉਨ੍ਹਾਂ ਇਕ ਦੂਜੀ ਵੱਲ ਦੇਖਿਆ ਤੇ ਫਿਰ ਇਕੱਠੀਆਂ ਨੇ ਐਰਿਕਾ ਉਪਰ ਧਾਵਾ ਬੋਲ ਦਿੱਤਾ।

ਐਰਿਕਾ ਨੇ ਉਨ੍ਹਾਂ ਤੋਂ ਬਚਣ ਲਈ, ਛੇਤੀ ਨਾਲ ਰਜਾਈ ਆਪਣੇ ਸਿਰ ਉਪਰ ਕਰ ਲਈ ਤੇ ਰਜਾਈ ਵਿਚ ਆਪਣੀ ਫੁਰਤੀ 'ਤੇ ਮੁਸਕਰਾਉਣ ਲੱਗੀ।

ਲੀ ਛਾਲ ਮਾਰ ਕੇ ਫਿਰ ਮੰਜੇ ਤੋਂ ਉਤਰ ਗਈ ਅਤੇ ਬੈੱਡ ਰੂਮ ਵਿਚੋਂ ਬਾਹਰ ਚਲੇ ਗਈ। ਪਰ ਲੂਸੀ ਮੂੰਹ ਨਾਲ ਉਸ ਦੀ ਰਜਾਈ ਖਿੱਚਣ ਲੱਗ ਪਈ। ਪਰ ਉਸ ਦੀ ਪੇਸ਼ ਕੋਈ ਨਾ ਗਈ। ਐਰਿਕਾ ਨੇ ਦੋਹਾਂ ਹੱਥਾਂ ਨਾਲ ਰਜਾਈ ਨੂੰ ਘੁੱਟ ਕੇ ਫੜਿਆ ਹੋਇਆ ਸੀ। ਲੂਸੀ ਦੇ ਪੰਜੇ ਨਾਲ ਰਜਾਈ ਨੂੰ ਇਕ ਨਵੀਂ ਤੂੰਬ ਵੀ ਆ ਗਈ ਸੀ। ਦਾਅ ਲਾ ਕੇ, ਪਾਸੇ ਦੀ ਹੋ, ਲੂਸੀ ਰਜਾਈ ਵਿਚ ਵੜ੍ਹ ਹੀ ਗਈ। ਤਦ ਐਰਿਕਾ ਨੇ ਰਜਾਈ ਆਪਣੇ ਸਿਰ ਉਪਰੋਂ ਹਟਾ ਲਈ।

ਉਸ ਦੀ ਨਜ਼ਰ, ਮੰਜੇ ਦੀ ਪੁਆਂਦੀ ਵਲ ਫਰੇਮ ਕੀਤੀ ਹੋਈ, ਸਮੁੰਦਰ ਦੀ ਹਿੱਕ ਉਪਰ ਤਰਦੇ ਸਮੁੰਦਰੀ ਬੇੜੇ ਉਪਰ ਪਈ। ਉਹ ਕਿਸੇ ਤਰ੍ਹਾਂ ਟੇਢੀ ਹੋ ਗਈ ਸੀ। ਕਾਲੇ-ਚਿੱਟੇ ਰੰਗ ਦੀ ਤਸਵੀਰ ਸ਼ਾਇਦ ਪਹਿਲੇ ਵੇਲੇ ਦਿਆਂ ਸੌਦਾਗਰਾਂ ਦੀ ਸੀ। ਬੜੇ ਬੜੇ ਟੋਪਾਂ ਵਾਲੇ ਆਦਮੀ, ਲੱਕ ਨਾਲ ਤਲਵਾਰਾਂ ਲਟਕਾਈ, ਵੱਡੇ ਵੱਡੇ ਬੂਟਾਂ ਵਿਚ ਪੈਂਟਾਂ ਤੁੰਨੀ, ਇਕ ਦੂਰਬੀਨ ਵਾਲੇ ਪਾਸ ਆਕੜ ਕੇ ਖੜੇ, ਸਮੁੰਦਰੀ ਲੁਟੇਰੇ ਲਗਦੇ ਸਨ। ਐਰਿਕਾ ਦਾ ਆਦਮੀ ਵੀ ਸਮੁੰਦਰੀ ਫੌਜ ਦੀ ਨੌਕਰੀ ਕਰ ਚੁੱਕਾ ਸੀ। ਤਸਵੀਰ ਵਿਚਲੇ ਇਕ ਮੁੱਛਾਂ ਵਾਲੇ ਆਦਮੀ ਨਾਲ ਉਸ ਦੀ ਸ਼ਕਲ ਬਹੁਤ ਮਿਲਦੀ ਸੀ। ਸ਼ਾਇਦ ਇਸ ਕਰਕੇ ਹੀ ਉਸ ਨੂੰ ਇਹ ਤਸਵੀਰ ਬਹੁਤ ਪਿਆਰੀ ਸੀ। ਉਸ ਨੇ ਉੱਠ ਕੇ ਤਸਵੀਰ ਠੀਕ ਕੀਤੀ। ਦੂਰ ਖੜ੍ਹ ਕੇ ਦੇਖਿਆ ਤਾਂ ਉਹ ਫਿਰ ਵੀ ਟੇਢੀ ਹੀ ਲੱਗੀ। ਤਸਵੀਰ ਦੇ ਪਿਛੇ ਲੱਗੀ ਕੁੰਡੀ ਜਾਂ ਕੰਧ ਵਿਚ ਗੱਡੀ ਮੇਖ, ਦੋਹਾਂ 'ਚੋਂ ਕਿਸੇ ਇਕ ਵਿਚ ਨੁਕਸ ਪੈ ਗਿਆ ਸੀ। ਉਹ ਮੁੜ ਠੀਕ ਕਰਨ ਲੱਗੀ ਤਾਂ ਮੰਜੇ ਉਪਰ ਬੈਠੀ, ਉਸ ਵੱਲ ਤਾਕ ਲਾ ਕੇ ਦੇਖਦੀ ਲੂਸੀ ਨੇ ਛਾਲ

ਮਾਰੀ ਅਤੇ ਉਸ ਦੀ ਛਾਤੀ ਨਾਲ ਟਕਰਾ ਕੇ ਐਰਿਕਾ ਦੀਆਂ ਬਾਹਾਂ ਵਿਚ ਆ ਡਿੱਗੀ ।

"ਤੂੰ ਪਾਗਲੇ .. . ।" ਗਾਲ੍ਹਾਂ ਕੱਢਦੀ ਐਰਿਕਾ ਨੇ ਉਸ ਨੂੰ ਮੁੜ ਮੰਜੇ ਉਪਰ ਪੱਟਕ ਦਿੱਤਾ । ਬਾਹਰੋਂ ਪੂਛ ਸਿੱਧੀ ਉਤਾਂਹ ਨੂੰ ਅਕੜਾਈ ਮਿਆਊਂ..... ਮਿਆਊਂ......ਕਰਦੀ ਲੀ ਆ ਕੇ ਉਸ ਦੀਆਂ ਲੱਤਾਂ ਨਾਲ ਘਸਰਨ ਲੱਗ ਪਈ । ਐਰਿਕਾ ਨੂੰ ਖੜੀ ਹੋਣਾ ਮੁਸ਼ਕਲ ਹੋ ਗਿਆ । ਉਹ ਤਸਵੀਰ ਨੂੰ ਉਂਝ ਹੀ ਛੱਡ ਬੈੱਡਰੂਮ 'ਚੋਂ ਬਾਹਰ ਆ ਗਈ । ਮੂੰਹ-ਹੱਥ ਧੋ, ਜਦ ਉਹ ਪਾਊਡਰ ਲਾਉਣ ਲੱਗੀ ਤਾਂ ਡੱਬੀ ਖਾਲੀ ਸੀ । ਫਿਰ ਵੀ ਉਸ ਪੱਫ ਨੂੰ ਡੱਬੀ ਵਿਚ ਐਵੇਂ ਘਸਾ ਕੇ, ਆਪਣੇ ਚਿਹਰੇ ਉਪਰ ਘਸਾ ਲਿਆ । ਇਹ ਪਾਊਡਰ ਦੀ ਡੱਬੀ, ਜਦ ਉਹ ਪਿਛਲੀ ਵਾਰ ਬੱਚਿਆਂ ਦੀ ਆਯਾ ਬਣ ਕੇ ਮਿਸਟਰ ਕਾਲਿੰਨ ਦੇ ਘਰ ਗਈ ਸੀ, ਉਥੋਂ ਚੋਰੀ ਕੀਤੀ ਸੀ । ਉਂਝ ਉਸ ਨੇ, ਜਦੋਂ ਦੀ ਉਸ ਦੇ ਆਦਮੀ ਦੀ ਮੌਤ ਹੋਈ ਸੀ ਅਤੇ ਰੰਡੇਪੇ ਦੀ ਪਿਨਸ਼ਨ ਲੈਣੀ ਸ਼ੁਰੂ ਕੀਤੀ ਸੀ, ਕਦੇ ਘੱਟ ਹੀ ਇਹੋ-ਜਿਹੇ ਸਾਮਾਨ ਉਪਰ ਪੈਸੇ ਖ਼ਰਚ ਕੀਤੇ ਸਨ । ਬੱਸ ! ਇਸੇ ਤਰ੍ਹਾਂ ਹੀ ਸਰੀ ਜਾਂਦਾ ਸੀ । ਉਦੋਂ ਉਹ ਤੀਹਾਂ ਤੋਂ ਟੱਪੀ ਹੀ ਸੀ । ਰੰਡੇਪੇ ਦੀ ਪਿਨਸ਼ਨ ਥੋੜ੍ਹੀ ਸੀ । ਇਸ ਨਾਲ ਹੀ ਗੁਜ਼ਾਰਾ ਕਰਨਾ ਮੁਸ਼ਕਲ ਸੀ । ਇਸ ਕਰਕੇ ਉਸ ਨੇ ਇਕ ਕੈਫੇ ਵਿਚ ਨੌਕਰੀ ਕਰ ਲਈ ਸੀ । ਤਨਖਾਹ ਦੇ ਨਾਲ ਨਾਲ ਟਿੱਪ ਵੀ ਕਾਫ਼ੀ ਬਣ ਜਾਂਦੀ ਸੀ । ਉਸ ਵੇਲੇ ਦੋਵੇਂ ਮੁੰਡੇ ਨਿਆਣੇ ਸਨ । ਸਾਰੇ ਟੱਬਰ ਦਾ ਖਰਚ ਚਲਾਉਣ ਲਈ ਕੁਝ ਤਾਂ ਕਰਨਾ ਹੀ ਪੈਣਾ ਸੀ । ਉਥੇ ਉਸ ਕੰਮ ਕਰਦੀ ਨੇ ਕਈ ਆਦਮੀ ਦੇਖੇ । ਕੋਈ ਸਾਲ ਭਰ ਉਸ ਨਾਲ ਟਿਕਿਆ ਰਿਹਾ, ਕੋਈ ਛੇ ਮਹੀਨੇ ਤੇ ਕੋਈ ਮਹੀਨਾ । ਅੱਗਲੇ ਦੱਸ-ਬਾਰਾਂ ਸਾਲ ਉਸ ਦੇ ਸਾਥੀ ਤਲਾਸ਼ ਕਰਨ ਵਿਚ ਹੀ ਬੀਤ ਗਏ । ਇਨ੍ਹਾਂ ਸਾਲਾਂ ਦੁਰਾਨ ਹੀ ਦੋਵੇਂ ਮੁੰਡੇ ਵੀ ਜਵਾਨ ਹੋ ਗਏ । ਉਹ ਅਜੇ ਸਕੂਲ ਪੜ੍ਹਦੇ ਹੀ ਸਨ, ਜਦ ਕਈ ਵਾਰ ਐਰਿਕਾ ਨੇ ਉਨ੍ਹਾਂ ਨੂੰ ਕੁੜੀਆਂ ਨਾਲ ਸੁਤਿਆਂ ਪਇਆਂ ਦੇਖਿਆ । ਕਈ ਵਾਰ ਪੁਲੀਸ ਉਨ੍ਹਾਂ ਦੇ ਘਰ, ਉਸ ਦੇ ਮੁੰਡਿਆਂ ਦਾ ਪਤਾ ਕਰਨ ਆਈ । ਜਦ ਵੀ ਪੁਲੀਸ ਆਉਂਦੀ, ਐਰਿਕਾ ਬੜੀ ਹੈਰਾਨ ਹੁੰਦੀ ਅਤੇ ਪੁਲੀਸ ਨੂੰ ਪੁਛਦੀ, "ਆਖਿਰ ਮੇਰੇ ਹੀ ਮੁੰਡੇ ਕਿਉਂ ਦੁਕਾਨਾਂ ਭੰਨਦੇ ਹਨ । ਹੋਰ ਬਥੇਰੀ ਮੁੰਡੀਰ ਤੁਰੀ ਫਿਰਦੀ ਹੈ । ਤੁਸੀਂ ਉਨ੍ਹਾਂ ਨੂੰ ਕਿਉਂ ਨਹੀਂ ਪੁਛਦੇ ? ਕਿਨ੍ਹੀ ਹਨੇਰ ਗ਼ਰਦੀ ਮੱਚੀ ਹੋਈ ਹੈ । ਕੋਈ ਇੱਲਤ ਕਰ ਦਿਤੀ ਹੋਵੇਗੀ । ਆਖ਼ਰ ਬੱਚੇ ਹਨ । ਇਨ੍ਹਾਂ ਦਾ ਪਿਓ ਵੀ ਤਾਂ ਨਹੀਂ ਸਿਰ 'ਤੇ ।" ਤੇ ਉਹ ਬੋਲਦੀ ਰਹਿੰਦੀ ।

ਪੁਲੀਸ ਨੇ ਕਦੇ ਵੀ ਉਸ ਦੇ ਸੁਆਲਾਂ ਦਾ ਬੁਰਾ ਨਹੀਂ ਮਨਾਇਆ ਸੀ ਉਹ ਬੜੇ ਇਤਮੀਨਾਨ ਨਾਲ ਇਤਨਾ ਕੁ ਹੀ ਕਹਿੰਦੇ, "ਮਿਸਿਜ਼ ਵੁੱਡ, ਅਸੀਂ ਤੈਨੂੰ ਤਕਲੀਫ ਦਿਤੀ ਹੈ । ਇਸ ਲਈ ਮੁਆਫ਼ੀ ਮੰਗਦੇ ਹਾਂ । ਰਹੀ ਗੱਲ ਤੇਰੇ ਬੱਚਿਆਂ ਦੀ, ਇਹ ਤਾਂ ਉਹ ਹੀ ਦੱਸ ਸਕਦੇ ਹਨ ਕਿ ਉਹ ਇਸ ਤਰ੍ਹਾਂ ਕਿਉਂ ਕਰਦੇ ਹਨ ?"

ਜਦ ਉਸ ਦੇ ਛੋਟੇ ਮੁੰਡੇ ਨੂੰ ਕੈਦ ਹੋਈ ਸੀ । ਉਨ੍ਹੀਂ ਦਿਨੀਂ ਐਰਿਕਾ ਦੀ ਗਲ-ਬਾਤ ਇਕ ਬੁੱਢੇ ਨਾਲ ਚਲ ਰਹੀ ਸੀ । ਵਿਚਾਰਾ, ਕੱਲਾ-ਕਾਰਾ ਸੀ । ਉਹ ਸਵੇਰ-ਸਾਰ ਹਰੋਜ਼ ਉਥੇ ਕਾਫ਼ੀ ਪੀਣ ਜਾਂਦਾ ਸੀ, ਜਿਥੇ ਐਰਿਕਾ ਕੰਮ ਕਰਦੀ ਸੀ । ਉਹ ਦੋ-ਤਿੰਨ ਕੱਪ ਕਾਫ਼ੀ ਦੇ ਪੀਂਦਾ ਅਤੇ ਬੀਤ ਚੁਕੇ ਦਿਨਾਂ ਦੀਆਂ ਗੱਲਾਂ ਕਰਦਾ । ਉਸ ਬੁਢੇ ਦੇ ਉਥੇ ਆਓਣ ਵਾਲੇ ਕਈ ਹੋਰ ਲੋਕ ਵੀ ਵਾਕਿਫ਼ ਬਣ ਚੁਕੇ ਸੀ । ਜੋ ਆਪਣਾ ਨਾਸ਼ਤਾ ਉਥੇ ਹੀ ਕਰਨ ਜਾਂਦੇ ਸਨ । ਜਦ ਉਨਨ੍ਹੂੰ ਆਪਣਾ ਕੋਈ ਵਾਕਿਫ ਨਾ ਮਿਲਦਾ ਤਾਂ ਉਹ ਐਰਿਕਾ ਨਾਲ ਹੀ ਗੱਲਾਂ ਮਾਰਨੀਆਂ ਸ਼ੁਰੂ ਕਰ ਦਿੰਦਾ । ਐਰਿਕਾ ਆਪਣਾ ਕੰਮ ਕਰਦੀ ਹੋਈ ਉਸ ਦੀਆਂ ਗੱਲਾਂ ਦਾ ਹੁੰਗਾਰਾ ਵੀ ਦਿੰਦੀ ਰਹਿੰਦੀ । ਇੰਞ ਉਥੇ ਬੈਠਦਿਆਂ, ਕਾਫ਼ੀ ਪੀਂਦਿਆਂ, ਉਸ ਦੀ ਐਰਿਕਾ ਨਾਲ ਦੋਸਤੀ ਸ਼ੁਰੂ ਹੋ ਗਈ ਸੀ । ਜਿਉਂ ਹੀ ਐਰਿਕਾ ਦੇ ਮੁੰਡੇ ਘਰ ਛੱਡਕੇ ਵੱਖਰੇ ਰਹਿਣ ਲੱਗ ਪਏ ਤਾਂ ਉਹ ਮਿਸਟਰ ਮਿੱਲਰ ਪਾਸ ਆ ਗਈ । ਮਿੱਲਰ ਘਰ ਵਿਚ, ਬਿੱਲੀਆਂ ਤੋਂ ਇਲਾਵਾ ਇਕੱਲਾ ਹੀ ਸੀ । ਇਕ ਬਿੱਲੀ ਮਰ ਜਾਂਦੀ ਤਾਂ ਉਹ ਹੋਰ ਲੈ ਆਉਂਦਾ । ਕੋਈ ਬਿੱਲੀ ਸੂ ਪੈਂਦੀ ਤਾਂ ਉਸਦੇ ਬਲੂੰਗੜੇ ਵੇਚ ਛੱਡਦਾ । ਇਉਂ ਜਦ ਦੀ ਉਹ ਆਈ ਸੀ । ਉਹ ਕਈ ਵਾਰ ਬਿੱਲੀਆਂ ਬਦਲ ਚੁਕੇ ਸਨ ਤੇ ਕਈ ਬਲੂੰਗੜੇ ਵੇਚ ਚੁਕੇ ਸਨ । ਸੂਣ ਵਾਲੀਆਂ ਬਿੱਲੀਆਂ ਦੀ ਉਹ ਤੀਵੀਂ ਜਿਨ੍ਹੀ ਦੇਖ-ਭਾਲ ਕਰਦਾ । ਕਦੇ ਉਸ ਨੂੰ ਡਾਕਟਰ ਕੋਲ ਲੈ ਜਾਂਦਾ, ਕਦੇ ਉਨ੍ਹਾਂ ਦੇ ਲੇਟਣ ਲਈ ਨਰਮ ਥਾਂ ਬਣਾ ਦਿੰਦਾ, ਕਦੇ ਉਨ੍ਹਾਂ ਨਾਲ ਗੱਲਾਂ ਕਰਨ ਲੱਗ ਜਾਂਦਾ ।

ਵਿਚ ਵਿਚ ਐਰਿਕਾ ਦੇ ਮੁੰਡੇ ਵੀ ਆ ਕੇ ਉਨ੍ਹਾਂ ਨੂੰ ਮਿਲ ਜਾਂਦੇ ਸਨ । ਉਨ੍ਹਾਂ ਪਾਸ ਕਈ ਕਈ ਦਿਨ ਰਹਿ ਜਾਂਦੇ ਅਤੇ ਜਾਂਦੇ ਹੋਏ ਪੈਸੇ ਵੀ ਉਨ੍ਹਾਂ ਤੋਂ ਲੈ ਜਾਂਦੇ ਸਨ । ਪਰ ਅਸਲ ਵਿਚ ਬਿੱਲੀਆਂ ਹੀ ਸਨ ਜੋ ਉਨ੍ਹਾਂ ਦਾ ਦਿਲ ਲਾਈ ਰੱਖਦੀਆਂ । ਛੋਟੀਆਂ ਛੋਟੀਆਂ, ਤੇਜ਼ ਚਮਕੀਲੀਆਂ ਅੱਖਾਂ ਵਾਲੀਆਂ, ਦੇਖਣ ਨੂੰ ਮਸੂਮ, ਭੋਲੀਆਂ-ਭਾਲੀਆਂ ਪਰ ਫੁਰਤੀਲੀਆਂ, ਨਿੱਕਾ ਜਿਹਾ ਮੂੰਹ ਖੋਲ੍ਹ ਕੇ ਮਿਠੀ ਲੈਅ ਵਿਚ ਜਦ ਮਿਆਉਂ · ਮਿਆਉਂ ਕਰਦੀਆਂ ਤਾਂ ਘਰ ਵਿਚ ਨਿਆਣਿਆਂ ਜਿਹੀ ਚਹਿਕ ਪੈਦਾ ਹੋ ਜਾਂਦੀ । ਗੋਦੀ ਵਿਚ ਬੈਠਦੀਆਂ ਤਾਂ ਹੱਥ ਮੱਲੋ-ਮੱਲੀ ਉਨ੍ਹਾਂ ਦੇ ਜੱਤਲ ਸਰੀਰ ਤੇ ਫੇਰਨ ਨੂੰ ਕਰਦਾ । ਉਹ ਹੱਥ ਦੇ ਭਾਰ ਨਾਲ ਹੀ ਲਿੱਫ ਲਿੱਫ ਜਾਂਦੀਆਂ ਅਤੇ ਬੜੇ ਅਰਾਮ ਨਾਲ ਬੱਚਿਆਂ ਵਾਂਗ ਗੋਦ ਵਿਚ ਬੈਠੀਆਂ ਮਸਤ ਜਿਹੀਆਂ ਹੋ ਜਾਂਦੀਆਂ ਸਨ । ਸਭ ਤੋਂ ਵੱਡੀ ਗੱਲ ਇਸ ਦੰਪਤੀ ਨੂੰ ਘਰ ਵਿਚ. ਬਿੱਲੀਆਂ ਕਾਰਨ ਰੁਝੇਵਾਂ ਮਿਲਿਆ ਹੋਇਆ ਸੀ । ਕਦੇ ਉਨ੍ਹਾਂ ਦੇ ਖਾਣ ਦਾ ਸਮਾਂ ਹੋ ਗਿਆ । ਕਦੇ ਉਨ੍ਹਾਂ ਨੂੰ ਬਾਹਰ ਕੱਢ ਦਿਤਾ । ਉਹ ਥੋੜਾ ਚਿਰ ਨਾ ਆਈਆਂ ਤਾਂ ਉਨ੍ਹਾਂ ਨੂੰ ਲੱਭਣ ਤੁਰ ਪਏ । ਕਦੇ ਗੁਆਢੀਆਂ ਨੂੰ ਉਲਾਂਭਾ ਦੇ ਦਿਤਾ ਕਿ ਉਨ੍ਹਾਂ ਦਾ ਕੁੱਤਾ ਫੈਂਸ ਦੇ ਪਰਲੇ ਪਾਸਿਉਂ ਭੌਂਕ ਭੌਂਕ ਕੇ ਉਨ੍ਹਾਂ ਵਿਚਾਰੀਆਂ ਨੂੰ ਡਰਾ ਰਿਹਾ ਸੀ । ਕਦੇ ਬਿੱਲੀ ਖਾਣਾ ਨਾ ਖਾਂਦੀ ਜਾਂ ਕੁਝ ਪੀਂਦੀ ਨਾ ਜਾਂ ਉਂਝ ਹੀ ਚੁਪ-ਚਾਪ ਬੈਠ ਜਾਂਦੀ ਤਾਂ ਉਨ੍ਹਾਂ ਨੂੰ ਉਸ ਦੇ ਬਿਮਾਰ ਹੋ ਜਾਣ ਦਾ ਵਹਿਮ ਹੋ ਜਾਂਦਾ ਤੇ ਉਹ ਡਾਕਟਰ ਦੇ ਲੈ ਤੁਰਦੇ ।

ਪਹਿਲਾਂ ਐਰਿਕਾ ਰਹਿਣ ਦਾ ਕਰਾਇਆ ਦਿੰਦੀ ਸੀ । ਮਿਸਟਰ ਮਿੱਲਰ ਦੇ ਕੋਲ ਆਉਣ ਨਾਲ ਉਸ ਦੀ ਇਹ ਬੱਚਤ ਹੋ ਗਈ ਸੀ । ਮਿੱਲਰ ਸਮਝਣ ਲੱਗ ਪਿਆ ਸੀ ਕਿ ਉਸ ਨੂੰ ਕੋਈ ਆਪਣਾ ਮਿਲ ਗਿਆ ਹੈ । ਉਹ ਬੁਢੇਪੇ ਦੀ ਪਿਨਸ਼ਨ ਲੈ ਰਿਹਾ ਸੀ । ਘਰ ਉਸਦਾ ਕਿਸ਼ਤਾਂ ਦੀ ਲਾਹਨਤ ਤੋਂ ਸੁਰਖ਼ਰੂ ਸੀ । ਐਰਿਕਾ ਦੇ ਆਉਣ ਨਾਲ ਬਾਕੀ ਦਾ ਖ਼ਰਚ ਵੀ ਵੰਡਿਆ ਗਿਆ । ਜੋ ਉਸ ਦੀ ਇਕੱਲਤਾ ਸੀ ਉਹ ਵੀ ਟੁਟ ਗਈ । ਲੇਕਿਨ ਬਿੱਲੀਆਂ ਦਾ ਸ਼ੌਂਕ ਉਸ ਦਾ ਜਿਉਂ ਦਾ ਤਿਉਂ ਹੀ ਬਣਿਆ ਰਿਹਾ ।

ਇਸ ਤੋਂ ਪਹਿਲਾਂ ਵੀ ਉਸ ਨਾਲ ਕਈ ਤੀਵੀਆਂ ਆ ਕੇ ਰਹਿ ਚੁਕੀਆਂ ਸਨ। ਉਨ੍ਹਾਂ ਵਿਚੋਂ ਕਈ ਤਾਂ ਖ਼ੁਦ ਬਿੱਲੀਆਂ ਨੂੰ ਪਿਆਰ ਕਰਦੀਆਂ ਸਨ ਅਤੇ ਆਪਣੇ ਨਾਲ ਵੀ ਲੈ ਆਉਂਦੀਆਂ ਸੀ। ਕੁਝ ਸਖ਼ਤ ਨਫ਼ਰਤ ਵੀ ਕਰਦੀਆਂ ਸਨ। ਇਹੋ ਜਿਹੀਆਂ ਤੀਵੀਆਂ ਨਾਲ ਜਦ ਵੀ ਉਸ ਦਾ ਵਾਹ ਪਿਆ ਸੀ ਤਾਂ ਉਹ ਪਹਿਲਾਂ ਬਿੱਲੀਆਂ ਨੂੰ ਘਰੋਂ ਕੱਢ ਕੇ ਹੀ ਆਪ ਆਈਆਂ ਸਨ। ਜਦ ਉਹ ਮਿੱਲਰ ਨੂੰ ਛੱਡ ਕੇ ਹਮੇਸ਼ਾਂ ਲਈ ਵੱਖ ਹੋ ਜਾਂਦੀਆਂ ਤਦ ਮਿੱਲਰ ਨੂੰ ਇਕੱਲਤਾ ਖਾਣ ਨੂੰ ਪੈਂਦੀ। ਘਰ ਸੁੰਨ-ਸਰਾਂ ਜਿਹਾ ਹੋ ਜਾਂਦਾ। ਤਦ ਉਸ ਨੂੰ ਬਿੱਲੀਆਂ ਯਾਦ ਆਉਂਦੀਆਂ। ਜੋ ਕੋਈ ਸ਼ਿਕਾਇਤ ਨਹੀਂ ਸੀ ਕਰਦੀਆਂ। ਬੱਸ ! ਮਿੱਠੀ ਅਵਾਜ਼ ਵਿਚ ਮਿਆਉਂ...ਮਿਆਉਂ ਕਰਦੀਆਂ ਸਨ।

ਕੁੱਤਿਆਂ ਤੋਂ ਉਸ ਨੂੰ ਸਖ਼ਤ ਨਫ਼ਰਤ ਸੀ। ਇਕ ਤਾਂ ਉਹ ਬਿੱਲੀਆਂ ਦੇ ਮੁਕਾਬਲੇ ਖਾਂਦੇ ਬਹੁਤ ਸਨ। ਦੂਜਾ ਉਨ੍ਹਾਂ ਦਾ ਨਾਂ ਬੜਾ ਰੱਦੀ ਸੀ। ਕੁੱਤੇ, ਕੁੱਤੇ ! ਕੀ ਗੱਲ ਹੋਈ ? ਕੁੱਤਾ ਵੀ ਕੋਈ ਗੱਲ ਹੈ ? ਜਦ ਭੌਂਕਦੇ ਹਨ ਤਾਂ ਬਿਨਾਂ ਮਤਲਬ ਤੋਂ ਹੀ। ਫਿਰ ਉਨ੍ਹਾਂ ਦੀ ਅਵਾਜ਼ ਇਨ੍ਹੀ ਖ਼ਰਵੀ ਹੈ ਕਿ ਕੰਨ ਪਾਟਣੇ ਆ ਜਾਂਦੇ ਹਨ। ਕੁੱਤਿਆਂ ਬਾਰੇ ਉਸ ਦੇ ਇਤਨੇ ਇਤਰਾਜ਼ ਸਨ ਕਿ ਉਸ ਨੂੰ ਦੱਸਣੇ ਵੀ ਮੁਸ਼ਕਲ ਸਨ। ਤੇ ਬਿੱਲੀਆ ਦੀ ਮਿਆਉਂ...ਮਿਆਉਂ ਵਿਚ ਇਤਨੇ ਰਾਜ਼ ਸਨ ਕਿ ਉਹ ਵੀ ਉਸ ਨੂੰ ਦੱਸਣੇ ਮੁਸ਼ਕਲ ਸਨ। ਮਿਆਉਂ ਉਸ ਲਈ ਸੰਗੀਤ ਸੀ, ਮਿਆਉਂ ਉਸ ਲਈ ਰੌਣਕ ਸੀ, ਮਿਆਉਂ ਉਸ ਲਈ ਦਾਰੂ ਸੀ, ਮਿਆਉਂ ਉਸ ਲਈ ਜਿੰਦੇ ਰਹਿਣ ਦਾ ਆਸਰਾ ਸੀ ਤੇ ਮਿਆਉਂ ਉਸ ਲਈ ।

ਐਰਿਕਾ ਨੂੰ ਜਾਨਵਰਾਂ ਨਾਲ ਨਾ ਨਫ਼ਰਤ ਸੀ ਨਾ ਪਿਆਰ। ਉਸ ਨੂੰ ਪਹਿਲੀ ਉਮਰ ਵਿਚ ਮਾਂ-ਪਿਉ ਅਤੇ ਭੈਣ-ਭਰਾਵਾਂ ਦਾ ਪਿਆਰ ਮਿਲਿਆ ਸੀ। ਉਸ ਤੋਂ ਬਾਅਦ ਮਿਸਟਰ ਵੁੱਡ ਦਾ। ਮੁੰਡਿਆਂ ਨੂੰ ਪਾਲਣ-ਪੋਸਣ ਅਤੇ ਕੰਮ ਵਿਚ ਉਸ ਦਾ ਸਮਾਂ ਬੀਤਿਆ ਸੀ। ਜਦ ਉਹ ਮਿਸਟਰ ਮਿੱਲਰ ਕੋਲ ਆਈ ਤਾਂ ਉਸ ਬਿੱਲੀਆਂ ਬਾਰੇ, ਕੁੱਤਿਆਂ ਬਾਰੇ ਅਤੇ ਹੋਰ ਘਰੇਲੂ ਜਾਨਵਰਾਂ ਤੇ ਪਰਿੰਦਿਆਂ ਬਾਰੇ ਉਸ ਨੂੰ ਕਈ ਕੁਝ ਸਮਝਾ ਦਿਤਾ ਸੀ। ਉਸ ਬਿੱਲੀਆਂ ਬਾਰੇ ਇਤਨਾਂ ਕੁਝ ਕਿਹਾ ਸੀ ਕਿ ਐਰਿਕਾ ਨੂੰ ਲੱਗਾ ਬਿੱਲੀਆਂ ਹੀ ਘਰ ਵਿਚ ਪਾਲਿਆ ਜਾ ਸਕਣ ਵਾਲਾ ਸਭ ਤੋਂ ਚੰਗਾ ਜਾਨਵਰ ਹਨ।

ਕੁਝ ਸਾਲ ਉਨ੍ਹਾਂ ਦੀ ਬੜੀ ਵਧੀਆ ਲੰਘੀ। ਫਿਰ ਇਕ ਦਿਨ ਮਿਸਟਰ ਮਿੱਲਰ ਇਸ ਦੁਨੀਆਂ ਤੋਂ ਚੱਲਦਾ ਹੋਇਆ। ਮਰਨ ਵੇਲੇ ਉਹ ਆਪਣਾ ਘਰ ਐਰਿਕਾ ਦੇ ਹਵਾਲੇ ਇਕ ਸ਼ਰਤ 'ਤੇ ਕਰ ਗਿਆ ਕਿ ਜਿਨ੍ਹਾਂ ਚਿਰ ਐਰਿਕਾ ਇਸ ਘਰ ਵਿਚ ਰਹੇਗੀ, ਬਿੱਲੀਆਂ ਵੀ ਰਹਿਣਗੀਆਂ।

ਐਰਿਕਾ ਨੂੰ ਕੀ ਇਤਰਾਜ਼ ਹੋ ਸਕਦਾ ਸੀ ? ਬਿੱਲੀਆਂ ਤਾਂ ਹੁਣ ਉਸ ਦੀਆਂ ਸਖੀਆਂ ਬਣ ਚੁਕੀਆਂ ਸਨ। ਉਹ ਕੁਝ ਪਲ ਵੀ ਉਨ੍ਹਾਂ ਦੀਆਂ ਅੱਖਾਂ ਤੋਂ ਦੂਰ ਹੋ ਜਾਂਦੀ ਤਾਂ ਉਹ ਮਿਆਉਂ ...ਮਿਆਉਂ ਕਰਦੀਆਂ ਘਰ ਦੇ ਅੰਦਰ-ਬਾਹਰ ਇਸ ਤਰ੍ਹਾਂ ਤੁਰੀਆਂ ਫਿਰਦੀਆਂ ਜਿਵੇਂ ਕਿਸੇ ਨਿਆਣੇ ਦੀ ਮਾਂ ਗੁਆਚ ਗਈ ਹੋਵੇ। ਬਿਲਕੁਲ ਇਵੇਂ ਤਰ੍ਹਾਂ ਹੀ ਐਰਿਕਾ ਦੇ ਮੁੰਡੇ ਛੋਟੇ ਹੁੰਦੇ ਕਰਦੇ ਹੁੰਦੇ ਸਨ। ਉਹ ਵਾਸ਼ਰੂਮ ਵੀ ਜਾਂਦੀ ਤਾਂ ਫਰੈਂਕ ਦਰਵਾਜ਼ੇ ਨੂੰ ਧੱਕੇ ਮਾਰਨੇ ਸ਼ੁਰੂ ਕਰ ਦਿੰਦਾ ਹੁੰਦਾ ਸੀ। ਚੀਕਾਂ ਮਾਰਦਾ ਅਤੇ ਦਰਾਂ ਵਿਚ ਲਿਟ ਜਾਂਦਾ ਹੁੰਦਾ ਸੀ। ਹੁਣ ਵੀ ਬਾਹਰ ਲੀ ਦਰਵਾਜੇ ਨੂੰ ਪੰਜੇ ਮਾਰ ਰਹੀ ਸੀ ਅਤੇ ਦਰਦੀਲੀ ਅਵਾਜ਼ ਵਿਚ ਮਿਆਉਂ ...ਮਿਆਉਂ.. ਮਿਆਉਂ ਕਰੀ ਜਾ ਰਹੀ ਸੀ। ਐਰਿਕਾ ਨੇ ਛੇਤੀ ਨਾਲ ਗੂੜ੍ਹੇ ਲਾਲ ਰੰਗ ਦੀ ਸੁਰਖੀ ਲਾਈ ਅਤੇ ਵਾਸ਼ਰੂਮ ਵਿਚੋਂ ਬਾਹਰ ਆ ਗਈ।

"ਤੁਹਾਨੂੰ ਕੀ ਹੋ ਗਿਆ ਸੀ ? ਮੇਰੀਉ, ਛੋਟੀਉ ਛੋਟੀਉ ਪਿਆਰੀਉ ਜਿੰਦੋ ਮੈਂ ਅੰਦਰ ਹੀ ਤਾਂ ਸੀ। ਆਉ ਤੁਹਾਨੂੰ ਕੁਝ ਖਾਣ ਨੂੰ ਦੇਵਾਂ।"

ਉਹ ਉਨ੍ਹਾਂ ਦੇ ਅੱਗੇ ਅੱਗੇ ਰਸੋਈ ਵਿਚ ਆ ਗਈ। ਉਹ ਵੀ ਰੁਸੇ ਬਾਲ ਵਾਂਗ ਧੀਮੀ ਚਾਲੇ ਉਸ ਦੇ ਮਗਰ ਰਸੋਈ ਵਿਚ ਆ ਗਈਆਂ ਅਤੇ ਖਾਣ ਲਈ ਮੇਜ ਤੇ ਬੈਠ ਗਈਆ। ਐਰਿਕਾ ਨੇ ਉਨ੍ਹਾਂ ਦੋਹਾਂ ਲਈ, ਦੋ ਵੱਖਰੀਆਂ ਕੌਲੀਆਂ ਵਿਚ, ਇਕ ਡੱਬੇ ਵਿਚੋਂ ਕੱਢ ਕੇ ਕੁਝ ਖਾਣਾ ਪਾ ਦਿਤਾ। ਉਸ ਨੇ ਆਪਣੇ ਲਈ ਇਕ ਕੱਪ ਕਾਫ਼ੀ ਬਣਾਈ ਅਤੇ ਉਨ੍ਹਾਂ ਦੇ ਨਾਲ ਹੀ ਬੈਠ ਉਸ ਦੀਆਂ ਚੁਸਕੀਆਂ ਭਰਨ ਲੱਗੀ। ਬਿੱਲੀਆਂ ਨੂੰ ਖਾਂਦੀਆਂ ਦੇਖ ਉਸ ਦੇ ਅੰਦਰ ਵੀ ਖੋਹ ਜਿਹੀ ਪੈਣੀ ਸ਼ੁਰੂ ਹੋ ਗਈ। ਉਸ ਦਾ ਵੀ ਦਿਲ ਕੀਤਾ ਕੁਝ ਖਾਵੇ। ਪਰ ਫਰਿੱਜ ਬਿਲਕੁਲ ਖਾਲੀ ਸੀ। ਉਸ ਪਾਸ ਨਗਦ ਪੈਸਾ ਵੀ ਕੋਈ ਨਹੀਂ ਸੀ ਅਤੇ ਰੰਡੇਪੇ ਦੀ ਪਿਨਸ਼ਨ ਮਿਲਣ ਵਿਚ ਅਜੇ ਕੁਝ ਦਿਨ ਬਾਕੀ ਸਨ। ਬੈਂਕ ਵਿਚ ਜਮਾਂ ਕਰਾ ਦਿੱਤੇ ਪੈਸੇ ਉਸ ਕਦੇ ਨਹੀਂ ਸਨ ਕਢਵਾਏ। ਉਹ ਪੈਸੇ ਉਸ ਨੇ ਆਪਣਾ ਬੁਢੇਪਾ ਬੜੀ ਸ਼ਾਨ ਨਾਲ ਕੱਟਣ ਲਈ ਸਾਂਭ ਰੱਖੇ ਸਨ। ਉਹ ਸੋਚਦੀ ਸੀ, ਅਜੇ ਤਾਂ ਮੈਂ ਸਾਰੀ ਸਤਵੰਜਾ ਸਾਲ ਦੀ ਹਾਂ। ਅਜੇ ਤਾਂ ਅੱਠ ਸਾਲ ਬਾਕੀ ਹਨ ਮੇਰੇ ਬੁਢੀ ਹੋਣ ਵਿਚ। (ਕਿਉਂਕਿ ਉਸਨੂੰ ਬੁਢੇਪੇ ਦੀ ਪਿਨਸ਼ਨ ਪੈਂਹਠ ਸਾਲਾਂ ਦੀ ਹੋਈ ਨੂੰ ਮਿਲਣੀ ਸੀ।) ਉਸ ਨੂੰ ਇਕ ਪਲ ਖਿੱਝ ਆਈ। ਕੱਲ ਦਾ ਕੋਈ ਟੈਲੀਫ਼ੂਨ ਵੀ ਨਹੀਂ ਆਇਆ ਸੀ। ਉਸ ਨੇ ਆਪਣੇ ਸ਼ਹਿਰ ਦੇ ਲੋਕਲ ਅਖ਼ਬਾਰ ਵਿਚ ਇਸ਼ਤਿਹਾਰ ਦਿਤਾ ਹੋਇਆ ਸੀ ਕਿ ਅਗਰ ਕਿਸੇ ਨੂੰ ਆਯਾ ਦੀ ਜਰੂਰਤ ਹੋਵੇ ਤਾਂ ਮਿਸਿਜ਼ ਵੁੱਡ ਨੂੰ ਫ਼ੋਨ ਕਰੋ। ਇਸ ਦੇ ਨਾਲ ਹੀ ਉਸ ਨੇ ਆਪਣਾ ਤਜਰਬਾ ਵੀ ਲਿਖ ਦਿੱਤਾ ਸੀ।

ਅੱਗੇ ਤਾਂ ਏਨੀ ਦੇਰ ਕਦੇ ਨਹੀਂ ਸੀ ਲੱਗੀ ਕੰਮ ਮਿਲਣ ਨੂੰ। ਇਸ ਵੱਡੇ ਸ਼ਹਿਰ ਵਿਚ ਆਯਾ ਦੀ ਬਹੁਤ ਲੋੜ ਰਹਿੰਦੀ ਹੈ। ਹੁਣ ਦੇ ਜ਼ਮਾਨੇ ਵਿਚ ਤੀਵੀਂ-ਮਰਦ ਦੋਵੇਂ ਕੰਮ ਕਰਨ ਤਾਂ ਕਿਤੇ ਜਾ ਕੇ ਸਰਦਾ ਹੈ। ਜਦ ਮੈਂ ਘਰ ਗ੍ਰਹਿਸਤਣ ਸੀ। ਉਸ ਜ਼ਮਾਨੇ ਦੀ ਗਲ ਹੋਰ ਸੀ। ਉਹ ਕੱਪ ਨੂੰ ਹੱਥ ਵਿਚ ਲਈ ਉੱਠੀ ਅਤੇ ਆਪਣੇ ਖਾਣ ਲਈ ਕੁਝ ਟੋਲਣ ਲੱਗੀ। ਪਰ ਵਿਚ ਕੁਝ ਵੀ ਖਾਣ ਨੂੰ ਨਹੀਂ ਸੀ ਅਤੇ ਇਸ ਗਲ ਦਾ ਉਸ ਨੂੰ ਪੂਰਾ ਪਤਾ ਸੀ। ਗਰਮ ਕਾਫ਼ੀ ਨਾਲ ਕੁਝ ਖਾਣ ਨੂੰ ਹੋਵੇ। ਉਹ ਵਾਰ ਵਾਰ ਇਹ ਹੀ ਸੋਚ ਰਹੀ ਸੀ। ਜਿਨ੍ਹਾਂ ਉਹ ਇੱਧਰ ਜ਼ਿਆਦਾ ਧਿਆਨ ਦਿੰਦੀ ਸੀ, ਉਤਨੀ ਹੀ ਉਸ ਦੀ ਭੁੱਖ ਹੋਰ ਚਮਕਦੀ ਸੀ। ਅਚਾਨਕ ਉਸ ਦਾ ਹੱਥ ਬਿੱਲੀਆਂ ਦੇ ਖਾਣੇ ਵਾਲੇ ਡੱਬੇ ਉੱਪਰ ਟਿੱਕ ਗਿਆ। ਉਸ ਡੱਬੇ ਵਿਚੋਂ ਕੁਝ ਖਾਣਾ ਆਪਣੇ ਲਈ ਵੀ ਪਾ ਲਿਆ ਅਤੇ ਬਿੱਲੀਆਂ ਨਾਲ ਬੈਠ ਕੇ ਖਾਣ ਲੱਗੀ।

ਬਿੱਲੀਆਂ ਨੇ ਇਕ ਪਲ ਰੁਕ ਕੇ ਇਕ-ਦੂਜੀ ਵੱਲ ਦੇਖਿਆ, ਫਿਰ ਐਰਿਕਾ ਵੱਲ ਅਤੇ ਫਿਰ ਆਪਣਾ ਖਾਣਾ, ਖਾਣ ਲੱਗ ਪਈਆਂ।

ਜਦ ਮਿਸਟਰ ਮਿੱਲਰ ਮਰਿਆ ਸੀ ਅਤੇ ਉਸ ਦੀ ਵਸੀਅਤ ਮੁਤਾਬਿਕ ਘਰ ਐਰਿਕਾ ਨੂੰ ਮਿਲ ਗਿਆ ਸੀ, ਤਾਂ ਇਸ ਦੀ ਖ਼ਬਰ ਜਿਥੇ ਐਰਿਕਾ ਕੰਮ ਕਰਦੀ ਸੀ, ਉਸ ਕੋਠੇ ਦੇ ਮਾਲਕ ਨੂੰ ਵੀ ਮਿਲ ਗਈ ਸੀ। ਉਸ ਐਰਿਕਾ ਨੂੰ ਪਿਆਰ ਦੇ ਝਾਂਸੇ ਵਿਚ ਲੈ ਕੇ ਉਸ ਤੋਂ ਘਰ

ਲੈਣ ਦੀ ਕੋਸ਼ਿਸ਼ ਕੀਤੀ। ਪਰ ਮਿਸਟਰ ਮਿੱਲਰ ਦੀ ਵਸੀਅਤ ਮੁਤਾਬਿਕ ਉਹ ਘਰ ਲੈਣ ਵਿਚ ਕਾਮਯਾਬ ਨਾ ਹੋ ਸਕਿਆ। ਤਦ ਉਸ ਐਰਿਕਾ ਨੂੰ ਕੰਮ ਤੋਂ ਜੁਆਬ ਦੇ ਦਿਤਾ ਸੀ। ਮੁੜ ਉਮਰ ਜ਼ਿਆਦਾ ਹੋਣ ਕਾਰਨ ਐਰਿਕਾ ਨੂੰ ਕੋਈ ਕੋਈ ਚੱਜ ਦਾ ਕੰਮ ਨਾ ਮਿਲ ਸਕਿਆ। ਤਦ ਉਸ ਲੋਕਾਂ ਦੇ ਬੱਚਿਆਂ ਦੀ ਦੇਖ-ਭਾਲ ਕਰਨ ਦਾ ਕੰਮ ਸ਼ੁਰੂ ਕਰ ਦਿਤਾ। ਉਹ ਮਾਲਕਾਂ ਦੀ ਗ਼ੈਰ-ਹਾਜ਼ਰੀ ਵਿਚ ਉਨ੍ਹਾਂ ਦੇ ਘਰ ਦੀ ਤਲਾਸ਼ੀ ਕਰਦੀ। ਕਦੇ ਕੋਈ ਚੀਜ਼ ਚੋਰੀ ਹੋ ਸਕਣ ਵਾਲੀ ਚੋਰੀ ਵੀ ਕਰ ਲੈਂਦੀ। ਮੇਕ-ਅੱਪ ਦਾ ਸਮਾਨ ਤਾਂ ਉਸ ਲਗਦੀ ਵਾਹ ਕਦੇ ਮੁੱਲ ਲਿਆ ਹੀ ਨਹੀਂ ਸੀ। ਮੇਕ-ਅੱਪ ਦੀ ਚੰਦਰੀ ਆਦਤ ਉਸ ਨੂੰ ਕੋਠੇ ਵਿਚ ਕੰਮ ਕਰਦੀ ਨੂੰ ਹੋਈ ਸੀ। ਮਾਲਕ ਕਹਿੰਦਾ ਸੀ, "ਬਣ-ਠਣਕੇ ਰਿਹਾ ਕਰੋ। ਜੇ ਤੁਸੀਂ ਹੀ ਚੁੜੇਲਾਂ ਜਿਹੀਆਂ ਲੱਗੋਗੀਆਂ ਤਾਂ ਗਾਹਕ ਕੀ ਆਉਣਗੇ।" ਲੱਗਦੀ ਵਾਹ ਨੂੰ ਉਹ ਖਾ-ਪੀ ਵੀ ਉਥੋਂ ਹੀ ਲੈਂਦੀ ਸੀ। ਇਸ ਤਰ੍ਹਾਂ ਉਹ ਕਾਫ਼ੀ ਸਾਰਾ ਖ਼ਰਚ ਬਚਾ ਲੈਂਦੀ ਸੀ ਅਤੇ ਬਚਿਆ ਖ਼ਰਚ ਉਹ ਆਪਣੇ ਬੈਂਕ ਖਾਤੇ ਵਿਚ ਜਮਾਂ ਕਰੀ ਜਾਂਦੀ ਸੀ, ਤਾਂ ਜੋ ਬੁਢੇਪਾ ਬੜੀ ਸ਼ਾਨ ਨਾਲ ਕੱਟ ਸਕੇ।

ਬਿੱਲੀਆਂ ਨਾਲ ਖਾਂਦੀ ਹੋਈ ਉਹ ਸੋਚ ਰਹੀ ਸੀ। ਇਸ ਸੰਕਟ ਨੂੰ ਕਿਵੇਂ ਟਾਲਿਆ ਜਾਵੇ। ਇਕ ਤਾਂ ਗਰੌਸਰੀ ਖਰੀਦਣ ਲਈ ਉਸ ਪਾਸ ਨਗਦ ਪੈਸੇ ਨਹੀਂ ਸਨ। ਖ਼ੈਰ! ਇਹ ਉਸ ਨੂੰ ਕੋਈ ਜ਼ਿਆਦਾ ਮੁਸੀਬਤ ਵਾਲੀ ਗੱਲ ਨਹੀਂ ਜਾਪਦੀ ਸੀ। ਖਾਣਾ ਤਾਂ ਉਸ ਸੋਚਿਆ, ਡਾਊਨ-ਟਾਊਨ ਜਾ ਕੇ ਪੈਸੇ ਮੰਗ ਕੇ ਵੀ ਖਾ ਸਕਦੀ ਹਾਂ। ਇੰਝ ਉਸ ਕਈ ਵਾਰ ਕੀਤਾ ਵੀ ਸੀ। ਇਕ ਵਾਰ ਤਾਂ ਉਸ ਗਾਰਬੇਜ ਕੈਨ ਫਰੋਲ ਕੇ ਵੀ ਖਾਣ ਨੂੰ ਕੁਝ ਨਾ ਕੁਝ ਇਕੱਠਾ ਕਰ ਲਿਆ ਸੀ। ਹੁਣ ਵੀ ਉਸ ਦੇ ਮਨ 'ਚ ਸੀ ਕਿ ਕੋਈ ਹੋਰ ਚਾਰਾ ਨਾ ਚੱਲਿਆ ਤਾਂ ਇਸ ਤਰ੍ਹਾਂ ਹੀ ਕਰਾਂਗੀ। ਇੰਨੀਂ ਦਿਨੀਂ ਹੀ ਰਾਜਕੁਮਾਰ ਚਾਰਲਸ ਦਾ ਵਿਆਹ ਵੀ ਨੇੜੇ ਆਈ ਜਾਂਦਾ ਸੀ। ਉਹ ਸਮਝਦੀ ਸੀ ਕਿ ਮੈਂ ਭਾਗਾਂ ਵਾਲੀ ਹਾਂ, ਜੋ ਰਾਜਕੁਮਾਰ ਦਾ ਵਿਆਹ ਦੇਖ ਸਕਾਂਗੀ। ਰਾਜਕੁਮਾਰਾਂ ਦੇ ਵਿਆਹ ਕਿਤੇ ਹਰੋਜ਼ ਦੇਖਣ ਵਿਚ ਆਉਂਦੇ ਹਨ? ਉਹ ਆਪਣੇ ਬਲੈਕ ਐਂਡ ਵਾਈਟ ਟੈਲੀਵੀਯਨ ਉਪਰ ਇਸ ਵਿਆਹ ਬਾਰੇ ਬਹੁਤ ਕੁਝ ਦੇਖ-ਸੁਣ ਚੁਕੀ ਸੀ। ਉਸ ਦੇ ਮਨ ਵਿਚ ਇਸ ਸ਼ਾਹੀ ਵਿਆਹ ਬਾਰੇ ਸੋਚ ਕੇ ਕੁਤਕੁਤਾੜੀਆਂ ਜਿਹੀਆਂ ਹੋਣ ਲੱਗ ਪੈਂਦੀਆਂ ਸਨ। ਕਈ ਵਾਰ ਤਾਂ ਉਸ ਨੂੰ ਆਪਣਾ-ਆਪ ਡਿਆਨਾ ਜਿਹਾ ਹੀ ਜਾਪਦਾ ਤੇ ਉਹ ਆਪਣੀ ਇਕ ਖੰਭ ਜੜੀ ਟੋਪੀ ਸਿਰ ਉਪਰ ਰੱਖ ਘਰ ਅੰਦਰ ਟਹਿਲਣ ਲੱਗ ਜਾਂਦੀ ਸੀ।

ਟੈਲੀਫ਼ੂਨ ਦੀ ਘੰਟੀ ਖੜਕੀ।

ਐਰਿਕਾ ਨੇ ਜਿਵੇਂ ਉੱਡ ਕੇ ਰਸੀਵਰ ਚੁਕਿਆ ਅਤੇ ਬੜੀ ਮਿੱਠੀ ਅਵਾਜ਼ ਵਿਚ ਕਿਹਾ, "ਹੈਲੋ!"

ਕੋਈ ਬੱਚਿਆਂ ਦੀ ਸੰਭਾਲ ਲਈ ਆਯਾ ਦੀ ਪੁਛ-ਪੜਤਾਲ ਕਰ ਰਿਹਾ ਸੀ। ਗੱਲਾਂ ਦੇ ਦੁਰਾਨ ਐਰਿਕਾ ਨੇ ਉਸ ਨੂੰ ਪੁਛਿਆ, "ਤੁਹਾਡੇ ਘਰ ਰੰਗਦਾਰ ਟੈਲੀਵੀਯਨ ਹੈ? ਮੈਂ ਉਸ ਘਰ ਹੀ ਆਯਾ ਦਾ ਕੰਮ ਕਰਦੀ ਹਾਂ, ਜਿਸ ਘਰ ਰੰਗਦਾਰ ਟੈਲੀਵੀਯਨ ਹੋਵੇ। ਦੇਖੋ ਨਾ! ਮੈਨੂੰ ਰੰਗਦਾਰ ਪ੍ਰੋਗਰਾਮ ਦੇਖਣ ਦਾ ਬੜਾ ਸ਼ੌਂਕ ਹੈ। ਖ਼ਾਸ ਕਰ ਰਾਜਕੁਮਾਰ ਦਾ ਵਿਆਹ ਮੈਂ ਰੰਗੀਨ ਟੀ. ਵੀ. ਉਪਰ ਹੀ ਦੇਖਣਾ ਚਾਹੁੰਦੀ ਹਾਂ। ਬੇਰੰਗ ਟੀ. ਵੀ. ਦੇਖਦੀ ਦੇਖਦੀ ਮੈਂ ਅੱਕ ਗਈ ਹਾਂ।"

ਇਸ ਦੇ ਉਤਰ ਵਿਚ ਤਰਲੇ ਭਰੀ ਅਵਾਜ਼ ਫਿਰ ਆਈ।

"ਮੇਰੇ ਦੋ ਛੋਟੇ ਛੋਟੇ ਬੱਚੇ ਹਨ। ਕੰਮ ਤੋਂ ਵਿਹਲੇ ਬੈਠੇ ਨੂੰ ਸਾਲ ਤੋਂ ਉਪਰ ਹੋ ਗਿਆ ਹੈ। ਇਸੇ ਦੁਰਾਨ ਹੀ ਮੇਰੀ ਤੀਵੀਂ ਗਰੀਬੀ ਤੋਂ ਤੰਗ ਆ, ਇਨ੍ਹਾਂ ਮਾਸੂਮਾਂ ਨੂੰ ਛੱਡ ਕੇ, ਕਿਸੇ ਨਾਲ ਦੌੜ ਗਈ ਹੈ। ਹੁਣ ਮੈਨੂੰ ਬੜੀ ਮੁਸ਼ਕਿਲ ਨਾਲ, ਕਿਸੇ ਦੀ ਸਿਫ਼ਾਰਸ਼ ਤੇ ਕੰਮ ਮਿਲ ਗਿਆ ਹੈ। ਟੈਲੀਵੀਯਨ ਸਾਡੇ ਪਾਸ ਸੀ। ਪਰ ਤੰਗੀ ਦੇ ਦਿਨੀਂ ਉਹ ਵੇਚਣਾ ਪਿਆ ਸੀ। ਹੁਣ ਜਦ ਪਹਿਲੀ ਤਨਖ਼ਾਹ ਮਿਲੀ, ਤਾਂ ਮੈਂ ਵਾਅਦਾ ਕਰਦਾ ਹਾਂ ਜ਼ਰੂਰ ਹੀ ਰੰਗਦਾਰ ਟੈਲੀਵੀਯਨ ਖਰੀਦਾਂਗਾ। ਇਹ ਵਾਅਦਾ ਮੈਂ ਆਪਣੇ ਬੱਚਿਆਂ ਨਾਲ ਵੀ ਕੀਤਾ ਹੈ। ਉਨ੍ਹਾਂ ਨੂੰ ਵੀ ਰੰਗੀਨ ਟੀ. ਵੀ. ਬਹੁਤ ਪਸੰਦ ਹੈ। ਬੱਸ, ਇਸ ਵੇਲੇ ਮੈਨੂੰ ਤੁਹਾਡੀ.....।"

ਉਸ ਦੀ ਗਲ ਪੂਰੀ ਨਹੀਂ ਸੀ ਹੋਈ। ਐਰਿਕਾ ਸਮਝ ਗਈ ਤੇ ਬੜੀ ਰੁਖ਼ਾਈ ਨਾਲ ਬੋਲੀ, "ਤਦ ਟੈਲੀਫ਼ੂਨ ਕਰਨ ਦੀ ਤਕਲੀਫ਼ ਨਾ ਕਰ, ਕਿਸੇ ਹੋਰ ਦਾ ਆਉਣਾ ਹੁੰਦਾ ਹੈ। ਤੈਂ ਮੇਰਾ ਫਜ਼ੂਲ ਹੀ ਸਮਾਂ ਬਰਬਾਦ ਕਰ ਦਿਤਾ।" ਉਸ ਦੀ ਕੋਈ ਸਫ਼ਾਈ ਸੁਣਨ ਤੋਂ ਪਹਿਲਾਂ ਹੀ ਐਰਿਕਾ ਨੇ ਗੁੱਸੇ ਨਾਲ ਰਸੀਵਰ ਟੈਲੀਫ਼ੂਨ ਦੇ ਸਿਰ ਵਿਚ ਮਾਰਿਆ ਅਤੇ ਬੁੜਬੁੜਾਈ, "ਅੱਗੇ ਤੋਂ ਇਹ ਵੀ ਇਸ਼ਤਿਹਾਰ ਨਾਲ ਜੋੜ ਦਿਆਂਗੀ, ਸਿਰਫ਼ ਉਹੀ ਟੈਲੀਫ਼ੂਨ ਕਰਨ ਜਿੰਨ੍ਹਾਂ ਦੇ ਘਰ ਰੰਗਦਾਰ ਟੈਲੀਵੀਯਨ ਹੈ।"

(SURREY, B. C)

---

(ਕਹਾਣੀ 'ਫ਼ਾਸਲਾ' ਦੀ ਬਾਕੀ)

ਪੈਰ ਅਜੇ ਸਰੀਰ ਦਾ ਭਾਰ ਝੱਲਣ ਨੂੰ ਤਿਆਰ ਨਹੀਂ ਸਨ ਪਰ ਅੱਲਾ ਰੱਖਾ ਪੂਰੀ ਕੋਸ਼ਿਸ ਕਰ ਰਿਹਾ ਸੀ। ਦੂਜੇ ਪਾਰ ਅੱਲਾ ਰੱਖੇ ਦੇ ਮਾਪੇ ਇਹ ਖੇਡ ਵੇਖ ਵੇਖ ਕੇ ਹੈਰਾਨ ਹੋ ਰਹੇ ਸਨ।

"ਸਾਂਝੀ ਧਰਤੀ" ਤੇ ਆ ਕੇ ਕਰਤਾਰ ਸਿੰਘ ਨੇ ਅੱਲਾ ਰੱਖੇ ਦੇ ਅੱਬਾ ਨੂੰ ਗਲਵਕੜੀ ਵਿਚ ਘੁਟਦਿਆਂ ਆਖਿਆ, "ਭਰਾ..... ਅਹਿ ਲੈ ਤੇਲ ਦੀ ਅੱਧੀ ਬੋਤਲ, ਜਿਸ ਦਿਨ ਇਹ ਖਤਮ ਹੋ ਜਾਵੇਗੀ। ਉਸ ਦਿਨ ਅੱਲਾ ਰੱਖਾ ਆਪਣੇ ਪੈਰਾਂ ਤੇ ਖੜ੍ਹਾ ਹੋਣ ਲਗ ਪਵੇਗਾ। ਉਸ ਦਿਨ ਮੈਂ ਵੀ ਆਪਣੇ ਪੈਰਾਂ ਤੇ ਖਲੋ ਕੇ ਤੇਰੇ ਪਿੰਡ ਵੱਲ ਮੂੰਹ ਕਰਕੇ ਸਲਾਮ ਆਖਾਂਗਾ। ਓਸ ਸਲਾਮ ਵਿਚ ਸਾਡੇ ਮੁਲਕ ਤੇ ਤੇਰੇ ਮੁਲਕ ਦੇ ਦਰਮਿਆਨ ਮੁਹੱਬਤ ਤੇ ਮਿਲਾਪ ਦਾ ਪੈਗ਼ਾਮ ਹੋਵੇਗਾ।"

"ਆਮੀਨ" ਆਖ ਕੇ ਅੱਲਾ ਰੱਖੇ ਦੇ ਅੱਬਾ ਨੇ ਤੇਲ ਵਾਲੀ ਬੋਤਲ ਕਰਤਾਰ ਸਿੰਘ ਦੇ ਹੱਥੋਂ ਫੜ ਲਈ ਤੇ ਅੱਲਾ ਰੱਖੇ ਨੂੰ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਿਆ। ਕਰਤਾਰ ਸਿੰਘ ਨੂੰ ਜਾਪਿਆ ਜਿਵੇਂ ਸਿਰ ਤੇ ਪੈਰਾਂ ਦਾ ਫ਼ਾਸਲਾ ਖਤਮ ਹੋ ਰਿਹਾ ਸੀ।

(REXDALE, ONTARIO)

# ASIA IMPORT HOUSE

EDMONTON



▼ SPECIALIZING IN:

- SAREES, SAREE FALLS
- CUSTOM MADE BLOUSES
- PETTICOATS, WOOLEN SHAWLS
- EXCLUSIVE SUIT SELECTION
- RUMALAS
- HARS, HAIR FIXER
- GOTA, BEARD NETS
- ARTIFICIAL JEWELRY
- TURBANS IN FANCY COLOURS

- EAST INDIAN, WEST INDIAN & FIJIAN GROCERY
- TROPICAL FRESH VEGETABLES AVAILABLE AT ALL TIMES

PHONE: 439-4159 or 439-5261, FOR OUT OF TOWN ORDERS

▼ LISTENER'S CHOICE:

INDIAN RECORDS, TAPES, VIDEO FILMS & VIDEO RECORDERS

FOR FRIENDLY SERVICE — VISIT US...

## ASIA IMPORT HOUSE

7912 - 104 STREET
EDMONTON, ALBERTA
439-4159
439-5261

TIPASKAN CENTRE
3230 - 82 STREET
EDMONTON, ALBERTA
468-6749

ਕਹਾਣੀ

# ਸਦਾ ਨਹੀਂ ਇਵੇਂ ਹੁੰਦਾ ਰਹੇਗਾ

ਹਰੀਪਾਲ

"ਅੰਟੀ ਕਿਵੇਂ ਗਾਲਾਂ ਕੱਢਦੀ ਆਉਂਨੀਆ", ਮੈਂ ਦੇਖਿਆ ਅੰਟੀ ਜਦੋਂ ਕਾਰਡ ਪੰਚ ਕਰਵਾ ਕੇ ਮੁੜੀ ਬੁੜ ਬੁੜ ਕਰਦੀ ਹੀ ਤੁਰੀ ਆਉਂਦੀ ਸੀ। "ਢਹਿ ਜਾਣੇ ਸਰਬੇ ਨੇ ਅੱਧਾ ਪੰਚ ਹੀ ਕੀਤਾ ਹੈ।" ਅੰਟੀ ਪਿਛਾਂਹ ਨੂੰ ਝਾਕਦੀ ਗਾਲਾਂ ਕੱਢਦੀ ਤੁਰੀ ਆਉਂਦੀ ਸੀ। ਗ਼ਮ ਅੰਟੀ ਦੇ ਗੋਡਿਆਂ ਤੱਕ ਚੜ੍ਹਿਆ ਹੋਇਆ ਸੀ। "ਅੰਟੀ ਬਾਲਟੀ ਤਾਂ ਤੇਰੀ ਭਰੀ ਹੋਈ ਸੀ" ਮੈਂ ਦੇਖਿਆ ਸੀ ਬਾਲਟੀ ਵਿਚ ਚਾਰ ਦਾਣੇ ਸਪਰੌਟਾਂ ਦੇ ਵੱਧ ਸਨ ਘੱਟ ਨਹੀਂ।

"ਕਹਿੰਦਾ ਵਿਚ ਗਲੇ ਹੋਏ ਬਹੁਤ ਸੀ, ਮਰ ਜਾਣਾ, ਢਹਿ ਜਾਣਾ" ਅੰਟੀ ਜਿਸ ਤੋਂ ਤੁਰਿਆ ਵੀ ਮਸਾਂ ਹੀ ਜਾਂਦਾ ਸੀ ਇਸ ਅਨਿਆਏ 'ਤੇ ਲੂੰ ਲੂੰ ਜਲ ਰਹੀ ਸੀ। ਵਿਚਾਰੀ ਇਹ ਕਹਿ ਕੇ ਫੇਰ ਸਪਰੌਟਾਂ ਦੇ ਡੰਡੇ ਵੱਢਣ ਜਾ ਲੱਗੀ। ਅੰਟੀ ਤੇ ਫੌਜੀ ਅੰਕਲ ਦੀ ਸਾਂਝ ਸੀ। ਦੋਨਾਂ ਦੀ ਉਮਰ ਵੀ ਚੰਗੀ ਹੀ ਸੀ। ਅੰਟੀ ਸਪਰੌਟਾਂ ਦੇ ਡੰਡੇ ਵੱਢਦੀ ਰਹਿੰਦੀ ਅਤੇ ਅੰਕਲ ਸਪਰੌਟ ਤੋੜ ਤੋੜ ਬਾਲਟੀਆਂ ਵਿਚ ਪਾਉਂਦਾ ਰਹਿੰਦਾ। ਜਦ ਇਕ ਅੱਧੀ ਬਾਲਟੀ ਭਰ ਜਾਂਦੀ ਤਾਂ ਅੰਟੀ ਬਾਲਟੀ ਬਾਲਟੀ ਚੱਕ ਕੇ ਕਾਰਡ ਪੰਚ ਕਰਵਾਉਣ ਚਲੀ ਜਾਂਦੀ। ਅੰਕਲ ਨੂੰ ਬਾਲਟੀ ਚੱਕਣੀ ਔਖੀ ਸੀ। ਅੰਕਲ ਤੇ ਅੰਟੀ ਵਿਚਾਰੇ ਜਿੰਨੀਆਂ ਬਾਲਟੀਆਂ ਸਪਰੌਟਾਂ ਦੀਆਂ ਤੋੜਦੇ ਪੰਚ ਅੱਧੋ ਅੱਧੀ ਆਪਣੇ ਆਪਣੇ ਕਾਰਡਾਂ ਤੇ ਕਰਵਾ ਲੈਂਦੇ। ਸਾਰਾ ਦਿਨ ਮਰ ਖਪ ਕੇ ਵਿਚਾਰਿਆਂ ਦੇ ਛੇ ਛੇ ਪੰਚ ਹੀ ਮਸਾਂ ਹੀ ਹੋਏ ਹੁੰਦੇ। ਇਕ ਪੰਚ ਇਕ ਡਾਲੇ ਦਾ, ਵਿਚਾਰਿਆਂ ਦੇ ਛੇ ਛੇ ਡਾਲੇ ਮਸਾਂ ਬਣਦੇ। ਉਪਰੋਂ ਜ਼ੁਲਮ ਸਾਈਂ ਦਾ ਜਦ ਸਰਬੇ ਵਰਗਾ ਭਰੀ ਹੋਈ ਬਾਲਟੀ ਦਾ ਅੱਧਾ ਪੰਚ ਕਰ ਦਿੰਦਾ।

ਅੰਟੀ ਹੋਰਾਂ ਦੇ ਨਾਲ ਲਗਦੀ ਰੋਅ ਵਿਚ ਮੈਂ ਗੁਰਮਾ ਵਾਲੇ ਪਿਆਰੇ ਅੰਕਲ ਨਾਲ ਸਪਰੌਟ ਤੋੜਦਾ ਸੀ। "ਅੰਕਲ ਇਹ ਤਾਂ ਸਰਾਸਰ ਧੱਕਾ ਹੈ ਸਰਬੇ ਦਾ, ਇਹ ਨਹੀਂ ਹੋਣਾ ਚਾਹੀਦਾ", ਮੈਨੂੰ ਬਹੁਤ ਗੁੱਸਾ ਆ ਰਿਹਾ ਸੀ। "ਤੂੰ ਮੋਲਾ ਕੀ ਲੈਣਾ, ਤੂੰ ਆਪਣੀ ਸਟੈਂਪਾਂ ਬਣਾ ਤੇ ਖਿਸਕਦਾ ਹੋ, ਕਿਤੇ ਮਿਲ ਵਿਚ ਕੰਮ ਭਾਲ ਲਵੀਂ, ਤੂੰ ਇਨ੍ਹਾਂ ਤੋਂ ਕੀ ਲੈਣਾ, ਏਥੇ ਤਾਂ ਬੁੜੇ ਠੇਰੇ ਕਰਦੇ ਨੇ ਕੰਮ, ਇਵੇਂ ਹੁੰਦਾ ਆਇਆ ਹੈ, ਏਵੇਂ ਹੀ ਰਹਿਣਾ ਹੈ" ਅੰਕਲ ਚਾਹੁੰਦਾ ਸੀ ਮੈਂ ਸਮਝ ਜਾਵਾਂ ਇਸ ਦੁਨੀਆਦਾਰੀ ਨੂੰ।

ਥੋੜੇ ਚਿਰ ਬਾਅਦ ਕਈਆਂ ਕੁਝ ਘਟ ਗਈਆਂ ਸਨ। ਸਾਰਿਆਂ ਨੇ ਸੈਨਤ ਰਲਾਈ ਬਈ ਚਾਹ ਪੀਤੀ ਜਾਵੇ। ਮੈਂ ਤਾਂ ਚਾਹ ਪੀਣ ਦੇ ਟਾਇਮ ਨੂੰ ਉਡੀਕਦਾ ਹੀ ਰਹਿੰਦਾ ਸੀ। ਕਿਉਂਕਿ ਚਾਹ ਦੇ ਟਾਇਮ ਹੀ ਆਪਸ ਵਿਚ ਮਾੜੀ ਮੋਟੀ ਗੱਲ ਬਾਤ ਹੁੰਦੀ ਸੀ ਨਹੀਂ ਤਾਂ ਸਾਰੇ ਆਪੋ ਆਪਣੇ ਕੰਮਾਂ ਵਿਚ ਬਿਜ਼ੀ ਰਹਿੰਦੇ ਸਨ। ਸਾਡੇ ਨਾਲ ਰੁਪਾਣੇ ਦਾ ਇਕ ਮੁੰਡਾ ਵੀ ਸਪਰੌਟ ਤੋੜਦਾ ਹੁੰਦਾ ਸੀ, ਨਾਂ ਸੀ ਉਸਦਾ ਦੇਵ। ਉਸਦੀ ਇਕ ਅੱਖ ਕਾਲੀ ਸੀ ਅਤੇ ਇਕ ਨੀਲੀ। ਜੇਕਰ ਉਸ ਨੂੰ ਕਹਿਣਾ ਤੇਰੀ ਇਕ ਅੱਖ ਦਾ ਰੰਗ ਨੀਲਾ ਕਿਉਂ ਹੈ ਤਾਂ ਉਸਨੇ ਜਵਾਬ ਦੇਣਾ, "ਡਿੱਪਰ ਮਾਰਨ ਨੂੰ ਰੱਖੀ ਆ" — ਉਸਦੀ ਗੱਲ ਸੁਣ ਕੇ ਬਹੁਤ ਹਾਸਾ ਆਉਂਦਾ। ਅੰਟੀ ਵਾਲੀ ਗੱਲ ਮੇਰੇ ਦਿਮਾਗ ਵਿਚ ਅਜੇ ਵੀ ਘੁੰਮ ਰਹੀ ਸੀ। "ਦੇਵ ਯਾਰ ਆ ਅੰਟੀ ਤੇ ਅੰਕਲ ਵਿਚਾਰੇ ਦੋਵੇਂ ਰਲ ਕੇ ਅੱਠ ਦੱਸ ਬਾਲਟੀਆਂ ਮਸਾਂ ਹੀ ਤੋੜਦੇ ਹੋਣਗੇ, ਸਰਬਾ ਇਨ੍ਹਾਂ ਦੀ ਵੀ ਭਰੀ ਹੋਈ ਬਾਲਟੀ ਦਾ ਕਈ ਵਾਰ ਅੱਧਾ ਪੰਚ ਹੀ ਕਰਦਾ ਹੈ, "ਯਾਰ ਇਹ ਗੱਲ ਬਹੁਤ ਮਾੜੀ ਹੈ" ਚਾਹ ਦਾ ਕੱਪ ਮੁਕਾ ਕੇ ਮੈਂ ਦੁਬਾਰਾ ਫੇਰ ਭਰਨ ਲੱਗ ਪਿਆ। ਦੇਵ ਨੇ ਚਾਹ ਪੀ ਕੇ ਸਿਗਰਟ ਸੁਲਗਾਈ ਅਤੇ ਕਸ਼ ਖਿੱਚ ਕੇ ਬੜੀ ਡੂੰਘੀ ਜਿਹੀ ਤੱਕਣੀ ਮੇਰੇ ਤੇ ਸਿਟਦਿਆਂ ਬੋਲਿਆ, "ਅਸਲ ਵਿਚ ਬਾਈ ਤੂੰ ਪੜ੍ਹਿਆ ਲਿਖਿਆ ਤਾਂ ਬਹੁਤ ਹੈਂ, ਸਮਝਦਾਰ ਪਰ ਤੂੰ ਮੈਨੂੰ ਐਨਾ ਲੱਗਦਾ ਨਹੀਂ।"

ਮੈਂ ਸਟਪਟਾ ਗਿਆ ਬਈ ਇਹ ਕਹੀ ਕੀ ਜਾਂਦਾ।

"ਕਿਉਂ ਐਡੀ ਕਿਹੜੀ ਗੱਲ ਹੈ, ਜਿਹੜੀ ਮੇਰੀ ਸਮਝ ਤੋਂ ਬਾਹਰ ਹੈ।"

ਇਕ ਸੂਟਾ ਮਾਰ ਕੇ ਦੇਵ ਨੇ ਸਿਗਰਟ ਮਸਲ ਦਿੱਤੀ ਤੇ ਫੇਰ ਮੇਰੇ ਵੱਲ ਝਾਕਿਆ, "ਤੈਨੂੰ ਪਤਾ ਲੱਗ ਜੂ ਬਾਈ ਆਥਣ ਸਵੇਰ, ਬਈ ਇਨ੍ਹਾਂ ਸਮਝ ਲਾ ਜੇਕਰ ਬਾਈ ਅੰਟੀ ਦੀ ਉਮਰ ਹੁੰਦੀ ਵੀਹ ਕੁ ਸਾਲ ਦੀ ਤੇ ਅੰਟੀ ਆਪ ਦੇ ਕਾਰਡ ਨੂੰ ਰੇਨ ਕੋਟ ਦੇ ਅਦਰਲੇ ਪਾਸੇ ਸੁਆਟਰ ਦੇ ਉਪਰ ਲਾ ਕੇ ਰੱਖਦੀ ਫੇਰ ਅੰਟੀ ਦੀ ਵੀ ਇਕ ਇਕ ਬਾਲਟੀ ਦੇ ਦੋ ਦੋ ਪੰਚ ਲੱਗਿਆ ਕਰਦੇ, ਸਮਝ ਗਿਆ ?" ਤੇ ਦੇਵ ਏਨੀ ਗੱਲ ਕਹਿ ਕੇ ਆਪਦੀ ਰੋਅ ਵੱਲ ਨੂੰ ਤੁਰ ਗਿਆ।

ਚਾਹ ਪੀ ਕੇ ਸਾਰੇ ਫੇਰ ਆਪੋ ਆਪਣੇ ਕੰਮਾਂ ਤੇ ਜਾ ਲੱਗੇ। ਗੋਰਾ ਮਾਲਕ ਇਕ ਗੇੜਾ ਜਿਹਾ ਮਾਰ ਕੇ ਚਲਿਆ ਗਿਆ ਸੀ। ਗੋਰੇ ਮਾਲਕ ਦਾ ਦੇਸੀ ਫੋਰਮੈਨ ਰੋਆਂ ਵਿਚ ਗੇੜੇ ਕੱਢਦਾ ਫਿਰਦਾ ਸੀ। ਕਦੇ ਕਿਸੇ ਦੀ ਸਪਰੌਟਾਂ ਦੀ ਬਾਲਟੀ ਵਿਚ ਨਘੋਚ ਕੱਢ ਦਿੰਦਾ ਕਦੇ ਕਦੇ ਐਵੇਂ ਹੀ ਕਿਸੇ ਦੀ ਬਾਲਟੀ 'ਚੋਂ ਪੰਜ ਸੱਤ ਦਾਣੇ ਸਪਰੌਟਾਂ ਦੇ ਕੱਢ ਕੇ ਬਾਹਰ ਸੁੱਟ ਦਿੰਦਾ।

"ਕਿਵੇਂ ਜੰਕ (ਗੰਦ) ਕੱਠਾ ਕਰ ਕਰ ਬਾਲਟੀਆਂ ਭਰੀ ਜਾਂਦੀਆ ਜੰਤਾ" ਇਹ ਗੱਲ ਉਸਦੇ ਮੂੰਹ ਤੇ ਚੜ੍ਹੀ ਹੋਈ ਸੀ। ਇਸ ਗੱਲ ਨੂੰ ਸੁਣਨ ਦੇ ਸਭ ਦੇ ਕੰਨ ਆਦੀ ਹੋ ਗਏ ਸਨ।

ਹਰ ਰੋਜ਼ ਇਸ ਤਰ੍ਹਾਂ ਹੀ ਹੋ ਰਿਹਾ ਸੀ। ਜਦੋਂ ਸ਼ਾਮ ਨੂੰ ਪਤਾ ਲਗਦਾ ਫਲਾਣੀ ਨੇ ਸੱਤਰ ਬਾਲਟੀਆਂ ਤੋੜ ਦਿੱਤੀਆਂ ਤਾਂ ਮੈਨੂੰ ਬੜੀ ਹੈਰਾਨੀ ਹੁੰਦੀ। ਮੈਂ ਹੈਰਾਨ ਸੀ ਕਿ ਚਾਲੀ ਕੁ ਤਾਂ ਮੈਥੋਂ ਵੀ ਮਰਕੇ ਟੁੱਟਦੀਆਂ ਹਨ ਇਹ ਸੱਤਰ ਸੱਤਰ ਕਿਵੇਂ ਤੋੜ ਦਿੰਦੀਆਂ ਹਨ। ਪਰ ਆਮ ਲੋਕਾਂ ਨੂੰ ਖਾਸ ਹੈਰਾਨੀ ਨਾ ਹੁੰਦੀ।

ਇਹ ਕੌਣ ਸਨ ਸਾਡੇ ਨਾਲ ਕੰਮ ਕਰਦੀਆਂ ਦੋ ਕੁੜੀਆਂ। ਜੇ ਇਕ ਦੇ ਸੱਤਰ ਪੰਚ ਹੁੰਦੇ ਦੂਜੀ ਦੇ ਬਹੱਤਰ। ਕਦੇ ਕਦੇ ਸੋਚਦਾ ਬੁੜੀਆਂ ਦਾ ਕਪਾਹ ਵਗੈਰਾ ਚੁਗਣ ਲਈ ਹੱਥ ਬਹੁਤ ਤੇਜ਼ ਚਲਦਾ ਹੈ, ਇਸੇ ਤਰ੍ਹਾਂ ਇਨ੍ਹਾਂ ਦਾ ਹੱਥ ਸਪਰੌਟ ਵਗੈਰਾ ਤੋੜਨ ਨੂੰ ਵੀ ਬੰਦਿਆਂ ਨਾਲੋਂ ਤੇਜ਼ ਚਲਦਾ ਹੋਵੇਗਾ। ਇਹ ਸੋਚ ਕੇ ਯਕੀਨ ਜਿਹਾ ਕਰ ਲੈਣਾ।

ਲੋਕਾਂ ਨਾਲ ਤੂੜੀ ਵਾਂਗ ਭਰੀਆਂ ਬੱਸਾਂ ਫਾਰਮ ਵਿਚ ਸਵੇਰੇ ਸਵੇਰੇ ਪਹੁੰਚ ਜਾਂਦੀਆਂ ਤੇ ਤੂੜੀ ਵਾਂਗੂ ਭਰ ਕੇ ਸ਼ਾਮ ਨੂੰ ਵਾਪਸ ਚਲੀਆਂ ਜਾਂਦੀਆਂ। 'ਅੱਜ ਫਲਾਣੀ ਨੇ ਐਨੀਆਂ ਬਾਲਟੀਆਂ ਤੋੜੀਆਂ ਅੱਜ ਫਲਾਣੀ ਨੇ ਐਨੀਆਂ' ਇਹ ਗੱਲ ਸਭ ਦੇ ਕੰਨਾਂ ਦੇ ਆਲੇ ਦੁਆਲੇ ਚੱਕਰ ਕੱਢਦੀ ਰਹਿੰਦੀ।

ਇਕ ਦਿਨ ਇਕ ਨਵੀਂ ਹੀ ਘਟਨਾ ਵਾਪਰੀ। ਕੈਲਗਰੀ ਤੋਂ ਇਕ ਕੁੜੀ ਆਈ ਹੋਈ ਸੀ। ਫਾਰਮਰ ਦੀਆਂ ਕੈਬਨਾਂ ਵਿਚ ਰਹਿੰਦੀ ਸੀ। ਪੰਜਾਹ ਬਾਲਟੀਆਂ ਤਾਂ ਉਸਦੀਆਂ ਵੀ ਹੋ ਗਈਆਂ ਸਨ। ਜਦ ਉਹ ਹੁਣ ਦੋ ਬਾਲਟੀਆਂ ਲੈ ਕੇ ਪੰਚ ਕਰਵਾਉਣ ਆਈ ਤਾਂ ਸਰਬੇ ਨੇ ਦੇਸੀ ਫੋਰਮੈਨ ਨਾਲ ਅੱਖ ਰਲਾਉਂਦਿਆਂ ਦੋ ਦੀ ਜਗਾਹ ਤੇ ਚਾਰ ਪੰਚ ਕਰ ਦਿੱਤੇ। ਉਹ ਬੜੀ ਹੈਰਾਨ ਹੋਈ। "ਅੰਕਲ ਦਿਨ ਤਾਂ ਥੋੜਾ ਹੀ ਰਹਿੰਦਾ ਹੈ, ਚਾਰ ਪੰਚ ਕਾਸਤੋਂ ਕਰਤੇ" ਉਹ ਬੜੀ ਹੈਰਾਨ ਹੋਈ, ਫੇਰ ਡੰਡਲਾਂ ਦੇ ਢੇਰ ਕੋਲ ਪਈਆਂ ਦੋ ਖਾਲੀ ਬਾਲਟੀਆਂ ਵੱਲ ਇਸ਼ਾਰਾ ਕਰਕੇ ਬੋਲੀ, "ਉਹ ਤਾਂ ਅੰਕਲ ਦੋਵੇਂ ਖਾਲੀ ਹਨ।" ਸਰਬਾ ਆਪਦੇ ਨਿੱਕੇ ਮਾਲਕ ਵੱਲ ਝਾਕਿਆ। ਦੇਸੀ ਫੋਰਮੈਨ ਨੇ ਆਲਾ ਦੁਆਲਾ ਦੇਖਿਆ ਉਥੇ ਨੇੜੇ ਨੇੜੇ ਕੋਈ ਨਹੀਂ ਸੀ, "ਬਾਲਟੀਆਂ ਕੌਣ ਪੁੱਛਦਾ — ਰਾਤ ਨੂੰ ਕੈਬਨਾਂ 'ਚ ਐਨਾ ਰਾਮ ਰੌਲਾ ਹੁੰਦਾ ਪਤਾ ਲੱਗਦਾ ਕਿ ਕਿਸੇ ਗੱਲ ਦਾ — ਕੈਬਨਾਂ ਦੇ ਨਾਲ ਲਗਦੇ ਖੱਬੇ ਪਾਸੇ ਵਾਲੇ ਟਰੇਲੇ 'ਚ ਆ ਜਾਵੀਂ .... ਪੰਚਾਂ ਦਾ ਕੀ ਹੈ ਜਿੰਨੇ ਕਹੇਂ ਕਰਾ ਦਿਆਂ ਕਰੂੰ।"

ਅਜੇ ਗੱਲ ਪੂਰੀ ਵੀ ਨਹੀਂ ਸੀ ਹੋਈ ਕਿ ਕੁੜੀ ਨੇ ਹੱਥ ਵਿਚਲੀ ਖਾਲੀ ਬਾਲਟੀ ਵਗਾਹ ਕੇ ਉਹਦੇ ਮੂੰਹ ਤੇ ਮਾਰੀ, "ਹਰਾਮਜ਼ਾਦੇ ਕੁੱਤੇ... ਤੂੰ ਸਮਝਦਾ ਕੀ ਆਂ... ਅਸੀਂ ਮਜ਼ਦੂਰੀ ਜ਼ਰੂਰ ਕਰਦੀਆਂ ਕੰਜਰੀਆਂ ਨਹੀਂ..."

ਤੇ ਉਹ ਚਾਰੋ ਚਾਰ ਰੋਣ ਲੱਗ ਪਈ।

ਹੋਰ ਲੋਕ ਵੀ ਕੰਮ ਛੱਡ ਕੇ ਉਧਰ ਨੂੰ ਭੱਜ ਆਏ। ਕੁੜੀ ਦੇ ਅੱਥਰੂਆਂ ਤੋਂ ਵਾਰ ਵਾਰ ਪੁੱਛਣ ਦੀ ਲੋੜ ਨਹੀਂ ਸੀ। ਸਭ ਦੀਆਂ ਅੱਖਾਂ ਚੰਗਿਆੜੇ ਛੱਡਣ ਲੱਗੀਆਂ। ਦੇਸੀ ਫੋਰਮੈਨ ਤੇ ਉਹਦਾ ਕਾਰਡ ਪੰਚ ਕਰਨ ਵਾਲਾ ਚਮਚਾ ਵੈਨ 'ਚ ਵੜ ਕੇ ਭੱਜ ਗਏ। ਪਰਾਂ ਤੋਂ ਬਰੋਕਲੀ ਤੋੜਨ ਵਾਲੇ ਰੌਲਾ ਸੁਣ ਕੇ ਇਧਰ ਨੂੰ ਭੱਜ ਤੁਰੇ। ਬਈਂ ਦੇ ਨਾਲ ਲੱਗਦੇ ਘਾਹ ਜਿਹੇ ਤੇ ਲੋਕਾਂ ਦਾ ਇਕੱਠ ਹੋ ਗਿਆ। ਕੁਝ ਬੁੜੀਆਂ ਉਸ ਕੁੜੀ ਨੂੰ ਚੁੱਪ ਕਰਵਾ ਰਹੀਆਂ ਸਨ। "ਉਸਦਾ ਐਨੀ ਗੱਲ ਕਹਿਣ ਦਾ ਹੌਂਸਲਾ ਕਿਵੇਂ ਪਿਆ' ਸਾਰੇ ਇਕ ਦੂਜੇ ਦੇ ਮੂੰਹ ਵੱਲ ਤੱਕ ਰਹੇ ਸਨ।

"ਜੋ ਕੁਝ ਹੋ ਰਿਹਾ ਪਤਾ... ਅੱਖਾਂ ਸਭ ਦੀਆਂ ਕੰਮ ਕਰਦੀਆਂ ਸੀ, ਜਦੋਂ ਅਗਲੀਆਂ ਹੀ ਨਹੀਂ ਮੂਹਰੇਂ ਬੋਲਦੀਆਂ ਤਾਂ ਕਿਸੇ ਨੇ ਕੀ ਲੈਣਾ" ਦੇਵ ਜਾਣਦਾ ਸੀ ਇਨ੍ਹਾਂ ਗੱਲਾਂ ਦਾ ਪਤਾ ਸਭ ਨੂੰ ਸੀ। ਫੇਰ ਦੇਵ ਮੇਰੇ ਵੱਲ ਝਾਕਿਆ, "ਹੁਣ ਤੈਨੂੰ ਲੱਗਿਆ ਪਤਾ ਬਈ ਕਿਵੇਂ ਅੱਸੀ ਅੱਸੀ ਬਾਲਟੀਆਂ ਟੁੱਟਦੀਆਂ।"

"ਉਸ ਦੀ 'ਇਹ ਮਜਾਲ", ਸਭ ਦੀਆਂ ਅੱਖਾਂ ਵਿਚ ਖ਼ੂਨ ਉਤਰ ਰਿਹਾ ਸੀ। ਥੋੜੇ ਚਿਰ ਬਾਅਦ ਇਕ ਨੌਜੁਆਨ ਨੇ ਇਕ ਖਾਲੀ ਬਕਸੇ ਨੂੰ ਮੂਧਾ ਕਰਕੇ ਉਚਾ ਚੜ੍ਹ ਕੇ ਬੋਲਣਾ ਸ਼ੁਰੂ ਕੀਤਾ, 'ਹੌਂਸਲਾ ਉਸਦਾ ਤਾਂ ਪਿਆ ਬਈ ਥੋੜਾ ਸੌਥਾ ਨਹੀਂ', ਜਿਦੋਂ ਥੋੜਾ ਸੌਥਾ ਹੋ ਗਿਆ ਉਦੋਂ ਹੀ ਯੂਨੀਅਨ ਬਣ ਗਈ ਸਮਝੋ, ਤੇ ਜਿਦੋਂ ਬਣ ਗਈ ਯੂਨੀਅਨ ਹੇਮੂ ਦੀਆਂ ਚੱਲਣੀਆਂ ਉਦੋਂ ਹੀ ਬੰਦ।"

"ਹਾਂ ਤੇਰੀਆਂ ਗੱਲਾਂ ਠੀਕ ਨੇ", ਸਾਰੇ ਉਸਦੀ ਹਾਂ ਵਿਚ ਹਾਂ ਮਿਲਾ ਰਹੇ ਸੀ। ਤੇ ਦੇਵ ਨੇ ਮੇਰੇ ਕੋਲ ਆ ਕੇ ਸਿਗਰਟ ਦਾ ਪੈਕਟ ਖੋਲਦੇ ਨੇ ਕਿਹਾ, "ਕੁੜੀ ਨੇ ਰੌਲਾ ਪਾ ਕੇ ਸੁਆਦ ਲਿਆਤਾ, ਕੁੜੀਆਂ ਤਾਂ ਸਭ ਦੀਆਂ ਸਾਂਝੀਆਂ ਨੇ, ਹੁਣ ਦੇਖੀਂ ਯੂਨੀਅਨ ਬਣਦੀ।"

ਦੇਵ ਨੇ ਸਿਗਰਟ ਲਾ ਲਈ ਤੇ ਕਸ਼ ਖਿੱਚ ਕੇ ਜਦ ਦੇਵ ਨੇ ਧੂੰਆਂ ਫਾਰਮ ਵੱਲ ਛਡਿਆ ਤਾਂ ਇੰਜ ਲੱਗਿਆ ਇਹ ਧੂੰਆਂ ਬਰੂਦ ਬਣ ਕੇ ਬੇ-ਇਨਸਾਫ਼ੀ ਨੂੰ ਮਚਾ ਦੇਵੇਗਾ।

"ਪਰ ਦੇਵ ਯੂਨੀਅਨ ਐਡੀ ਛੇਤੀ ਨਹੀਂ ਬਣਨ ਲੱਗੀ", ਗੁਰਮਾ ਵਾਲੇ ਪਿਆਰੇ ਦੇ ਬਜ਼ੁਰਗ ਹੱਡ ਨਹੀਂ ਮੰਨ ਰਹੇ ਸਨ।

ਦੇਵ ਨੇ ਇਕ ਕਸ਼ ਹੋਰ ਖਿੱਚ ਕੇ ਸਿਗਰਟ ਪੈਰ ਹੇਠ ਮਸਲ ਦਿੱਤੀ ਤੇ ਬੋਲਿਆ, "ਯੂਨੀਅਨ ਚਾਹੇ ਬਣਜੇ ਅੱਜ... ਚਾਹੇ ਜਦੋਂ ਮਰਜ਼ੀ... ਪਰ ਗੱਲ ਤਾਂ ਚੱਲੀ ਆ .. ਜ਼ੁਲਮ ਦੇ ਉਲਟ... ਤੇ ਜਦੋਂ ਜ਼ੁਲਮ ਦੇ ਖਿਲਾਫ ਗੱਲ ਚੱਲੇ ਤਾਂ ਉਸਦਾ ਨਤੀਜਾ ਵੀ ਜ਼ਰੂਰ ਨਿਕਲਦਾ।"

ਫੇਰ ਦੇਵ ਨੇ ਕੁਝ ਚਿਰ ਪਿਆਰੇ ਅੰਕਲ ਦੀਆਂ ਅੱਖਾਂ ਵੱਲ ਦੇਖਿਆ, ਫੇਰ ਕੁਝ ਸੋਚ ਕੇ ਬੋਲਿਆ, "ਅੰਕਲ ਜਿਹੜਾ ਤੂੰ ਕਹਿੰਦਾ ਹੁੰਦਾ ਸੀ, ਇਸੇ ਤਰ੍ਹਾਂ ਹੁੰਦੀ ਆਈ ਹੈ... ਇਵੇਂ ਹੁੰਦੀ ਰਹੇਗੀ... ਇਸ ਲਫਜ਼ ਨੂੰ ਬਦਲ ਦੇਹ", ਤੇ ਪਿਆਰੇ ਅੰਕਲ ਦੇ ਮੋਢੇ ਹੱਥ ਰੱਖ ਕੇ ਬੋਲਿਆ, "ਹੁਣ ਜਦ ਕਿ ਮਜ਼ਦੂਰਾਂ ਦਾ ਸੌਥਾ ਹੋ ਰਿਹਾ ਹੈ ਤੂੰ ਇਹ ਲਫਜ਼ ਕਿਹਾ ਕਰ : 'ਸਦਾ ਇਸ ਤਰ੍ਹਾਂ ਨਹੀਂ ਹੁੰਦਾ ਰਹੇਗਾ।"

ਪਿਆਰੇ ਅੰਕਲ ਦੇ ਚਿਹਰੇ ਤੋਂ ਲਗਦਾ ਸੀ, ਜਿਵੇਂ ਕਹਿ ਰਿਹਾ ਹੋਵੇ "ਹਾਂ ਹਾਂ ਦੇਵ ਹੁਣ ਨਹੀਂ ਐਦਾਂ ਹੁੰਦਾ ਰਹਿਣਾ।"

**(FORT NELSON, B. C.)**

ਕਹਾਣੀ

# ਲਹੂ ਭਿੱਜੀ ਲਾਸ਼

ਮੱਖਣ ਟੁੱਟ

ਕੌਫ਼ੀ ਟਾਈਮ ਦੀ ਵਿਸਲ ਵੱਜੀ ਤਾਂ ਦੇਵ ਲੰਚ ਕਿਟ ਚੁਕ ਕੇ ਲੱਕੜਾਂ ਦੇ ਛੋਟੇ ਜਿਹੇ ਢੇਰ ਤੇ ਜਾ ਬੈਠਾ। ਮੀਂਹ ਪੈਂਦੇ 'ਚ ਉਹ ਕਦੀ ਲੰਚ ਰੂਮ 'ਚ ਨਹੀਂ ਗਿਆ ਸੀ। ਉਹ ਤੇ ਬਾਪੂ ਬਿਸ਼ਨਾ ਕੌਫੀ ਜਾਂ ਲੰਚ ਟਾਈਮ ਦੀ ਵਿਸਲ ਵਜਦੇ ਸਾਰ ਇਥੇ ਹੀ ਖਾਣ ਪੀਣ ਬਹਿ ਜਾਇਆ ਕਰਦੇ ਸਨ। ਦਿਲ ਗੁਜ਼ਰੀਆਂ ਦੀ ਭਾਫ ਉਹ ਕਦੀ ਕਦੀ ਬਾਪੂ ਬਿਸ਼ਨੇ ਕੋਲ ਕੱਢ ਲੈਂਦਾ। ਦੁਖ ਦਰਦ ਫੋਲਦਿਆਂ ਪਤਾ ਨਹੀਂ ਟਾਈਮ ਕਦ ਝਟ ਪਟ ਬੀਤ ਜਾਂਦਾ। ਥਰਮਸ ਬੋਤਲ 'ਚੋਂ ਉਹਨੇ ਚਾਹ ਕੱਪ 'ਚ ਪਾਈ ਤੇ ਪੀਣ ਲੱਗਾ। ਦੋ ਕੁ ਘੁੱਟਾਂ ਭਰ ਕੇ ਉਹਨੇ ਕੱਪ ਹੇਠਾਂ ਰੱਖ ਦਿੱਤਾ। ਉਹ ਸੋਚਣ ਲੱਗ ਪਿਆ ਕਿ ਸਵੇਰੇ ਸੁਣੀ ਅਫਵਾਹ ਜੇ ਸੱਚ ਹੋਈ ਤਾਂ ਉਹਦੇ ਦਿਲ ਦੇ ਅਰਮਾਨ ਕਿਤੇ ਦੱਬੇ ਹੀ ਨਾ ਰਹਿ ਜਾਣ। ਉਹ ਕਿਸੇ ਕੋਲ ਆਪਣੇ ਦਿਲ ਦੀ ਭਾਫ ਕੱਢਣਾ ਚਾਹੁੰਦਾ ਸੀ। ਪਰ ਉਹ ਇਕੱਲਾ ਹੀ ਬੈਠਾ ਸੀ। ਬਾਪੂ ਬਿਸ਼ਨੇ ਨੂੰ ਸੀਡਰ ਨਾਲ ਹੋਈ ਸਾਹ ਦੀ ਕਸਰ ਕਰਕੇ ਉਹਦੇ ਕੋਲੋਂ ਰੇਨ ਦੇ ਫੱਟੇ ਨਹੀਂ ਖਿੱਚ ਹੁੰਦੇ ਸੀ ਜਿਸ ਕਰਕੇ ਉਹ ਕਿਸੇ ਹੋਰ ਕੰਮ ਤੇ ਜਾ ਲੱਗਾ ਸੀ। ਇਕੱਲਾ ਬੈਠਾ ਦੇਵ ਡੂੰਘੀਆਂ ਸੋਚਾਂ 'ਚ ਡਿੱਗਾ ਕਿਸੇ ਤੋਂ ਹੁੰਗਾਰਾ ਚਾਹੁੰਦਾ ਸੀ। ਉਹ ਨਿੱਕਾ,ਹੁੰਦਾ ਦਾਦੀ ਤੋਂ ਕਹਾਣੀਆਂ ਸੁਣਦਾ ਹੁੰਦਾ ਸੀ ਜਿਨ੍ਹਾਂ 'ਚ ਪੰਛੀ, ਰੁੱਖ, ਹਵਾ, ਦਰਿਆ ਗੱਲਾਂ ਕਰਦੇ ਦੱਸੇ ਗਏ ਸੀ। ਉਹਦਾ ਧਿਆਨ ਲਾਗਦੀ ਵਹਿੰਦੇ ਦਰਿਆ ਤੇ ਪਿਆ। ਫਰੇਜ਼ਰ ਦਰਿਆ ਦੀ ਸ਼ਾਂਤ ਰਵਾਨਗੀ ਉਹਨੂੰ ਕਿਸੇ ਬਹਿਰੇ ਪੁਜਾਰੀ ਵਰਗੀ ਲੱਗੀ ਜੋ ਆਏ ਸ਼ਰਧਾਲੂਆਂ ਤੋਂ ਪੂਜਾ ਪਾਠ ਦੀ ਸਮੱਗਰੀ ਲੈ ਭਗਵਾਨ ਦੇ ਬੇਜਾਨ ਬੁੱਤ ਤੇ ਚਾੜ੍ਹ ਕੇ ਆਪਣੀ ਰਸਮ ਪੂਰੀ ਕਰੀ ਜਾਂਦਾ, ਪਰ ਇਹ ਨਾ ਸੁਣ ਸਕਦਾ ਕਿ ਫੁੱਲ ਚੜ੍ਹਾਉਣ ਵਾਲੀ ਕਿਸੇ ਦੁਖਿਆਰੀ ਨੇ ਸੱਖਣੀ ਝੋਲੀ ਲਈ ਪੁੱਤ ਦੀ ਦੁਆ ਮੰਗੀ ਹੈ ਜਾਂ ਰੁੱਸੇ ਖਾਵੰਦ ਨਾਲ ਸੁਲਾਹ ਹੋਣ ਦਾ ਪ੍ਰਸ਼ਾਦ ਸੁੱਖਿਆ ਹੈ। ਬਹਿਰੇ ਪੁਜਾਰੀ ਦੇ ਪੂਜਾ ਕਰਨ ਵਾਂਗ ਹੀ ਇਹ ਦਰਿਆ ਲੱਕੜਾਂ ਦੇ ਢੇਰ ਰੋੜ ਲਿਆਉਂਦਾ ਉਹਨੂੰ ਲੱਖ-ਪਤੀ ਭਗਵਾਨਾਂ ਦੀ ਸੇਵਾ ਕਰਦਾ ਲੱਗਾ। ਉਹਨੂੰ ਲੱਗਾ ਇਹਦੇ ਕੰਢੇ ਤੇ ਬਣੀਆਂ ਲੱਕੜ ਮਿੱਲਾਂ 'ਚ ਕੰਮ ਕਰਦੇ ਅਨੇਕਾਂ ਕਾਮਿਆਂ ਦੀਆਂ ਸੱਧਰਾਂ ਦਰਿਆ ਦੀਆਂ ਉਨ੍ਹਾਂ ਲਹਿਰਾਂ ਵਰਗੀਆਂ ਹਨ ਜੋ ਅੱਧ ਵਿਚਕਾਰੋਂ ਤੂਫਾਨ ਵਾਂਗ ਉੱਠਦੀਆਂ ਪਰ ਕੰਢੇ ਪਹੁੰਚਣ ਤੋਂ ਪਹਿਲਾਂ ਹੀ ਖਤਮ ਹੋ ਜਾਂਦੀਆਂ। ਖੁੰਬਾਂ ਵਾਂਗ ਉੱਠੇ ਅਰਮਾਨ ਸਮੇਂ ਦੀ ਧੂੜ ਹੇਠ ਨੱਪੇ ਜਾਂਦੇ ਅਤੇ ਫਿਰ ਬੇਵਸੀ ਦੇ ਛਰਾਟਿਆਂ ਹੇਠ ਵਹਿੰਦੇ ਗ਼ਮਾਂ ਦੇ ਕਿਸੇ ਦਰਿਆ 'ਚ ਜਾ ਰਲਦੇ। ਪੰਦਰਾਂ ਮਿੰਟਾਂ ਦੇ ਕੌਫ਼ੀ ਟਾਈਮ ਦੇ ਖਤਮ ਹੋਣ ਦੀ ਵਿਸਲ ਵੱਜੀ। ਉਹਦਾ ਧਿਆਨ ਇਕ ਦਮ ਵਹਿੰਦੇ ਦਰਿਆ ਵਲੋਂ ਹਟਿਆ। ਉਹਨੇ ਕੱਪ 'ਚ ਠੰਡੀ ਹੋ ਗਈ ਚਾਹ ਡੋਲ ਦਿੱਤੀ। ਲੰਚ ਕਿਟ 'ਚ ਥਰਮਸ ਰੱਖ ਕੇ ਉਹ ਚੇਨ ਤੇ ਫੱਟੇ ਖਿੱਚਣ ਜਾ ਲੱਗਾ।

ਮੋਹਲੇਧਾਰ ਮੀਂਹ ਨੇ ਉਹਨੂੰ ਇੰਡੀਆ ਦੀ ਸਾਉਣ ਭਾਦੋਂ ਯਾਦ ਕਰਾ ਦਿੱਤੀ। ਕਾਲਿਜ ਦੇ ਬੀਤੇ ਦਿਨਾਂ ਦੀ ਯਾਦ-ਨਿੰਮੀ ਨਿੰਮੀ ਬਰਸਾਤ — ਕਦੀ ਸਾਉਣ ਦੇ ਛਰਾਟੇ ਬਰਸਾਤ ਦੀ ਝੜੀ ਯਾਰਾਂ ਦੋਸਤਾਂ ਦੀ ਮਹਿਫ਼ਲ 'ਚ ਨਿੱਘੀ ਸ਼ਾਮ ਬਣ ਜਾਂਦੀ ਸੀ। ਉਧਾਰ ਦੇ ਹਿਸਾਬ 'ਚ ਖੁਲ੍ਹੀਆਂ ਦਾਰੂ ਦੀਆਂ ਬੋਤਲਾਂ ਮਹਿਫ਼ਲ 'ਚ ਉਹਦਾ ਠਾਠ ਬੰਨ ਦਿੰਦੀਆਂ ਸਨ। ਫ਼ਿਰ ਇਕ ਦਿਨ ਪਿਓ ਦੀ ਅਚਾਨਕ ਮੌਤ ਨੇ ਬੇ-ਫਿਕਰੀ ਦੀ ਅਸਮਾਨੀ ਪੈਂਦੀ ਉਹਦੀ ਸਤਰੰਗੀ ਪੀਂਘ ਤੋੜ ਦਿੱਤੀ। ਕੁਆਰੀਆਂ ਭੈਣਾਂ ਸਣੇ ਸਾਰੇ ਪ੍ਰਵਾਰ ਦੀ ਜ਼ਿੰਮੇਵਾਰੀ ਫਿਕਰਾਂ ਦੇ ਡੋਰੇ ਬਣ ਉਹਦੀਆਂ ਅੱਖਾਂ 'ਚ ਰੜਕਦੀ ਨੀਂਦ ਹਰਾਮ ਕਰ ਜਾਂਦੀ। ਕੈਨੇਡਾ 'ਚ ਰਹਿੰਦੇ ਉਹਦੇ ਚਾਚੇ ਨੇ ਤਰਸ ਖਾ ਕੇ ਆਪਣੇ ਸਾਲੇ ਦੀ ਕੁੜੀ ਦਾ ਰਿਸ਼ਤਾ ਉਹਨੂੰ ਕਰਵਾ ਦਿੱਤਾ। ਕੈਨੇਡਾ ਆ ਕੇ ਉਹਦਾ ਵਿਆਹ ਹੋ ਗਿਆ। ਕੈਨੇਡਾ ਦੇ ਲੱਖਾਂ ਬੇ-ਰੁਜ਼ਗਾਰਾਂ ਵਾਂਗ ਉਹ ਨੌਕਰੀ ਦੀ ਤਲਾਸ਼ 'ਚ ਦਿਨ ਰਾਤ ਘੁੰਮਿਆ। ਕੰਮ ਨਾ ਮਿਲਿਆ। ਨਵਾਂ ਨਵਾਂ ਵਿਆਹਿਆ ਕਰਕੇ ਸਹੁਰਿਆਂ ਦੇ ਨਾਲ ਹੀ ਰਹਿੰਦਾ ਸੀ। ਭਾਵੇਂ ਉਹਦੇ ਵੱਸ ਦੀ ਗੱਲ ਨਹੀਂ ਸੀ ਕਿ ਉਹਨੂੰ ਨੌਕਰੀ ਨਹੀਂ ਮਿਲਦੀ ਫਿਰ ਵੀ ਸਹੁਰਿਆਂ ਦੀ ਨਿਗਾਹ ਵਿਚ ਵਿਹਲਾ ਰਹਿੰਦਾ ਕਰਕੇ ਉਹਦੀ ਪਹਿਲੀ ਇੱਜ਼ਤ ਨਾ ਰਹੀ। ਨਿੱਤ ਦੀਆਂ ਟਕੋਰਾਂ ਤੋਂ ਤੰਗ ਆ ਕੇ ਉਹਦੀ ਪਤਨੀ ਚਰਨੋ ਨੇ ਸਿਆਣਪ ਵਰਤੀ। ਹਫਤੇ ਦੇ ਪੰਜ ਦਿਨ ਉਹ ਕਲੀਨਅਪ ਦਾ ਕੰਮ ਕਰਦੀ ਸੀ। ਗੁਜ਼ਾਰਾ ਨਾ ਹੁੰਦਾ ਦੇਖ ਉਹਨੇ ਵੀਕ ਇੰਡ ਦੇ ਦੋਨੋਂ ਦਿਨ ਰੈਸਟੋਰੈਂਟ 'ਚ ਡਿਸ਼ ਵਾਸ਼ਰ ਦੀ ਨੌਕਰੀ ਲੱਭ ਲਈ ਅਤੇ ਦੇਵ ਨੂੰ ਲੈ ਕੇ ਘਰ ਦਿਆਂ ਤੋਂ ਵੱਖ ਹੋ ਗਈ। ਉਨ੍ਹਾਂ ਨੇ ਇਕ ਪੁਰਾਣੇ ਘਰ ਦੀ ਡੂੰਘੀ ਜਿਹੀ ਬੇਸਮੈਂਟ ਘੱਟ ਕਿਰਾਏ ਤੇ ਲੈ ਲਈ। ਚਾਚੇ ਦੀ ਭੱਜ ਦੌੜ ਨਾਲ ਮਿੱਲ ਵਿਚ ਉਹਨੂੰ ਨੌਕਰੀ ਵੀ ਮਿਲ ਗਈ।

ਮੀਂਹ ਹੋਰ ਤੇਜ਼ ਹੋ ਗਿਆ। ਚੇਨ ਦੇ ਉੱਪਰ ਛੱਤਿਆ ਢਾਰਾ ਮੀਂਹ ਨੂੰ ਰੋਕ ਨਹੀਂ ਸਕਦਾ ਸੀ। ਪਾਸਿਆਂ ਉੱਤੋਂ ਹਵਾ ਨਾਲ ਆਉਂਦੀ ਤੇਜ਼ ਵਾਛੜ ਅਤੇ ਉਪਰੋਂ ਚੋਂਦੇ ਪਾਣੀ ਨੇ ਚੇਨ ਦੇ ਆਲੇ ਦੁਆਲੇ ਗਾਰਾ ਬਣਾ ਦਿੱਤਾ। ਮੀਂਹ ਦੀ ਵਾਛੜ ਤੋਂ ਉਹਨੇ ਮੀਂਹ 'ਚ ਕੰਮ ਕਰਨ ਵਾਲੇ ਕਪੜੇ ਪਾਏ ਹੋਏ ਸਨ। ਕਪੜੇ ਪਾਏ ਹੋਏ ਸਨ। ਕਪੜੇ ਭਾਰੇ ਹੋਣ ਕਰਕੇ ਅਤੇ ਫੱਟੇ ਖਿੱਚਣ ਦਾ ਭਾਰਾ ਕੰਮ ਹੋਣ ਕਰਕੇ ਉਹਨੂੰ ਮੁੜ੍ਹਕਾ ਆ ਰਿਹਾ ਸੀ। ਮੁੜ੍ਹਕਿਓਂ ਮੁੜ੍ਹਕੀ ਹੋਇਆ ਉਹ ਸੋਚਦਾ ਕਿ ਸ਼ਾਇਦ ਕਲ੍ਹ ਵਾਂਗ ਚੇਨ ਹੀ ਟੁਟ ਜਾਵੇ ਅਤੇ ਇੰਜ ਉਹ ਕਪੜੇ ਵੀ ਲਾਹ ਲਊ ਅਤੇ ਸਾਹ ਵੀ ਲੈ ਲਊ। ਰਬੜ ਦੇ ਬੂਟਾਂ ਨਾਲ ਆਪਣਾ ਆਪ ਗਾਰੇ ਵਿਚ ਖੁੱਭਾ ਦੇਖ ਕੇ ਉਹਨੂੰ ਆਪਣੇ ਪਿੰਡ ਝੋਨੇ ਲਈ ਕੱਦੂ ਕਰਦੇ ਗਾਰੇ 'ਚ ਖੁੱਭੇ ਬਲਦਾਂ ਤੇ ਜੱਟਾਂ ਦੀ ਯਾਦ ਆ ਗਈ।

"ਯਾਰ ਦੇਵ ਆਹ ਮੇਰਾ ਫੱਟਾ ਵੀ ਖਿੱਚ ਲਵੀਂ।"

ਉਹਦੇ ਤੋਂ ਪਹਿਲਾਂ ਫੱਟੇ ਖਿੱਚਦੇ ਨੇਕ ਨੇ ਉਹਨੂੰ ਆਵਾਜ਼ ਦੇ ਆਖਿਆ। ਉਹਨੇ ਹੱਛਾ ਕਹਿ ਕੇ ਫੱਟਾ ਖਿੱਚ ਕੇ ਉਹਦੇ ਸਾਈਜ਼ ਵਾਲੀ ਢੇਰੀ ਤੇ ਰੱਖ ਦਿੱਤਾ। ਕਰਦਾ ਵੀ ਕੀ ਹੋਰ ਕੋਈ ਹੁੰਦਾ ਤਾਂ ਕਹਿ ਦਿੰਦਾ ਬਈ ਮੇਰੇ ਕੋਲੋਂ ਤਾਂ ਆਪਦੇ ਹੀ ਮਸਾਂ ਖਿੱਚ ਹੁੰਦੇ। ਪਰ ਉਹਨੇ ਨੇਕ ਨੂੰ ਨਾਂਹ ਨਾ ਕੀਤੀ ਕਿਉਂਕਿ ਦੋ ਹਫ਼ਤੇ ਪਹਿਲਾਂ ਕੰਮ ਤੇ ਲੱਗੇ ਨੇਕ ਨੇ ਉਹਨੂੰ ਆਪਣੀ ਦਰਦ ਕਥਾ ਸੁਣਾਈ ਸੀ।

"ਭਰਾਵਾ 'ਅਨਅੰਪਲਾਈਮੈਂਟ ਦੇ ਆਉਂਦੇ ਪੈਸੇ ਵੀ ਬੰਦ ਹੋ ਗਏ ਸੀ — ਤੀਵੀਂ ਨੂੰ ਨਿਆਣਾ ਹੋਣ ਵਾਲਾ ਕਰਕੇ ਕੰਮ ਨਹੀਂ ਕਰ ਸਕਦੀ — ਜੇ ਆਹ ਕੰਮ ਨਾ ਲੱਭਦਾ ਤਾਂ ਬੱਸ ਵੈਲਫੇਅਰ ਤੇ ਹੀ ਹੋਣ ਵਾਲੀ ਗੱਲ ਸੀ — ਦੱਸ ਕਿਥੋਂ ਖਾਂਦੇ — ਇਥੇ ਕਿਹੜਾ ਸਾਲਾ ਇੰਡੀਆ ਬਈ ਖੇਤਾਂ 'ਚੋਂ ਦਾਣੇ ਆ ਜਾਣੇ ਤੇ ਲੂਣ ਮਿਰਚ ਨਾਲ ਔਖੇ ਸੌਖੇ ਸਰ ਜਾਊ ਜਾਂ ਆਪਦਾ ਹੋਊ ਭਾਵੇਂ ਕੱਚਾ ਹੀ ਘਰ ਹਊ, ਰਹੀ ਜਾਵਾਂਗੇ।" ਤੇ ਨੇਕ ਦੀ ਇਸ ਕਹਾਣੀ 'ਚੋਂ ਉਹਨੂੰ ਆਪਣਾ ਦਰਦ ਫੁੱਟਦਾ ।ਦਿਸਿਆ ਸੀ। ਦੂਜੀ ਗੱਲ ਜਿਸ ਕਰਕੇ ਉਹਨੂੰ ਨੇਕ ਦੀ ਹਮਦਰਦੀ ਸੀ ਉਹ ਸੀ ਦੇਵ ਦੀ ਆਪ ਬੀਤੀ ਦਾ ਪਿਛੋਕੜ। ਜਦੋਂ ਉਹ ਮਿੱਲ ਵਿਚ ਪਹਿਲਾਂ ਪਹਿਲਾਂ ਕੰਮ ਤੇ ਲੱਗਾ ਸੀ ਤਾਂ ਜਿਆਦਾ ਵਾਹ ਉਹਦਾ ਚੇਨ ਤੇ ਕੰਮ ਕਰਦੇ ਆਪਣੇ ਹੀ ਪੰਜਾਬੀਆਂ ਨਾਲ ਪਿਆ ਸੀ। ਫੱਟੇ ਖਿੱਚਣ ਨੇਕ ਸਭ ਤੋਂ ਪਿਛਲੇ ਪਾਸੇ ਲਾਇਆ ਗਿਆ ਸੀ। ਮੂਹਰੇ ਕੰਮ ਕਰਦੇ ਆਪਣੇ ਹੀ ਬੰਦੇ ਜਾਣ ਬੁਝ ਕੇ ਆਪਦਾ ਫੱਟਾ ਨਾ ਖਿੱਚਦੇ। ਦੇਵ ਕੋਲ ਪਹੁੰਚਦਾ ਤਾਂ ਆਖ ਦਿੰਦੇ "ਚੁਕ ਲਈਂ ਜਵਾਨਾ ਇਹ ਵੀ ਤੇਰਾ ਈ ਆ" ਪਹਿਲਾਂ ਪਹਿਲ ਉਹਨੂੰ ਬੜਾ ਗੁੱਸਾ ਆਇਆ ਕਿ ਪੁਛਾਂ ਬਈ ਇਹ ਸਾਰੇ ਮੇਰੇ ਈ ਆ ਤੁਹਾਡਾ ਕੋਈ ਨਹੀਂ। ਪਰ ਉਹਨੇ ਗੁੱਸੇ ਦੇ ਪਿਆਲੇ ਨੂੰ ਮਜਬੂਰੀ ਦੀਆਂ ਘੁੱਟਾਂ ਨਾਲ ਪੀ ਲਿਆ। ਉਹ ਅਜੇ ਨਵਾਂ ਨਵਾਂ ਸੀ। ਉਹਨੇ ਸੁਣਿਆ ਸੀ ਕਿ ਆਪਣੇ ਹੀ ਲੋਕ ਨਾ ਜਾਣਦੇ ਨੂੰ ਤੰਗ ਕਰਕੇ ਭਜਾ ਦਿੰਦੇ ਹਨ ਤਾਂ ਕਿ ਆਪਦਾ ਕੋਈ ਸਕਾ ਜਾਂ ਰਿਸ਼ਤੇਦਾਰ ਕੰਮ ਤੇ ਲਵਾ ਲੈਣ। ਦੇਵ ਵੀ ਸ਼ਾਇਦ ਦੌੜ ਜਾਂਦਾ ਜੇ ਉਹਨੂੰ ਬਾਪੂ ਬਿਸ਼ਨੇ ਵਰਗਾ ਮਦਦਗਾਰ ਤੇ ਹਮਦਰਦ ਨਾ ਮਿਲਿਆ ਹੁੰਦਾ।

ਸੱਠਾਂ ਨੂੰ ਢੁੱਕਿਆ ਹੋਣ ਕਰਕੇ ਬਿਸ਼ਨੇ ਨੂੰ ਨਾਲ ਕੰਮ ਕਰਨ ਵਾਲੇ ਬਾਪੂ ਕਹਿ ਕੇ ਬੁਲਾਉਂਦੇ ਸੀ। ਦੇਵ ਵੀ ਉਹਨੂੰ ਬਾਪੂ ਹੀ ਆਖਣ ਲੱਗ ਪਿਆ। ਪਹਿਲੇ ਦਿਨੀਂ ਅਨਜਾਣ ਹੋਣ ਕਰਕੇ ਇਕ ਦਿਨ ਦੇਵ ਥਕ ਕੇ ਬਾਪੂ ਨੂੰ ਪੁੱਛਣ ਲੱਗਾ।

"ਬਾਪੂ ਆਹ ਫੱਟੇ ਸਹੁਰੇ ਅਜੇ ਕਿੰਨੇ ਕੁ ਆਉਣੇ ?"

ਫੱਟਿਆਂ ਦਾ ਪੁੱਛਣ ਤੋਂ ਉਹਦਾ ਭਾਵ ਸੀ ਕਿ ਸ਼ਾਇਦ ਫੱਟੇ ਖਿਚਣੇ ਬੰਦ ਹੋ ਜਾਣ ਤੇ ਹੋਰ ਕੋਈ ਕੰਮ ਕਰਨਾ ਹੋਵੇ। ਪਰ ਉਹਨੂੰ ਪਤਾ ਨਹੀਂ ਸੀ ਕਿ ਅੱਠੇ ਘੰਟੇ ਇਹੀ ਕੰਮ ਕਰਨਾ ਹੈ।

"ਜੁਆਨਾ ਪੱਚੀਆਂ ਸਾਲਾਂ ਦਾ ਸੀ ਜਦੋਂ ਮੈਂ ਖਿੱਚਣੇ ਸ਼ੁਰੂ ਕੀਤੇ। ਤੀਹ ਸਾਲ ਮੁੱਕ ਗਏ ਪਰ ਇਹ ਅਜੇ ਮੁੱਕੇ ਨਹੀਂ।"

ਬਿਸ਼ਨੇ ਦੀ ਟਕੋਰ ਸੁਣ ਕੇ ਦੇਵ ਹੱਸ ਪਿਆ। ਬਿਸ਼ਨਾ ਸਮਝਦਾ ਸੀ ਕਿ ਮੁੰਡਾ ਅਜੇ ਉਸ ਅਲਕ ਵਹਿੜਕੇ ਵਰਗਾ ਹੈ ਜਿਹਦੇ ਅਜੇ ਕੰਨ੍ਹਾਂ ਨਹੀਂ ਪਿਆ। ਜਦੋਂ ਕੰਨ੍ਹਾਂ ਪੈ ਗਿਆ ਆਪੇ ਹੌਲੀ ਹੌਲੀ ਖੋਪਿਆਂ ਵਾਲੀ ਚਾਲੇ ਆ ਪਊ। ਕਦੀ ਕਦੀ ਦੇਵ ਨੂੰ ਕੰਮ ਤੋਂ ਓਦਰਿਆ ਦੇਖ ਉਹ ਕਹਿ ਦਿੰਦਾ —

"ਹੌਂਸਲਾ ਰੱਖ ਓਏ ਗਭਰੂਆ, ਜਦੋਂ ਅਸੀਂ ਤੇਰੀ ਉਮਰ ਦੇ ਸੀ ਫੱਟਾ ਚੇਨ ਤੋਂ ਅੱਖ ਮਾਰ ਕੇ ਹੇਠਾਂ ਸੁਟ ਦਿੰਦੇ ਸੀ।" ਦੇਵ ਬਾਪੂ ਬਿਸ਼ਨੇ ਦੀ ਗੱਲ ਤੇ ਹੱਸ ਵੀ ਪੈਂਦਾ ਤੇ ਸੋਚਦਾ ਵੀ ਕਿ ਢਲਦੀ ਉਮਰੇ ਬਿਸ਼ਨਾ ਮੁੰਡਿਆਂ ਤੋਂ ਵੱਧ ਕਮਾਲ ਕਰੀ ਜਾਂਦਾ, ਜਵਾਨੀ ਵੇਲੇ ਤਾਂ ਜ਼ਰੂਰ ਅੱਡੀ ਨਾਲ ਪਤਾਸਾ ਭੰਨਦਾ ਹੋਊ।

ਥੋੜੇ ਦਿਨਾਂ ਵਿਚ ਹੀ ਉਹ ਦੋਵੇਂ ਗੱਲਾਂ ਬਾਤਾਂ 'ਚ ਰਚ ਮਿਚ ਗਏ। ਬਾਪੂ ਬਿਸ਼ਨੇ ਨੇ ਫੋਰਮੈਨ ਨੂੰ ਕਹਿ ਕੇ ਦੇਵ ਨੂੰ ਆਪਣੇ ਤੋਂ ਅੱਗੇ ਫੱਟੇ ਖਿੱਚਣ ਲਾ ਲਿਆ। ਦੇਵ ਤੋਂ ਕੋਈ ਫਟਾ ਨਾ ਖਿੱਚ ਹੁੰਦਾ ਤਾਂ ਬਿਸ਼ਨਾ ਆਖ ਦਿੰਦਾ —

"ਆਉਣ ਦਈਂ ਓਏ ਗਭਰੂਆ ਮੇਰੇ ਤਾਈਂ।"

ਲੰਚ ਵੇਲੇ ਉਹ ਗੱਲਾਂ ਬਾਤਾਂ 'ਚ ਹੱਸਦੇ ਟਕੋਰਾਂ ਲਾਉਂਦੇ ਦੁਖ ਸੁਖ ਫੋਲਦੇ ਰਹਿੰਦੇ।

"ਅਸੀਂ ਤਾਂ ਜੁਆਨਾ ਜੁਆਨੀ ਵੇਲੇ ਦੋ ਘੁਮਾਂ ਜ਼ਮੀਨ ਦਿਨੇ ਵਾਹ ਕੇ ਰਾਤੀਂ ਨਕਲਾਂ ਦੇਖ ਕੇ ਤੜਕੇ ਫਿਰ ਹਲ ਆ ਜੋੜੀਦਾ ਸੀ ਤੂੰ ਤਾਂ ਐਵੇਂ ਜਵਾਨੀ ਦੀ ਲਿੱਦ ਈ ਕਰ ਛੱਡੀ ਆ।"

ਫਿਰ ਕੁੜੀਆਂ ਚਿੜੀਆਂ ਦੀਆਂ ਗੱਲਾਂ ਦੇਵ ਤੋਂ ਪੁੱਛਦਾ ਉਹ ਆਪਣੀ ਜਵਾਨੀ ਦਾ ਕਿੱਸਾ ਛੇੜ ਬਹਿੰਦਾ —

"ਤੇਰੀ ਉਮਰੇ ਜੁਆਨਾ ਸਾਡਾ ਇਸ਼ਕ ਲਾਗਲੇ ਪਿੰਡ ਦੇ ਗਾਮੂੰ ਘੁਮਿਆਰ ਦੀ ਕੁੜੀ ਸਲਮਾਂ ਨਾਲ ਹੋ ਗਿਆ। ਖੋਤੇ ਤੇ ਭਾਂਡੇ ਲੱਦ ਕੇ ਸਾਡੇ ਪਿੰਡ ਵੇਚਣ ਆਈ ਸੀ। ਮੈਂ ਆਪਦੇ ਚਾਚੇ ਦੇ ਹੁੱਕੇ ਲਈ ਚਿਲਮ ਖਰੀਦਣ ਗਿਆ ਸੀ। ਸੁਰਾਹੀ ਦੇ ਗਲ ਵਰਗੀ ਲੰਮੀ ਧੌਣ, ਪਿਲ੍ਹੇ ਕੂੰਜੇ ਵਰਗਾ ਰੰਗ, ਘੜੇ 'ਤੇ ਛਾਪੇ ਮੋਰ ਵਾਂਗ ਮੇਹਲਦੀ ਸਾਡੇ ਦਿਲ ਤੇ ਪੈਲਾਂ ਪਾਉਣ ਲਗ ਪਈ।

ਫਿਰ ਉਹਨੇ ਹਉਕਾ ਜਿਹਾ ਲਿਆ ਤੇ ਚੁੱਪ ਕਰ ਗਿਆ।

"ਫਿਰ ਬਾਪੂ ?"

ਬਾਪੂ ਲਫ਼ਜ਼ ਸੁਣ ਕੇ ਅਤੇ ਦੇਵ ਦੇ ਮੂੰਹ ਤੇ ਹੱਸਦੀਆਂ ਮੁਸਕੜੀਆਂ 'ਚੋਂ ਬਿਸ਼ਨੇ ਨੂੰ ਜਿਵੇਂ ਸੰਗ ਜਿਹੀ ਮਹਿਸੂਸ ਹੋਈ। ਉਹਨੇ ਸੋਚਿਆ ਕਿ ਆਪਣੇ ਮੁੰਡਿਆਂ ਦੀ ਉਮਰ ਦੇ ਗਭਰੂ ਕੋਲ ਗੱਲ ਕਰ ਦਿੱਤੀ ਕਿਤੇ ਬੁਢੇ ਵਾਰੇ ਹੋਰਨਾਂ ਕੋਲ ਮਖੌਲ ਹੀ ਨਾ ਉਡਾਵੇ।

ਫਿਰ ਉਹ ਦੇਵ ਦੇ ਜ਼ੋਰ ਦੇਣ ਤੇ ਵੀ 'ਫਿਰ ਸਹੀ' ਦਾ ਲਾਰਾ ਲਾ ਗਿਆ।

"ਆਹ ਯਾਰ ਦੇਵ ਇਕ ਹੋਰ ਫੱਟਾ ਫੜੀਂ !"

ਮੁੜਕਿਓ ਮੁੜਕੀ ਹੋਏ ਨੇਕ ਨੇ ਦੇਵ ਨੂੰ ਆਖਿਆ ਹੀ ਸੀ ਕਿ ਲੰਚ ਟਾਈਮ ਦੀ ਵਿਸਲ ਵੱਜ ਗਈ। ਫੇਰ ਹੱਥੋਂ ਛੱਡ ਉਹਨੇ ਲੰਚ ਕਿਟ ਚੁੱਕੀ ਅਤੇ ਲੱਕੜਾਂ ਤੇ ਜਾ ਬੈਠਾ। ਰੋਟੀ ਖਾਣ ਤੋਂ ਬਾਅਦ ਥਕਾਵਟ ਹੋਣ ਕਰਕੇ ਉਹਨੇ ਲਕੜਾਂ ਨਾਲ ਢੋ ਲਾ ਲਈ। ਕਮੀਜ਼ ਦੀ ਜੇਬ 'ਚੋਂ ਕੱਢ ਕੇ ਉਹਨੇ ਕੱਲ੍ਹ ਆਈ ਮਾਂ ਦੀ ਚਿੱਠੀ ਫਿਰ ਪੜ੍ਹਨੀ ਸ਼ੁਰੂ ਕੀਤੀ।

"ਛੋਟੀ ਦੇਬੋ ਲਈ ਬੜੇ ਤਕੜੇ ਘਰ ਦਾ ਰਿਸ਼ਤਾ ਮਿਲਦਾ। ਮੁੰਡੇ ਵਾਲੇ ਵਿਆਹ ਅੱਸੂ ਦਾ ਮੰਗਦੇ ਆ। ਕੈਨੇਡਾ ਦਾ ਕਰਕੇ ਭੱਜ ਬਹੁਤ ਆ ਏਸੇ ਕਰਕੇ ਏਡੇ ਤਕੜੇ ਥਾਂ ਰਿਸ਼ਤਾ ਹੁੰਦਾ। ਵੱਡੀ ਸੁੱਖੀ ਦਾ ਵਿਆਹ ਜਿਵੇਂ ਤੂੰ ਕੈਨੇਡਾ ਬੈਠੇ ਨੇ ਹੀ ਠੋਕ ਕੇ ਕੀਤਾ ਸੀ ਦੂਜੀ ਦਾ ਵੀ ਏਦਾਂ ਈ ਕਰਨਾ। ਵਿਆਹ ਤੂੰ ਆਪ ਆ ਕੇ ਕਰੀਂ। ਨਾਲੇ ਪੁੱਤ ਮੈਂ ਬੇਰੀ ਵਾਲੇ ਸ਼ਹੀਦਾਂ ਦੇ ਤੇਰੀ ਸੁੱਖ ਸੁਖੀ ਸੀ ਕਿ ਜਦੋਂ ਤੇਰਾ ਵਿਆਹ ਹੋਊ ਮੈਂ ਵਾਜੇ ਨਾਲ ਜੋੜੀ ਬੰਨ੍ਹੇ ਹੱਥੀਂ ਮੱਥਾ ਟਿਕਾਉਣ ਲਿਆਊਂ। ਤੇਰਾ ਵਿਆਹ ਤੇ ਕਨੇਡਾ ਹੋਇਆ ਹੁਣ ਤੂੰ ਤੇ ਬਹੂ ਦੋਨੋਂ ਆਇਓ। ਨਾਲੇ ਪੁੰਨ ਤੇ ਨਾਲੇ ਫਲੀਆਂ ਤੇਰੀ ਵੀ ਸੁੱਖ ਪੂਰੀ ਹੋ ਜਾਊ ਤੇ ਨਾਲੇ ਦੇਬੋ ਦਾ ਵਿਆਹ ਹੋ ਜਾਊ।"

ਭਾਵੇਂ ਚਿੱਠੀ ਵਿਚ ਮਾਂ ਨੇ ਆਪਦੀ ਸਿਹਤ ਬਾਰੇ ਕੁਝ ਨਹੀਂ ਲਿਖਿਆ ਸੀ ਪਰ ਪਿਛਲੇ ਹਫਤੇ ਦੇਵ ਨੂੰ ਮਾਮੇ ਦੀ ਮਿਲੀ ਚਿੱਠੀ ਤੋਂ ਪਤਾ ਸੀ। ਮਾਂ ਨੇ ਸ਼ਾਇਦ ਬੀਮਾਰ ਹੋਣ ਦਾ ਤਾਂ ਨਹੀਂ ਲਿਖਿਆ ਕਿ ਦੇਵ ਫਿਕਰ ਨਾ ਕਰੇ। ਮਾਮੇ ਦੀ ਚਿੱਠੀ ਪੜ੍ਹਕੇ ਉਹਨੂੰ ਮਾਂ ਮੌਤ ਦੇ ਬਿਸਤਰੇ ਵੱਲ ਜਾਂਦੀ ਨਜ਼ਰ ਆਈ ਸੀ। ਕੈਂਸਰ ਦੇ ਇਲਾਜ ਲਈ ਉਹ ਦੋ ਵਾਰ ਹਸਪਤਾਲ ਰਹਿ ਆਈ ਸੀ। ਦੇਵ ਆਪ ਇੰਡੀਆ ਜਾਣਾ ਚਾਹੁੰਦਾ ਸੀ ਇਕ ਤਾਂ ਇਸ ਲਈ ਕਿ ਮਾਂ ਦਾ ਇਲਾਜ ਕਿਸੇ ਚੰਗੇ ਹਸਪਤਾਲ ਕਰਵਾਏ ਤੇ ਦੂਜਾ ਤਾਂ ਕਿ ਭੈਣ ਦੇ ਹੱਥ ਪੀਲੇ ਕਰ ਆਵੇ। ਉਹਨੂੰ ਇੰਡੀਆ ਤੋਂ ਆਏ ਨੂੰ ਪੰਜ ਸਾਲ ਗੁਜ਼ਰ ਗਏ ਸੀ। ਉਹਨੇ ਤੇ ਉਹਦੀ ਪਤਨੀ ਨੇ ਦਿਨ ਰਾਤ ਇਕ ਕਰਕੇ ਬਹੁਤ ਕੰਮ ਕੀਤਾ। ਭੈਣ ਦੇ ਵਿਆਹ ਲਈ ਉਹਨੇ ਇੰਡੀਆ ਪੈਸੇ ਪਾਏ। ਮਾਂ ਦੇ ਇਲਾਜ ਲਈ ਵੀ ਮਾਮੇ ਨੂੰ ਪੈਸੇ ਪਾਉਂਦਾ ਰਿਹਾ। ਥੋੜੇ ਜਿਹੇ ਪੈਸੇ ਜੋੜ ਕੇ ਉਹਨੇ ਰਹਿਣ ਲਈ ਘਰ ਲੈ ਲਿਆ। ਮਾਰਗੇਜ਼ ਦੇ ਰੇਟ ਵਧਣ ਨਾਲ ਘਰ ਦੀ ਕਿਸ਼ਤ ਵਧ ਗਈ। ਆਪਣੀ ਅਤੇ ਘਰ ਵਾਲੀ ਦੀ ਤਨਖਾਹ 'ਚੋਂ ਕਿਸ਼ਤ ਅਤੇ ਬਿੱਲ ਬੱਤੀਆਂ ਤਾਰ ਕੇ ਖਾਣ ਪੀਣ ਮਸਾਂ ਚਲਦਾ। ਹੁਣ ਉਹ ਆਪ ਘਰ ਦੀ ਬੇਸਮੈਂਟ ਵਿਚ ਰਹਿਣ ਲੱਗ ਪਏ ਅਤੇ ਉਪਰੋਂ ਘਰ ਕਿਰਾਏ ਤੇ ਦੇ ਦਿੱਤਾ। ਉਹਨੇ ਹਿਸਾਬ ਲਾਇਆ ਸੀ ਕਿ ਕੰਮ ਚਲਦਾ ਰਿਹਾ ਤਾਂ ਪੰਜ ਕੁ ਮਹੀਨੇ 'ਚ ਕੁਝ ਰਕਮ ਜੋੜ ਕੇ ਉਹ ਇੰਡੀਆ ਜਾਊਗਾ। ਪਰ ਸਵੇਰੇ ਉੱਡੀ ਅਫਵਾਹ ਨੇ ਉਹਦੀਆਂ ਸਧਰਾਂ ਨੂੰ ਜਿਉਂ ਖੋਖਲਾ ਕਰ ਦਿੱਤਾ ਹੋਵੇ। ਉਹ ਬੈਠਾ ਸੋਚਦਾ ਹੀ ਸੀ ਕਿ ਬਾਪੂ ਬਿਸ਼ਨਾ ਆ ਗਿਆ। ਬਾਪੂ ਨੇ ਦੇਵ ਦਾ ਹਾਲ ਚਾਲ ਪੁੱਛਿਆ। ਅੱਜ ਕਿੰਨੇ ਦਿਨਾਂ ਬਾਅਦ ਦਿਲ 'ਚ ਡੱਕੇ ਦਰਦਾਂ ਦਾ ਉਹਨੇ ਬੂਹਾ ਖੋਲ੍ਹ ਦਿੱਤਾ। ਇੰਡੀਆ ਜਾਣ ਬਾਰੇ ਸੁਣ ਕੇ ਬਿਸ਼ਨੇ ਦੇ ਚਿਹਰੇ ਤੇ ਰੌਣਕ ਆ ਗਈ।

"ਛੱਡ ਓਏ ਮੁੰਡਿਆ ਸ਼ਿਫਟ ਬੰਦ ਕਰਨ ਦੀਆਂ ਅਫਵਾਹਾਂ ਦੀ ਗੱਲ, ਚੱਲ ਤੂੰ ਇੰਡੀਆ ਚੱਲ। ਮੇਰਾ ਸਾਥ ਕਰ — ਚੱਲ ਕੱਲ੍ਹ ਨੂੰ ਬੈਂਕ 'ਚੋਂ ਚੁੱਕ ਦਿਨਾਂ ਪੈਸੇ। ਆ ਕੇ ਕੰਮ ਕਰਕੇ ਮੈਨੂੰ ਇੰਡੀਆ ਪਾ ਦਈਂ।" ਫਿਰ ਉਹ ਲਾਗੇ ਹੁੰਦਾ ਬੋਲਿਆ —

"ਸੁਣ, ਹੁਣੇਂ ਦਫਤਰੋਂ ਆਇਆਂ। ਮਿਲ੍ਹ ਵਾਲਿਆਂ ਨੂੰ ਦੇ ਦਿੱਤੀ ਡਾਕਟਰਾਂ ਦੀ ਚਿੱਠੀ। ਦੋ ਦਿਨ ਹੋਰ ਕੰਮ ਕਰਨਾਂ ਮਗਰਲੇ ਦੋ ਦਿਨ ਤਿਆਰੀ ਬਿਆਰੀ ਕਰਨੀ ਤੇ ਚੌਦਾਂ ਤਰੀਕ ਦੀ ਸੀਟ ਬੁੱਕ ਅੱਜੇ ਕਰਾ ਤੀ ਆ।"

ਉਹ ਮੂੰਹ ਅੱਗੇ ਹੱਥ ਰੱਖਦਾ ਖੰਘਣ ਲੱਗ ਪਿਆ। ਉਹਨੂੰ ਉੱਥੂ ਆ ਗਿਆ। ਸਾਹ ਲੈ ਕੇ ਉਹ ਫਿਰ ਬੋਲਿਆ —

"ਜਵਾਨਾ ਇਥੇ ਰਿਸ਼ਤੇਦਾਰ ਭੈਣ ਭਾਈ ਸਭ ਸਾਲੇ ਪੈਸੇ ਦੇ ਆ। ਸਾਰੀ ਉਮਰ ਮੈਂ ਕੰਮ ਕਰਦਾ ਰਿਹਾਂ। ਕਮਾ ਕੇ ਘਰ ਦਿੰਦਾ ਰਿਹਾਂ। ਘਰ ਹੁਣ ਖੰਘਦਾਂ ਤਾਂ ਮੁੰਡੇ ਕਹਿ ਦਿੰਦੇ ਬਾਪੂ ਨੂੰ ਬਿਮਾਰੀ ਆ, ਥੱਲੇ ਬੇਸਮੈਂਟ 'ਚ ਹੀ ਰਹੇ। ਪੁਛੇ ਬਈ ਸਹੁਰੀ ਦਿਓ ਮੇਰੇ ਵੱਸ ਆ ਬੀਮਾਰੀ। ਸਭ ਸੋਚ ਕੇ ਚਲੇ ਜਾਣਾਂ ਹੁਣ — ਬੱਸ ਖੂਹ ਤੇ ਜਾ ਕੇ ਕੋਠਾ ਪਾ ਲੈਣਾਂ, ਤੂਤਾਂ ਦੀ ਛਾਵੇਂ ਹੀਰ ਗਾਇਆ ਕਰੂੰ। ਆਪਣਾ ਮੁਲਕ ਆਪਣਾ ਹੀ ਹੁੰਦਾ ਗੱਭਰੂਆ", ਫਿਰ ਉਹਦੀਆਂ ਅੱਖਾਂ 'ਚ ਪਾਣੀ ਭਰ ਆਇਆ।

"ਨਾਲੇ ਮੈਂ ਇੰਡੀਆ ਵੀ ਇਨ੍ਹਾਂ ਸਹੁਰਿਆਂ ਦਾ ਹੀ ਸੋਚਦਾਂ। ਕਹਿੰਦੇ ਇੰਡੀਆ ਸਰਕਾਰ ਨੇ ਕਾਨੂੰਨ ਬਣਾ ਤਾ ਬਈ ਬਾਹਰ ਵਾਲੇ ਆਪਦੀ ਜਮੀਨ ਦੇ ਮਾਲਕ ਨਹੀਂ ਰਹਿ ਸਕਦੇ। ਮੈਂ ਸੋਚਿਆ ਬਈ ਜਾਵਾਂ ਜਮੀਨ ਕਬਜੇ 'ਚ ਕਰਾਂ — ਇਥੇ ਦਾ ਕੀ ਪਤਾ ਗੋਰੇ ਕਦ ਕੱਢ ਦੇਣ। ਫਿਰ ਸਹੁਰੀ ਦੇ ਕਿਥੇ ਰਹਿਣਗੇ।"

ਦੇਵ ਨੇ ਥਰਮਸ 'ਚੋਂ ਕੱਪ 'ਚ ਚਾਹ ਪਾ ਕੇ ਬਾਪੂ ਬਿਸ਼ਨੇ ਵੱਲ ਕੱਪ ਵਧਾਇਆ।

"ਫੜ ਬਾਪੂ ਚਾਹ ਤੇ ਉਹ ਗਰਮ ਗਰਮ ਗੱਲਾਂ ਸੁਣਾ ਦੇ ਕਿਤੇ ਤੈਨੂੰ ਯਾਦ ਹੀ ਕਰਿਆ ਕਰਾਂਗੇ।"

ਬਿਸ਼ਨੇ ਨੇ ਨਾਂਹ ਨਾਂਹ ਕਰਦਿਆਂ ਕੱਪ ਫੜ ਲਿਆ। ਚਾਹ ਦਾ ਘੁੱਟ ਭਰਦਾ ਉਹ ਬੋਲਿਆ —

"ਕਿਹੜੀ ਗੱਲ ?"

"ਉਹੀ ਘੁਮਾਰੀ ਦੇ ਇਸ਼ਕ ਵਾਲੀ।"

"ਉਹ" ਬਿਸ਼ਨਾ ਮੁਸਕਰਾਇਆ ਤੇ ਫਿਰ ਆਖਣ ਲੱਗਾ —

"ਛੱਡ ਜੁਆਨਾ, ਤੂੰ ਕੀ ਲੈਣਾ ਬੁੱਢਿਆਂ ਦੀਆਂ ਗੱਲਾਂ 'ਚੋਂ।"

ਦੇਵ ਦੇ ਬਾਰ ਬਾਰ ਕਹਿਣ ਤੇ ਉਹ ਦੱਸਣ ਲਈ ਤਿਆਰ ਹੋ ਗਿਆ। ਇੰਡੀਆ ਨੂੰ ਜਾਣ ਕਰਕੇ ਹੁਣ ਸ਼ਾਇਦ ਉਹਨੂੰ ਇਹ ਡਰ ਨਹੀਂ ਸੀ ਰਿਹਾ ਕਿ ਮਿੱਲ ਵਿਚ ਗੱਲ ਫੈਲ ਗਈ ਤਾਂ ਲੋਕ ਉਹਦੀ ਜਵਾਨੀ ਨੂੰ ਬੁੱਢੀ ਜ਼ਿੰਦਗੀ 'ਚੋਂ ਕੱਢ ਕੇ ਮਖੌਲ ਉਡਾਉਣਗੇ।

''ਜੁਆਨਾ ਪਿਓ ਮੇਰਾ ਉਨ੍ਹਾਂ 'ਚੋਂ ਇਕ ਸੀ ਜਿਹੜੇ ਪਹਿਲਾਂ ਪਹਿਲਾਂ ਕਨੇਡਾ ਆਏ ਸੀ। ਮਗਰ ਚਾਚਾ ਮੇਰਾ ਘਰ ਦਾ ਮੁਖਤਿਆਰ ਸੀ। ਬੜਾ ਕੱਬਾ ਸੀ ਉਹ। ਪਤਾ ਲੱਗਣ ਤੇ ਉਹਨੇ ਪਸ਼ੂ ਹੱਕਣ ਵਾਲੀ ਪਰੈਣੀ ਮੈਨੂੰ ਕੁੱਟ ਕੁੱਟ ਤੋੜ ਦਿੱਤੀ। ਮੈਂ ਫਿਰ ਵੀ ਲੁਕ ਛੁਪ ਕੇ ਸਲਮਾਂ ਨੂੰ ਮਿਲ ਆਉਂਦਾ ਸੀ। ਮੇਰੇ ਪਿੰਡੇ ਤੇ ਪਈਆਂ ਲਾਸਾਂ ਦੇਖ ਕੇ ਉਹ ਗਲ ਲੱਗ ਕੇ ਰੋਈ ਸੀ। ਇਕ ਦਿਨ ਮੈਂ ਮਨ ਬਣਾਇਆ ਕਿ ਲੁਕ ਲੁਕ ਮਿਲਣ ਨਾਲੋਂ ਉਹਨੂੰ ਘਰੋਂ ਕੱਢ ਕੇ ਕਿਤੇ ਦੂਰ ਲੈ ਜਾਵਾਂ। ਮੈਂ ਸੋਚਿਆ ਉਹ ਭਾਂਡੇ ਥੱਪੀ ਜਾਊ ਮੈਂ ਪਿੰਡਾਂ 'ਚ ਜਾ ਕੇ ਖੋਤੀ ਤੇ ਲੱਦ ਵੇਚ ਆਇਆ ਕਰੂੰ। ਮੇਰੇ ਦਿਲ 'ਚ ਇਹੀ ਗੱਲ ਸੀ ਕਿ ਪਾਕਿਸਤਾਨ ਬਣਨ ਦਾ ਰੌਲਾ ਪੈ ਗਿਆ।

ਦਿਲ ਦੀਆਂ ਦਿਲ 'ਚ ਰਹਿ ਗਈਆਂ। ਖੂਨ ਖਰਾਬਾ ਸ਼ੁਰੂ ਹੋ ਗਿਆ। ਮੈਂ ਆਪਦੇ ਪੰਜ ਸੱਤ ਯਾਰਾਂ ਨੂੰ ਨਾਲ ਲੈ ਕੇ ਗਾਮੂੰ ਅਤੇ ਸਲਮਾ ਨੂੰ ਕੈਂਪ 'ਚ ਮਿਲਣ ਤੁਰ ਪਿਆ। ਰਾਹ 'ਚ ਮੁਸਲਮਾਨਾਂ ਨਾਲ ਸਾਡੀ ਖੜਕ ਪਈ। ਅਸੀਂ ਬਚਦੇ ਬਚਾਂਦੇ ਵੱਢੇ ਟੁੱਕੇ ਪਿੰਡ ਆ ਗਏ। ਮੇਰੇ ਚਾਚੇ ਨੂੰ ਪਤਾ ਲੱਗਾ ਤਾਂ ਉਹਨੇ ਪਿਉ ਨੂੰ ਲਿਖ ਦਿੱਤਾ। ਫਿਰ ਮੈਨੂੰ ਸਮੁੰਦਰੀ ਜਹਾਜ਼ ਤੇ ਚਾੜ੍ਹ ਕਨੇਡੇ ਭੇਜ ਦਿੱਤੇ।''

ਦੇਵ ਬੜੀ ਗਹੁ ਨਾਲ ਸੁਣ ਰਿਹਾ ਸੀ। ਕਦੀ ਕਦੀ ''ਹੱਛਾ'' ਆਖ ਦਿੰਦਾ ਤਾਂ ਕਿ ਬਿਸ਼ਨਾ ਗੱਲ ਦੀ ਲੜੀ ਤੋਰੀ ਰੱਖੇ।

ਫਿਰ ਬਿਸ਼ਨੇ ਨੇ ਦੱਸਿਆ ਕਿ ਉਹ ਇਕ ਵਾਰ ਇੰਡੀਆ ਗਿਆ। ਲਾਗਲੇ ਪਿੰਡ ਜੁਲਾਹਿਆਂ ਦਾ ਇਕ ਪਾਕਿਸਤਾਨ ਨਹੀਂ ਗਿਆ ਸੀ। ਉਸ ਘਰ ਦੀ ਨੂਰਾਂ ਜੁਲਾਹੀ ਪਾਕਿਸਤਾਨ ਜਾ ਕੇ ਆਈ ਸੀ। ਪੁਰਾਣਿਆਂ 'ਚੋਂ ਨੂਰਾਂ ਜਾਣਦੀ ਕਰਕੇ ਜਦੋਂ ਬਿਸ਼ਨਾ ਮਿਲਣ ਗਿਆ ਤਾਂ ਉਹਨੇ ਦੱਸਿਆ ਸੀ ਕਿ ਸਲਮਾ ਉਸੇ ਪਿੰਡ 'ਚ ਹੀ ਰਹਿੰਦੀ ਹੈ ਜਿਥੇ ਨੂਰਾਂ ਦੀ ਭਤੀਜੀ। ਬਾਪੂ ਬਿਸ਼ਨਾ ਪਾਕਿਸਤਾਨ ਜਾਣ ਲਈ ਤਿਆਰ ਸੀ ਕਿ ਦੋਹਾਂ ਦੇਸ਼ਾਂ ਦੀ ਲੜਾਈ ਲੱਗ ਪਈ। ਬਾਪੂ ਬਿਸ਼ਨਾ ਬੜਾ ਖੁਸ਼ ਹੋ ਕੇ ਬੋਲਿਆ, ''ਨੂਰਾਂ ਤੋਂ ਮੇਰੀ ਖੈਰ ਸੁਖ ਪੁੱਛਦੀ ਸੀ ਸਲਮਾ। ਕੀ ਵਿਸਾਹ ਜ਼ਿੰਦਗੀ ਦਾ ਗੱਭਰੂਆ — ਉਹ ਆਪਦੇ ਥਾਂ ਖੁਸ਼ ਮੈਂ ਆਪਦੇ ਥਾਂ। ਪਰ ਜੀਅ ਕਰਦਾ ਮਰਨ ਤੋਂ ਪਹਿਲਾਂ ਇਕ ਵਾਰ ਉਹਨੂੰ ਜਰੂਰ ਦੇਖਣਾਂ ਕਿੱਦਾਂ ਦੀ ਹੋ ਗਈ ਉਹ ਹੁਣ। ਤੇ ਫਿਰ ਉਹ ਬੋਲਿਆ —

''ਆਹ ਤਾਂ ਲਹੌਰ ਆ। ਕਹਿੰਦੇ ਅੰਬਰਸਰੋਂ ਘੰਟਾ ਲੱਗਦਾ ਸਾਰਾ।''

ਲੰਚ ਟਾਈਮ ਖਤਮ ਹੋਣ ਦੀ ਵਿਸਲ ਵੱਜ ਗਈ ਤੇ ਬਾਪੂ ਬਿਸ਼ਨਾ 'ਹੱਛਾ ਫਿਰ ਮਿਲਦੇਂ' ਕਹਿ ਕੇ ਚਲਾ ਗਿਆ।

ਦੇਵ ਜਾ ਕੇ ਫੱਟੇ ਖਿੱਚਣ ਲੱਗ ਪਿਆ। ਉਹ ਸੋਚਦਾ ਰਿਹਾ ਕਿ ਉਹਦੇ ਵਾਂਗ ਬਾਪੂ ਬਿਸ਼ਨੇ ਦੀਆਂ ਵੀ ਕਿੰਨੀਆਂ ਸਧਰਾਂ ਹਨ। ਉਹਦੀਆਂ ਸੋਚਾਂ 'ਚੋਂ ਉਹਨੂੰ ਕਦੀ ਬੁੱਢੀ ਹੋਈ ਸਲਮਾ ਨੂੰ ਬੁੱਢਾ ਹੋਇਆ ਬਿਸ਼ਨਾ ਰੂਹ ਦੇ ਪਿਆਰ 'ਚੋਂ ਤੱਕਦਾ ਨਜ਼ਰ ਆਉਂਦਾ — ਕਦੀ ਮਹਿੰਦੀ ਲੱਗੀ ਆਪਣੀ ਭੈਣ — ਕਦੇ ਬੀਮਾਰੀ ਦੇ ਬਿਸਤਰੇ ਤੋਂ ਉੱਠ ਕੇ ਉਹਨੂੰ ਕਲਾਵੇ 'ਚ ਲੈਂਦੀ ਉਹਦੀ ਬੀਮਾਰ ਮਾਂ।

ਉਹਨੇ ਘੜੀ ਵੱਲ ਨਿਗਾਹ ਮਾਰੀ। ਕੌਫੀ ਟਾਈਮ ਹੋਣ 'ਚ ਕੁਝ ਕੁ ਮਿੰਟ ਰਹਿੰਦੇ ਸਨ। ਫੱਟਾ ਰੱਖਣ ਲੱਗੇ ਦਾ ਉਹਦਾ ਧਿਆਨ ਆਫਿਸ ਵਲੋਂ ਆਉ ਦੇ ਫੋਰਮੈਨ ਵੱਲ ਪਿਆ। ਹੱਥਾਂ 'ਚ ਫੜੇ ਕਾਗਜਾਂ ਤੇ ਨਿਗ੍ਹਾ ਪੈਂਦਿਆਂ ਹੀ ਉਹਦਾ ਮੱਥਾ ਠਣਕਿਆ ਕਿ ਇਹ ਲੇਅ-ਆਫ ਸਲਿਪਾਂ ਹਨ। ਉਹਨੇ ਅਜੇ ਚੇਨ ਤੋਂ ਖਿੱਚਣ ਲਈ ਫੱਟੇ ਨੂੰ ਹੱਥ ਹੀ ਪਾਇਆ ਸੀ ਕਿ ਰੌਲਾ ਜਿਹਾ ਸੁਣਾਈ ਦਿੱਤਾ ਅਤੇ ਚੇਨ ਖੜ ਗਈ। ਸਾਰੇ ਕਾਮੇ ਰੌਲੇ ਵਾਲੇ ਪਾਸੇ ਨੂੰ ਹੋ ਤਰੇ। ਫੋਰਮੈਨ ਤੁਰਿਆ ਜਾਂਦਿਆਂ 'ਚੋਂ ਕਈਆਂ ਦੇ ਨਾਂ ਪੜ੍ਹ ਕੇ ਸਲਿਪਾਂ ਦਈ ਜਾਂਦਾ ਸੀ। ਕਾਹਲੀ ਕਾਹਲੀ ਜਾਂਦਿਆਂ ਚੋਂ ਨੇਕ ਅਤੇ ਦੇਵ ਨੂੰ ਆਵਾਜ਼ ਮਾਰ ਕੇ ਫੋਰਮੈਨ ਨੇ ਲੇਅ-ਆਫ ਸਲਿਪਾਂ ਫੜਾ ਦਿੱਤੀਆਂ। ਦੋਨਾਂ ਦੀਆਂ ਉਦਾਸ ਅੱਖਾਂ ਇਕ ਦੂਜੇ ਦੇ ਉਦਾਸ ਚਿਹਰਿਆਂ ਤੇ ਗੱਡੀਆਂ ਗਈਆਂ।

ਮੀਂਹ ਦਾ ਤੇਜ ਛਰਾਟਾ ਆਉਣ ਕਰਕੇ ਉਹ ਦੌੜ ਕੇ ਭੀੜ ਵੱਲ ਹੋਏ। ਉਨ੍ਹਾਂ ਨੇ ਸਮਝਾਇਆ ਕਿ ਸ਼ਾਇਦ ਕਿਸੇ ਕਾਮੇਂ ਦੇ ਸੱਟ ਲੱਗੀ ਹੋਵੇ। ਅੱਗੇ ਪਹੁੰਚੇ ਤਾਂ ਦੇਖਿਆ ਕਿ ਤਿੰਨ ਸਾਥੀ ਕਾਮੇ ਕਿਸੇ ਲਹੂ ਨਾਲ ਲੱਥ ਪੱਥ ਹੋਏ ਨੂੰ ਬਾਹਰ ਲਿਆ ਰਹੇ ਸੀ। ਕੋਲ ਖੜਿਆਂ 'ਚੋਂ ਇਕ ਗੋਰਾ ਕਾਮਾ ਦੱਸ ਰਿਹਾ ਸੀ ਕਿ ਆਰੇ 'ਚੋਂ ਲੱਕੜ ਦਾ ਫਸਿਆ ਟੁਕੜਾ ਕੱਢਣ ਲੱਗਿਆਂ ਦਸਤਾਨਾ ਫਸ ਜਾਣ ਨਾਲ ਮਿਸਟਰ ਸਿੰਘ ਅੰਦਰ ਵੱਲ ਧੂਇਆ ਗਿਆ। ਤਿੰਨਾਂ ਨੇ ਚੁੱਕੀ ਲਾਸ਼ ਹੇਠ ਰੱਖੀ। ਸਾਰੇ ਕਾਮੇ ਸਹਿਮੇਂ ਹੋਏ ਇਕ ਟੱਕ ਲਾਸ਼ ਵੱਲ ਦੇਖ ਰਹੇ ਸੀ। ਦੇਵ ਅਗਾਂਹ ਵਧਿਆ। ਲਾਸ਼ ਨੂੰ ਦੇਖ ਕੇ ਉਹਦੀ ਧਾਹ ਨਿਕਲ ਗਈ। ਉਹਦੀਆਂ ਅੱਖਾਂ 'ਚੋਂ ਹੰਝੂ ਕਿਰ ਪਏ। ਉਹਦੇ ਹੱਥ ਢਿਲੇ ਹੋ ਗਏ। ਢਿੱਲੇ ਹੱਥਾਂ 'ਚੋਂ ਡਿੱਗੀ ਲੇ-ਆਫ਼ ਸਲਿਪ ਬਾਪੂ ਬਿਸ਼ਨੇ ਦੀ 'ਲਹੂ ਭਿੱਜੀ ਲਾਸ਼' ਕੋਲ ਪਈ ਸੀ।

(VANCOUVER, B. C.)


For all your **ACCOUNTING**
and Income Tax needs, call:

**S.P. PATEL**

EDMONTON
(403) 474-5614

After 5 P.M.

ਸਥਾਈ ਕਾਲਮ:

## ਬੀ.ਸੀ. ਸਰਕਾਰ ਦਾ ਨਵਾਂ ਬੱਜਟ (ਸਾਧੂ)

ਪਿਛਲੀ ਮਈ ਪੰਜ ਦੀ ਇਲੈਕਸ਼ਨ ਤੋਂ ਬਾਅਦ ਬੀ.ਸੀ. ਦੀ ਸੋਸ਼ਲ ਕਰੈਡਿਟ ਪਾਰਟੀ ਦੀ ਬਹੁ-ਸੰਮਤੀ ਸਰਕਾਰ ਨੇ ਸੱਤ ਜੁਲਾਈ ਨੂੰ ਆਪਣਾ ਨਵਾਂ ਬੱਜਟ ਪੇਸ਼ ਕੀਤਾ। ਇਸ ਬੱਜਟ ਵਿਚ ਸਰਕਾਰ ਦੇ ਖਰਚੇ ਘਟਾਉਣ ਦੇ ਬਹਾਨੇ ਥੱਲੇ ਸਰਕਾਰ ਨੇ 26 ਨਵੇਂ ਬਿੱਲ ਪੇਸ਼ ਕੀਤੇ ਹਨ ਜਿਹੜੇ ਮਜ਼ਦੂਰ ਜਮਾਤ ਤੇ ਘੱਟ ਗਿਣਤੀ ਕੌਮਾਂ ਦੇ ਹਰ ਹੱਕ 'ਤੇ ਡਾਕਾ ਮਾਰਦੇ ਹਨ। ਬੀ.ਸੀ. ਦੇ ਲੋਕਾਂ ਨੇ ਉਹ ਹੱਕ ਬੜੇ ਲੰਮੇ ਤੇ ਔਖੇ ਘੋਲਾਂ ਰਾਹੀਂ ਪ੍ਰਾਪਤ ਕੀਤੇ ਹਨ ਤੇ ਇਹ ਸਰਕਾਰ ਪੈਨ ਦੀ ਇਕ ਲਕੀਰ ਨਾਲ ਹੀ ਸਭ ਕੁਝ ਤਹਿਸ ਨਹਿਸ ਕਰਨਾ ਚਾਹੁੰਦੀ ਹੈ। ਇਸ ਬੱਜਟ ਨੇ ਬੀ.ਸੀ. ਦੀ ਸਰਕਾਰ ਦਾ ਅਸਲੀ ਚੇਹਰਾ ਨੰਗਾ ਕਰ ਦਿਤਾ ਹੈ ਜਿਹੜਾ ਕਿ ਹਿਟਲਰ ਤੇ ਮੁਸੋਲਿਨੀ ਦੇ ਚੇਹਰਿਆਂ ਤੋਂ ਵੱਖਰਾ ਨਹੀਂ ਹੈ।

ਇਸ ਬੱਜਟ ਨੇ ਮਜ਼ਦੂਰ ਜਮਾਤ ਦੀ ਜ਼ਿੰਦਗੀ ਦੇ ਹਰ ਪਹਿਲੂ 'ਤੇ ਮਾੜਾ ਅਸਰ ਪਾਉਣਾ ਹੈ। ਪੇਸ਼ ਕੀਤਾ ਗਿਆ ਹਰ ਇਕ ਬਿੱਲ ਮਜ਼ਦੂਰਾਂ ਦੇ ਹੱਕਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਹੈ। ਜਿਵੇਂ ਬਿੱਲ 3 ਮੁਤਾਬਕ ਕਿਸੇ ਵੀ ਕਾਮੇ ਨੂੰ ਕੰਮ ਤੋਂ ਬਿਨਾ ਕਿਸੇ ਕਾਰਨ ਹਟਾਇਆ ਜਾ ਸਕਦਾ ਹੈ ਤੇ ਕਾਮਾ ਇਹਦੇ ਬਾਰੇ ਕਿਸੇ ਕਿਸਮ ਦਾ ਅਦਜ਼ਾਨਾ ਨਹੀਂ ਮੰਗ ਸਕਦਾ ਤੇ ਨਾ ਹੀ ਅਦਾਲਤਾਂ ਜਾਂ ਕਿਸੇ ਹੋਰ ਤਰੀਕੇ ਨਾਲ ਇਹਦੇ ਬਾਰੇ ਕੁਝ ਕਰ ਸਕਦਾ ਹੈ। ਬਿੱਲ 26 ਤੇ 12 ਵਿਚਲੀਆਂ ਇੰਪਲਾਇਮੈਂਟ ਸਟੈਂਡਰਡ ਐਕਟ ਦੀਆਂ ਤਬਦੀਲੀਆਂ ਕੰਮ ਦੀਆਂ ਹਾਲਤਾਂ 'ਤੇ ਸਿੱਧਾ ਅਸਰ ਪਾਉਣਗੀਆਂ ਤੇ ਮਜ਼ਦੂਰ ਯੂਨੀਅਨਾਂ ਨੂੰ ਤੋੜਨਾ ਬੜਾ ਸੁਖਾਲਾ ਹੋ ਜਾਵੇਗਾ।

ਬਿੱਲ 11 ਮੁਤਾਬਕ ਕੰਪਨਸੇਸ਼ਨ ਵਿਚ ਵੀ ਕਾਮਿਆਂ ਨੂੰ ਨੁਕਸਾਨ ਪਹੁੰਚਾਣ ਵਾਲੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ।

ਬਿੱਲ 7 ਮੁਤਾਬਕ ਘਰਾਂ ਉੱਪਰ ਟੈਕਸ ਲਾਉਣ ਦਾ ਨਵਾਂ ਤਰੀਕਾ ਤੇ ਨਾਲ ਹੀ ਬਿਜ਼ਨੈਸਾਂ ਨੂੰ 'ਪਰਾਪਰਟੀ' ਟੈਕਸ ਵਿਚੋਂ ਛੋਟ ਦੇਣ ਦੀ ਸਕੀਮ ਬਣਾਈ ਜਾ ਰਹੀ ਹੈ। ਇਸ ਬੱਜਟ ਨੇ ਕਿਰਾਏ 'ਤੇ ਰਹਿਣ ਵਾਲਿਆਂ ਨੂੰ ਸਰਕਾਰ ਤੋਂ ਮਿਲਦੀ 'ਪ੍ਰੋਟੈਕਸ਼ਨ' ਖਤਮ ਕਰ ਦੇਣੀ ਹੈ। ਕਿਰਾਇਆਂ ਉਪਰ ਕੰਟਰੋਲ ਖ਼ਤਮ ਕਰ ਦਿੱਤਾ ਗਿਆ ਹੈ। 'ਰੈਂਟਲਜ਼ਮੈਨ ਆਫਿਸ' ਬੰਦ ਕਰ ਦਿੱਤਾ ਗਿਆ ਹੈ ਤੇ ਕਿਰਾਏ 'ਤੇ ਰਹਿਣ ਵਾਲਿਆਂ ਨੂੰ ਕੱਢਣ ਲਈ ਮਕਾਨ ਮਾਲਕਾਂ ਦੇ ਹੱਕ ਵਿਚ ਕਾਨੂੰਨ ਬਣਾਏ ਜਾ ਰਹੇ ਹਨ।

ਸਾਡੀ ਭਾਰਤੀ ਕਮਿਊਨਿਟੀ ਤੇ ਬੀ.ਸੀ. ਵਿਚ ਰਹਿਣ ਵਾਲੇ ਹੋਰ ਘੱਟ ਗਿਣਤੀ ਕੌਮਾਂ ਦੇ ਲੋਕਾਂ ਲਈ ਸਭ ਤੋਂ ਵੱਧ ਖਤਰਨਾਕ ਤਬਦੀਲੀ ਜਿਹੜੀ ਇਸ ਬੱਜਟ ਦੇ ਬਿੱਲ 27 ਵਿਚ ਪੇਸ਼ ਕੀਤੀ ਜਾ ਰਹੀ ਹੈ ਉਹ ਹੈ 'ਹਿਊਮਨ ਰਾਈਟਸ' ਦੇ ਮਹਿਕਮੇ ਦਾ ਖਾਤਮਾ। ਇਸ ਮਹਿਕਮੇ ਦੇ ਖਾਤਮੇ ਨਾਲ ਸਾਡੇ ਨਾਲ ਹਰ ਕਿਸਮ ਦਾ ਵਿਤਕਰਾ ਗੈਰ-ਕਾਨੂੰਨੀ ਨਹੀਂ ਹੋਵੇਗਾ। ਕਾਨੂੰਨ ਦੇ ਅੰਦਰ ਰਹਿੰਦੇ ਹੋਏ ਨਸਲਵਾਦੀ ਗੋਰੇ ਸਾਨੂੰ ਕੰਮ ਦੇਣ ਤੋਂ, ਕਿਰਾਏ 'ਤੇ ਘਰ ਦੇਣ ਤੋਂ ਸਾਡੇ ਰੰਗ ਜਾਂ ਪਹਿਰਾਵੇ ਕਰਕੇ ਨਾਂਹ ਕਰ ਸਕਦੇ ਹਨ। ਕਿਸੇ ਦੇ ਸਿਰ 'ਤੇ ਪੱਗ ਦੇਖ ਕੇ ਉਹਨੂੰ ਕੰਮ ਤੋਂ ਜਵਾਬ ਦਿੱਤਾ ਜਾ ਸਕਦਾ ਹੈ। ਨਾ ਹੀ ਕੋਈ ਪੱਗ ਵਾਲਾ ਕਾਮਾ ਹਾਰਡ ਹੈਟ ਦਾ ਮਸਲਾ ਖੜ੍ਹਾ ਕਰ ਸਕਦਾ ਹੈ। ਪਿਛੇ ਜਿਹੇ ਬੀ.ਸੀ. ਦੀ ਇਕ ਮਿੱਲ ਵਿਚ ਇਕ ਪੰਜਾਬੀ ਨੂੰ ਉਹਦੇ ਪੰਜਾਬੀ ਹੋਣ ਕਰਕੇ ਕੰਮ ਨਾ ਦੇਣ ਪਿੱਛੇ ਮਿੱਲ ਵਾਲਿਆਂ ਨੂੰ ਵਿਤਕਰਾ ਕਰਨ ਦੇ ਦੋਸ਼ ਵਿਚ ਇਕ ਲੱਖ ਡਾਲਰ ਉਸ ਕਾਮੇ ਨੂੰ ਦੇਣ ਲਈ ਕਿਹਾ ਗਿਆ ਸੀ। ਇਸ ਮਹਿਕਮੇ ਦੇ ਖਾਤਮੇ ਨਾਲ ਉਸ ਪੰਜਾਬੀ ਮਜ਼ਦੂਰ ਨੂੰ ਵੀ ਸ਼ਾਇਦ ਪੈਸੇ ਨਾ ਮਿਲਣ ਤੇ ਨਾ ਹੀ ਕੋਈ ਅੱਗੇ ਤੋਂ ਅਜੇਹਾ ਕੇਸ ਕਰ ਸਕਦਾ ਹੈ। ਇਸ ਤਬਦੀਲੀ ਨਾਲ ਆਮ ਥਾਵਾਂ ਉੱਪਰ ਵਿਤਕਰਾ ਹੀ ਨਹੀਂ ਵਧੇਗਾ, ਸਗੋਂ ਕੂ ਕਲੱਕਸ ਕਲੈਨ ਵਰਗੀਆਂ ਨਸਲੀ ਜਥੇਬੰਦੀਆਂ ਨੂੰ ਸ਼ਰੇਆਮ ਸਾਡੇ ਬਰਖਿਲਾਫ ਮਨਮਰਜ਼ੀ ਕਰਨ ਦੀ ਖੁੱਲ੍ਹ ਵੀ ਦੇਵੇਗਾ। ਤੇ ਅਸੀਂ ਆਪਣੇ ਨਾਲ ਹੁੰਦੇ ਵਿਤਕਰੇ ਦੀ ਕਿਸੇ ਕੋਲ ਸ਼ਿਕਾਇਤ ਨਹੀਂ ਲਾ ਸਕਦੇ ਕਿਉਂਕਿ ਸ਼ਿਕਾਇਤ ਵਾਲਾ ਮਹਿਕਮਾ ਹੀ ਖਤਮ ਕਰ ਦਿੱਤਾ ਗਿਆ ਹੈ।

ਬਿੱਲ 6 ਤੇ 20 ਮੁਤਾਬਕ ਸਿੱਖਿਆ ਵਿਭਾਗ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਇਹਨਾਂ ਤਬਦੀਲੀਆਂ ਦਾ ਅਸਰ ਇਮੀਗਰੈਂਟਾਂ ਉੱਪਰ ਸਿੱਧੇ ਤੌਰ 'ਤੇ ਪਵੇਗਾ ਕਿਉਂਕਿ ਇਸ ESL (English as Second Language) ਖਤਮ ਕਰ ਦਿੱਤੇ ਜਾਣਗੇ।

ਬਿੱਲ 24 ਮੁਤਾਬਕ ਸਿਹਤ ਵਿਭਾਗ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਇਹਨਾਂ ਨਾਲ ਬੀਮਾਰਾਂ ਲਈ ਹਸਪਤਾਲਾਂ ਦਾ ਖਰਚਾ ਵਧ ਜਾਵੇਗਾ ਤੇ ਹੌਲੀ ਹੌਲੀ ਬੀ.ਸੀ. ਵਿਚ ਵੀ ਅਮਰੀਕਾ ਵਾਲਾ ਸਿਸਟਮ ਲਾਗੂ ਕੀਤਾ ਜਾ ਸਕਦਾ ਹੈ ਜਿਥੇ ਲੰਮੀ ਬੀਮਾਰੀ ਬੰਦੇ ਦਾ ਆਰਥਿਕ ਪੱਖੋਂ ਦਿਵਾਲਾ ਕੱਢ ਦਿੰਦੀ ਹੈ।

ਬਿੱਲ 9, 21 ਅਤੇ 23 ਦੀਆਂ ਤਬਦੀਲੀਆਂ ਸਰਕਾਰ ਦੇ ਹੱਥ ਸਿੱਧੀ ਤਾਕਤ ਵਧਾਉਣਗੀਆਂ ਤੇ ਆਮ ਸ਼ਹਿਰੀ ਕੋਲੋਂ ਸ਼ਿਕਾਇਤ ਕਰਨ ਦੀ ਤਾਕਤ ਖੋਹ ਲਈ ਜਾਵੇਗੀ।

ਬਿੱਲ 15 ਤੇ 4 ਮੁਤਾਬਕ ਇਨਕਮ ਟੈਕਸ ਤੇ ਸੇਲਜ਼ ਟੈਕਸ ਵਧਾਏ ਜਾ ਰਹੇ ਹਨ। 'ਲਾਂਗ ਡਿਸਟੈਂਸ' ਟੈਲੀਫੋਨ ਕਰਨ ਲਈ 7% ਟੈਕਸ ਲੱਗੇਗਾ। ਇਸੇ ਤਰਾਂ ਰੈਸਟੋਰੈਂਟਾਂ ਵਿਚ ਖਾਣੇ ਉਪਰ ਟੈਕਸ ਲੱਗੇਗਾ।

ਸਰਕਾਰ ਵੱਲੋਂ ਪੇਸ਼ ਕੀਤੇ ਇਹ ਬਿੱਲ ਅਜੇ ਕਾਨੂੰਨ ਨਹੀਂ ਬਣੇ, ਪਰ ਕਿਉਂਕਿ ਸੋਸ਼ਲ ਕਰੈਡਿਟ ਦੀ ਬਹੁ-ਸੰਮਤੀ ਹੈ

ਇਸ ਕਰਕੇ ਇਨ੍ਹਾਂ ਦੇ ਕਾਨੂੰਨ ਬਣ ਜਾਣ ਵਿਚ ਕੋਈ ਸ਼ੱਕ ਨਹੀਂ ਹੈ। ਤੇ ਨਾਲ ਹੀ ਸਰਕਾਰ ਨੇ ਇਹਨਾਂ ਨੀਤੀਆਂ 'ਤੇ ਅਮਲ ਕਰਨਾ ਸ਼ੁਰੂ ਵੀ ਕਰ ਦਿੱਤਾ ਹੈ। ਹੁਣ ਤੱਕ ਤਕਰੀਬਨ ਤਿੰਨ ਹਜ਼ਾਰ ਸਰਕਾਰੀ ਕਾਮਾ ਕੰਮ ਤੋਂ ਹਟਾਇਆ ਜਾ ਚੁੱਕਾ ਹੈ। ਇਹਨਾਂ ਵਿਚ ਕਈ ਵੀਹ ਵੀਹ ਸਾਲ ਤੋਂ ਨੌਕਰੀਆਂ ਕਰਦੇ ਸਨ। ਕੰਮ ਤੋਂ ਹਟਾਉਣ ਲਈ 'ਸੀਨੀਓਰਿਟੀ' ਦਾ ਵੀ ਕੋਈ ਖਿਆਲ ਨਹੀਂ ਰੱਖਿਆ ਗਿਆ। ਸਗੋਂ ਉਹਨਾਂ ਲੋਕਾਂ ਨੂੰ ਪਹਿਲਾਂ ਹਟਾਇਆ ਜਾ ਰਿਹਾ ਹੈ ਜੋ ਸਰਕਾਰ ਦੀਆਂ ਅੱਖਾਂ ਵਿਚ ਰੜਕਦੇ ਹਨ।

ਸਰਕਾਰ ਇਹ ਤਬਦੀਲੀਆਂ ਕਰਨ 'ਤੇ ਤੁਲੀ ਹੋਈ ਹੈ, ਪਰ ਦੂਜੇ ਪਾਸੇ ਲੋਕ ਇਸ ਨੂੰ ਰੋਕਣ ਲਈ ਡਟੇ ਹੋਏ ਹਨ। ਜਿਸ ਦਿਨ ਤੋਂ ਇਹ ਬਿੱਲ ਪੇਸ਼ ਕੀਤੇ ਗਏ ਹਨ ਉਦੋਂ ਤੋਂ ਹੀ ਕੋਈ ਦਿਨ ਅਜਿਹਾ ਨਹੀਂ ਲੰਘਿਆ ਜਦ ਕੋਈ ਰੋਸ ਮੁਜ਼ਾਹਰਾ ਜਾਂ ਜਲੂਸ ਨਾ ਕੱਢਿਆ ਗਿਆ ਹੋਵੇ। 23 ਜੁਲਾਈ ਨੂੰ ਵੈਨਕੂਵਰ 25,000 ਲੋਕਾਂ ਨੇ ਕੜਕਦੀ ਧੁੱਪ ਵਿਚ ਜਲੂਸ ਕੱਢਿਆ। 27 ਜੁਲਾਈ ਨੂੰ ਵਿਕਟੋਰੀਆ ਅਸੈਂਬਲੀ ਬਿਲਡਿੰਗ ਦੇ ਸਾਹਮਣੇ ਬੁੱਧਵਾਰ ਕੰਮ ਦੇ ਦਿਨ 20,000 ਤੋਂ ਉੱਪਰ ਲੋਕਾਂ ਨੇ ਜ਼ੋਰਦਾਰ ਮੁਜ਼ਾਹਰਾ ਕੀਤਾ। ਇਹ ਇਕੱਠ ਵਿਕਟੋਰੀਆ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਇਕੱਠ ਸੀ। ਇਸੇ ਤਰਾਂ ਦਸ ਅਗਸਤ ਨੂੰ ਵੈਨਕੂਵਰ ਦੇ ਇੰਪਾਇਰ ਸਟੇਡੀਅਮ ਵਿਚ 50,000 ਤੋਂ ਉੱਪਰ ਲੋਕਾਂ ਨੇ ਕੰਮ ਦੇ ਦਿਨ ਸਵੇਰ ਦੇ ਦਸ ਵਜੇ ਰੋਸ ਮੁਜ਼ਾਹਰਾ ਕੀਤਾ। ਇਹ ਇਕੱਠ ਵੀ ਵੈਨਕੂਵਰ ਦੇ ਇਤਿਹਾਸ ਵਿਚ ਆਪਣੀ ਕਿਸਮ ਦਾ ਏਡਾ ਵੱਡਾ ਪਹਿਲਾ ਇਕੱਠ ਸੀ। ਇਸ ਮੁਜ਼ਾਹਰੇ ਵਿਚ ਮਜ਼ਦੂਰ ਯੂਨੀਅਨਾਂ ਤੇ ਕਮਿਊਨਿਟੀ ਗਰੁੱਪਾਂ ਦੀ ਏਕਤਾ ਦੇ ਵਿਖਾਵੇ ਨੇ ਲੋਕਾਂ ਵਿਚ ਅਥਾਹ ਜੋਸ਼ ਭਰਿਆ। ਸਟੇਡੀਅਮ ਵਿਚ ਬਣੇ ਰੇਸ ਟਰੈਕ ਉਪਰ ਜਦੋਂ ਵੱਖਰੀ ਵੱਖਰੀ ਯੂਨੀਅਨ ਨੇ ਆਪਣੇ ਬੈਨਰ ਥੱਲੇ ਮਾਰਚ ਕੀਤਾ ਤਾਂ ਲੋਕਾਂ ਨੇ ਤਾੜੀਆਂ ਨਾਲ ਸਟੇਡੀਅਮ ਦੀ ਪੁਰਾਣੀ ਇਮਾਰਤ ਦੀਆਂ ਨੀਹਾਂ ਹਿਲਾ ਦਿੱਤੀਆਂ। ਕੈਨੇਡਾ ਵਰਗੇ ਮੁਲਕ ਵਿਚ ਤੇ ਫੇਰ ਬੀ.ਸੀ. ਵਰਗੇ 'ਖਾਂਦੇ ਪੀਂਦੇ' ਸੂਬੇ ਵਿਚ ਲੋਕਾਂ ਦਾ ਇੰਨੀ ਭਾਰੀ ਗਿਣਤੀ ਵਿਚ ਸਰਕਾਰ ਵਿਰੁੱਧ ਰੋਸ ਵਿਚ ਇਕੱਠੇ ਹੋਣਾ ਇਕ ਅਚੰਭਾ ਹੈ ਤੇ "OPERATION SOLIDARITY" ਨੂੰ ਜਥੇਬੰਦ ਕਰਨ ਵਾਲੇ ਵੀ ਇਸ ਤੇ ਹੈਰਾਨ ਹਨ। ਪਰ ਲੋਕਾਂ ਦੇ ਇਸ ਗੁੱਸੇ ਭਰੇ ਵਿਖਾਵੇ ਦਾ ਬਿਲ ਬੈਨਿਟ ਉਪਰ ਅਜੇ ਕੋਈ ਅਸਰ ਨਹੀਂ ਪਿਆ ਜਾਪਦਾ। ਜੇ ਉਸ ਨੇ ਆਪਣੀ ਹੈਂਕੜ ਨਾ ਛੱਡੀ ਤਾਂ ਬੀ.ਸੀ. ਵਿਚ ਜਨਰਲ ਸਟਰਾਈਕ ਹੋਣ ਦੀ ਸੰਭਾਵਨਾ ਹੈ।

ਜੇ ਇਹ ਬੱਜਟ ਪਾਸ ਹੋ ਗਿਆ ਤਾਂ ਬੀ.ਸੀ. ਦੇ ਆਮ ਸ਼ਹਿਰੀ ਨੂੰ ਵੀ ਕਾਫੀ ਨੁਕਸਾਨ ਹੋਵੇਗਾ ਪਰ ਸੱਭ ਤੋਂ ਵੱਧ ਨੁਕਸਾਨ ਸਾਡੀ ਕਮਿਊਨਿਟੀ ਤੇ ਇਹਦੇ ਮੈਂਬਰਾਂ ਨੂੰ ਹੋਵੇਗਾ। ਅਸੀਂ ਸ਼ਰੇਆਮ ਵਿਤਕਰੇ ਅਤੇ ਧੱਕੇ ਦਾ ਸ਼ਿਕਾਰ ਹੋਵਾਂਗੇ ਤੇ ਕਾਨੂੰਨੀ ਤੌਰ 'ਤੇ ਇਹਦੇ ਬਾਰੇ ਕੁਝ ਕਰ ਵੀ ਨਹੀਂ ਸਕਾਂਗੇ। ਸਾਡੇ ਉੱਪਰ ਹੋ ਰਹੇ ਇਸ ਹਮਲੇ ਦਾ ਸਾਨੂੰ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਰੋਸ ਮੁਜ਼ਾਹਰਿਆਂ ਤੇ ਜਲੂਸਾਂ ਵਿਚ ਸਾਨੂੰ ਸਭ ਤੋਂ ਵਧ ਕੇ ਹਿੱਸਾ ਲੈਣਾ ਚਾਹੀਦਾ ਹੈ। ਪਰ ਹੁਣ ਤੱਕ ਸਾਡੀ ਕਮਿਊਨਿਟੀ ਵਿਚੋਂ ਬਹੁਤ ਘੱਟ ਗਿਣਤੀ ਲੋਕਾਂ ਨੇ ਇਸ ਵਿਚ ਹਿੱਸਾ ਲਿਆ ਹੈ। ਬੀ.ਸੀ. ਵਿਚਲੇ ਬਹੁਤ ਸਾਰੇ ਚਰਚਾਂ ਤੇ ਧਾਰਮਿਕ ਸੰਸਥਾਵਾਂ ਨੇ ਬੱਜਟ ਦੇ ਖਿਲਾਫ ਆਵਾਜ਼ ਉਠਾਈ ਹੈ ਪਰ ਸਾਡੇ ਗੁਰਦੁਆਰਿਆਂ ਦੇ ਮੋਹਰੀਆਂ ਅਜੇ ਤੱਕ ਅਜੇਹਾ ਕੋਈ ਕਦਮ ਨਹੀਂ ਚੁੱਕਿਆ। ਵੈਨਕੂਵਰ ਵਿਚ ਨਿਕਲਦੇ ਸਿੱਖਾਂ ਦੇ ਧਾਰਮਿਕ ਜਲੂਸਾਂ ਵਿਚ ਲੋਕਾਂ ਦੀ ਗਿਣਤੀ ਤੀਹ ਚਾਲੀ ਹਜ਼ਾਰ ਤੱਕ ਪਹੁੰਚ ਜਾਂਦੀ ਹੈ ਪਰ ਇਨ੍ਹਾਂ ਰੋਸ ਮੁਜ਼ਾਹਰਿਆਂ ਵਿਚ ਪੱਗਾਂ ਵਾਲਿਆਂ ਦੀ ਗਿਣਤੀ ਚਾਲੀ ਪੰਜਾਹ ਤੋਂ ਉੱਪਰ ਨਹੀਂ ਹੋਈ। ਦਸ ਅਗਸਤ ਵਾਲੇ ਮੁਜ਼ਾਹਰੇ ਵਿਚ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ (C.F.U.) ਤੇ ਨਸਲਵਾਦ ਦੇ ਖਿਲਾਫ਼ ਲੜਨ ਵਾਲੀ BCOFR ਦੇ ਬੈਨਰਾਂ ਪਿੱਛੇ ਕਾਫੀ ਪੰਜਾਬੀ ਸਨ ਪਰ ਜੇ ਕਮਿਊਨਿਟੀ ਵਿਚੋਂ ਦੂਜੀਆਂ ਜਥੇਬੰਦੀਆਂ ਵੀ ਆਪਣੇ ਮੈਂਬਰ ਲੈ ਕੇ ਉਥੇ ਪਹੁੰਚਦੀਆਂ ਤਾਂ ਕਿੰਨਾ ਚੰਗਾ ਹੁੰਦਾ।

ਸਾਡੀ ਕਮਿਊਨਿਟੀ ਦੀ ਅਸਲੀ ਵਾਗਡੋਰ ਅਜੇ ਗੁਰਦੁਆਰਿਆਂ ਦੇ ਹੱਥ ਵਿਚ ਹੀ ਹੈ। ਇਸ ਕਰਕੇ ਇਹਨਾਂ ਅਦਾਰਿਆਂ ਦੇ ਮੋਹਰੀਆਂ ਨੂੰ ਜ਼ਰੂਰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਹ ਠੀਕ ਹੈ ਕਿ ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਦਾ ਉਹਨਾਂ ਉੱਪਰ ਸਿੱਧਾ ਅਸਰ ਹੁੰਦਾ ਹੈ ਤੇ ਉਹਨਾਂ ਬਾਰੇ ਫਿਕਰਮੰਦ ਵੀ ਹੋਣਾ ਚਾਹੀਦਾ ਹੈ। ਪਰ ਅਸੀਂ ਜਿੱਥੇ ਰਹਿੰਦੇ ਹਾਂ ਉਥੇ ਵਾਪਰਦੀਆਂ ਘਟਨਾਵਾਂ, ਜਿਹਨਾਂ ਦਾ ਸਿੱਧਾ ਸਾਡੇ 'ਤੇ ਅਸਰ ਹੁੰਦਾ ਹੈ, ਉਸ ਤੋਂ ਅੱਖਾਂ ਮੀਟ ਰੱਖਣੀਆਂ ਕੋਈ ਸਿਆਣਪ ਨਹੀਂ ਹੈ। ਸਿੱਖ ਕੌਮ ਨੂੰ ਆਪਣੇ ਸੁਨਹਿਰੀ ਇਤਿਹਾਸ ਨੂੰ ਸਿਰਫ ਧਾਰਮਿਕ ਜੁੱਧ ਲੜਨ ਵੇਲੇ ਹੀ ਨਹੀਂ ਯਾਦ ਕਰਨਾ ਚਾਹੀਦਾ ਸਗੋਂ ਜਦੋਂ ਵੀ ਜਿੱਥੇ ਵੀ ਕਿਸੇ ਕਿਸਮ ਦੀ ਕੋਈ ਵਧੀਕੀ ਹੁੰਦੀ ਹੋਵੇ ਤਾਂ ਸਿੱਖਾਂ ਨੂੰ ਆਪਣੇ ਖਾੜਕੂ ਵਿਰਸੇ ਨੂੰ ਧਿਆਨ ਵਿਚ ਰੱਖਦਿਆਂ ਆਪਣੇ ਹੱਕਾਂ ਲਈ ਜੂਝਣਾ ਚਾਹੀਦਾ ਹੈ। ਇਸ ਗੱਲ ਦੀ ਉਡੀਕ ਨਹੀਂ ਕਰਨੀ ਚਾਹੀਦੀ ਕਿ ਕੋਈ ਸੰਤ ਜਾਂ ਧਾਰਮਿਕ ਲੀਡਰ ਆ ਕੇ ਕਹੇ ਕਿ ਬੀ.ਸੀ. ਦੀ ਸਰਕਾਰ ਦੀਆਂ ਨਸਲਵਾਦੀ ਨੀਤੀਆਂ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਇਸ ਗੱਲ ਦਾ ਖ਼ੁਦ ਅਹਿਸਾਸ ਹੋਣਾ ਚਾਹੀਦਾ ਹੈ। ਲੋਕਾਂ ਵੱਲੋਂ ਆਪਣੇ ਹੱਕਾਂ ਲਈ ਹੁੰਦੇ ਰੋਸ ਮੁਜ਼ਾਹਰਿਆਂ ਵਿਚ ਜੇ ਦੋ ਚਾਰ ਹਜ਼ਾਰ ਸਿੱਖ, ਪੰਜਾਬੀ ਦਿਸਦੇ ਹੋਣ ਤਾਂ ਇਥੋਂ ਦੇ ਮਜ਼ਦੂਰਾਂ ਅੰਦਰ ਉਹਨਾਂ ਬਾਰੇ ਸਤਿਕਾਰ ਵਧੇਗਾ ਤੇ ਕਲੈਨ ਵਰਗੀਆਂ ਜਥੇਬੰਦੀਆਂ ਅੰਦਰ ਇਹਨਾਂ ਦਾ ਜੋਸ਼ ਦੇਖ ਕੇ ਡਰ ਪੈਂਦਾ ਹੋਵੇਗਾ। ਇਥੋਂ ਦੇ ਲੋਕਾਂ ਨਾਲ ਨੇੜਤਾ ਵਧਾਉਣ ਦੇ ਇਹੋ ਜਿਹੇ ਮੌਕੇ ਹੱਥੋਂ ਨਹੀਂ ਜਾਣ ਦੇਣੇ ਚਾਹੀਦੇ। • (Burnaby, B.C.)

ਹਰ ਪਰਕਾਰ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਅਮਰੀਕ ਸੱਲ ਨੂੰ ਮਿਲੋ !

FOR ALL YOUR REAL ESTATE NEEDS
Residential - Commercial - Investments
CONTACT: AMRIK SULL
PH. BUS: 585-2211
PH. RES: 581-6692
PAGER: 3748-687-7711

Century 21

10667 - 135 ST., SURREY, B.C. V3T 4E3


AMRIK SULL



RED FORT INSURANCE SERVICES

107 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

HARJIT JUDGE

BUS. 463-9523 RES. 462-2371

Let me look after all your Insurance Needs:

PERSONAL: Fire, Auto, Motor, Tenant Package

LIFE INSURANCE: Mortgage, Disability and Accident & Sickness.

COMMERCIAL: Bonding, Liability, Fires, Crime, Apartment Buildings, Retail Stores, Offices, Machinery, Boilers.



Millhurst Hair Stylists (Unisex)

5734 - 19 A AVE, EDMONTON

SPECIALIZED IN:
i) Haircut ii) Blow Dry iii) Colour
iv) Perms v) Henna vi) French Braids

PHONE:
DARSHAN DHILLON
FOR APPOINTMENT (463-5012)

GIVE THE LADY OF THE HOUSE A BREAK AND LEAVE THE COOKING TO ANNAPOORNA

- FOR SAMOSA, GOLGAPPE, KACHORI and a variety of sweets please visit ANNAPOORNA.
- Lunch & Dinner also available for as low as $2.50 per meal.
- For DELECIOUS HOME-COOKED VEGETARIAN FOOD, COME TO ANNAPOORNA.
- Orders Welcome

SPECIALS
- Monday - Dosa Day
- Tuesday - Buffet
- Wednesday - $1.99 Day

PHONE 462-1249

ANNAPOORNA

EAST INDIAN VEGETARIAN RESTAURANT
9303-34 AVE., EDMONTON

ਕਹਾਣੀ

# ਫ਼ੈਸਲਾ ਹੋਣ ਤੱਕ

ਦੇਵਿੰਦਰ ਸੇਖੋਂ

"ਤੂੰ ਅਜੇ ਤਿਆਰ ਨਹੀਂ ਹੋਇਆ ਰੈਂਡੀ ?" ਹਰਦੇਵ ਨੇ ਲਿਵਿੰਗ ਰੂਮ ਵਿਚ ਵੜਦਿਆਂ ਹੀ ਰਣਧੀਰ ਨੂੰ ਪੁੱਛਿਆ ।

"ਛੇਤੀ ਕਰ ਯਾਰ, ਜਸਬੀਰ ਦਾ ਪਲੇਨ ਆਉਣ ਵਿਚ ਤਾਂ ਕੁਲ ਘੰਟਾ ਈ ਰਹਿ ਗਿਐ । ਰਾਹ ਵਿਚ ਵੀ ਅੱਧੇ ਘੰਟੇ ਤੋਂ ਵੱਧ ਲਗ ਜਾਣੈ । ਜੇ ਆਪਾਂ ਉਹਨੂੰ ਇਕ ਦਮ ਨਜ਼ਰੇ ਨਾ ਪਏ ਤਾਂ ਘਬਰਾਹਟ ਨਾਲ ਉਹਦਾ ਬੁਰਾ ਹਾਲ ਹੋ ਜਾਣੈ ।" ਹਰਦੇਵ ਨੇ ਗੱਲ ਜਾਰੀ ਰਖਦਿਆਂ ਆਖਿਆ ।

"ਬੱਸ ਤੈਨੂੰ ਈ ਉਡੀਕ ਰਿਹਾ ਸੀ । ਮੈਂ ਪੰਜਾਂ ਮਿੰਟਾਂ 'ਚ ਤਿਆਰ ਹੋ ਜਾਣੈਂ, ਤੂੰ ਦਸ ਮਿੰਟ ਟੀ. ਵੀ. ਤੇ ਹਾਕੀ ਦਾ ਮੈਚ ਵੇਖ ਲੈ, ਬਹੁਤ ਇੰਟਰੈਸਟਿੰਗ ਐ ।" ਰਣਧੀਰ ਨੇ ਉਹਦੀ ਕਾਹਲੀ ਨੂੰ ਬਰੇਕਾਂ ਲਾਉਣੀਆਂ ਚਾਹੀਆਂ ।

"ਕੌਣ ਜਿੱਤ ਰਿਹੈ ?"

"ਉਇ ਆਪਣੇ ਓਇਲਰਜ਼ (OILERS), ਹੋਰ ਕੌਣ !"

"ਦੂਸਰੀ ਟੀਮ ਕਿਹੜੀ ਐ ?"

"ਯਾਰ, ਤੈਨੂੰ ਇਹ ਵੀ ਨਹੀਂ ਪਤਾ ! ਕੈਲਗਰੀ ਫ਼ਲੇਮਜ਼ । ਚੰਗਾ, ਮੈਂ ਤਿਆਰ ਹੋ ਲਵਾਂ । ਤੂੰ ਡਰਾਮ ਤੇ ਨਹੀਂ ਮਾਰਨਾ ?" ਰਣਧੀਰ ਨੂੰ ਪਤਾ ਸੀ ਹਰਦੇਵ ਨਸ਼ੇ ਦਾ ਬਹੁਤ ਸ਼ੌਕੀਨ ਹੈ ।

ਨਹੀਂ ਯਾਰ, ਹੁਣ ਲੇਟ ਹੋ ਜਾਵਾਂਗੇ, ਆ ਕੇ ਸਹੀ ।" ਨਾਲ ਹੀ ਹਰਦੇਵ ਨੇ ਗਲਾਸ ਵਿਚ ਸਕਾਚ ਦਾ ਇਕ ਤਕੜਾ ਹਾੜਾ ਪਾ ਲਿਆ ।

"ਚੰਗਾ ਫਿਰ ਹੈਸ ਐਪਲ ਜੂਸ ਨਾਲ ਈ ਸਾਰ ਲੈ ।" ਰਣਧੀਰ ਨੇ ਲਾ ਕੇ ਆਖੀ । ਉਹ ਨਾਲ ਨਾਲ ਤਿਆਰ ਵੀ ਹੋ ਰਿਹਾ ਸੀ । ਪੰਦਰਾਂ ਕੁ ਮਿੰਟ ਬਾਅਦ ਉਹ ਦੋਵੇਂ ਹਰਦੇਵ ਦੀ ਨਵੀਂ 'ਥੰਡਰਬਰਡ' ਵਿਚ ਏਅਰਪੋਰਟ ਨੂੰ ਜਾ ਰਹੇ ਸਨ ।

"ਵਕਤ ਕੀ ਹੋ ਗਿਐ, ਹੈਰੀ ?" ਰਣਧੀਰ ਨੇ ਚੁੱਪ ਤੋੜੀ ।

"ਸਵਾ ਚਾਰ । ਪਲੇਨ ਵੀ ਠੀਕ ਟਾਈਮ ਤੇ ਆ ਰਿਹੈ, ਮੈਂ ਫ਼ੋਨ ਤੇ ਪੁੱਛਿਆ ਸੀ । ਹੁਣ ਟਰੈਫ਼ਿਕ ਵੀ ਬਹੁਤ ਵਧ ਜਾਣੀ ਐਂ, ਆਪਾਂ ਕਿਤੇ ਟਰੈਫਿਕ ਜਾਮ ਵਿਚ ਨਾ ਫਸ ਜਾਈਏ ।" ਹਰਦੇਵ ਨੇ ਚਿੰਤਾ ਪਰਗਟ ਕੀਤੀ ।

"ਆਪਾਂ ਗਰੋਟ ਰੋਡ ਥਾਣੀਂ ਚੱਲਦੇ ਆਂ, ਉਧਰ ਲਾਈਟਸ ਘੱਟ ਨੇ ।" ਰਣਧੀਰ ਨੇ ਸਲਾਹ ਦਿੱਤੀ ।

"ਇਹ ਠੀਕ ਐ ।" ਹਰਦੇਵ ਨੇ ਕਾਰ ਉਧਰ ਮੋੜਦਿਆਂ ਆਖਿਆ ।

"ਯਾਰ, ਤੂੰ ਭਾਬੀ ਨੂੰ ਨਾਲ ਕਿਉਂ ਨਹੀਂ ਲਿਆਂਦਾ ?" ਰਣਧੀਰ ਨੂੰ ਦਲਜੀਤ ਦੀ ਗ਼ੈਰ ਹਾਜਰੀ ਬਹੁਤ ਬੁਰੀ ਤਰ੍ਹਾਂ ਰੜਕ ਰਹੀ ਸੀ । ਇਹ ਦੋਵੇਂ ਆਪਸ ਵਿਚ ਛੋਟੇ ਛੋਟੇ ਮਖੌਲਾਂ ਦੀ ਲੜਾਈ ਲੜਦੇ ਰਹਿੰਦੇ ਸਨ । ਭਾਵੇਂ ਰਣਧੀਰ ਹਮੇਸ਼ਾਂ ਹੀ ਮਖੌਲਾਂ ਵਿਚ ਦਲਜੀਤ ਕੋਲੋਂ ਮਾਰ ਖਾ ਜਾਂਦਾ, ਉਸਨੂੰ ਇਸ ਹਾਰ ਵਿਚ ਵੀ ਬੜਾ ਸੁਆਦ ਆਉਂਦਾ ।

"ਉਹ ਅਜੇ ਕੰਮ ਤੋਂ ਵਾਪਸ ਨਹੀਂ ਆਈ ਸੀ । ਉਸਨੇ ਪੌਣੇ ਪੰਜ ਵਜੇ ਘਰ ਪਹੁੰਚਣਾ ਸੀ, ਜੇ ਉਡੀਕਣ ਲੱਗ ਪੈਂਦੇ, ਆਪਾਂ ਲੇਟ ਹੋ ਜਾਣਾ ਸੀ ।"

"ਪੈਸਿਆਂ ਦਾ ਬਹੁਤਾ ਲਾਲਚ ਨਹੀਂ ਚੰਗਾ ਹੁੰਦਾ । ਅੱਜ ਕੰਮ ਅੱਧਾ ਘੰਟਾ ਪਹਿਲਾਂ ਛੱਡ ਦਿੰਦੀ, ਤਾਂ ਕਿਹੜੀ ਕਾਰ ਦੀ ਕਿਸ਼ਤ ਟੁੱਟ ਜਾਣੀ ਸੀ ? ਨਾਲੇ ਉਹਦਾ ਦਿਉਰ ਖੁਸ਼ ਹੋ ਜਾਂਦਾ ।" ਰਣਧੀਰ ਨੇ ਜਸਬੀਰ ਵੱਲ ਇਸ਼ਾਰਾ ਕੀਤਾ ।

"ਸੱਚ ਯਾਰ ਆਪਾਂ ਜਸਬੀਰ ਦਾ ਇਥੇਂ ਲਈ ਕੀ ਨਾਂ ਰੱਖਾਂਗੇ ?" ਹਰਦੇਵ ਨੇ ਮੁਸਕਰਾਉਂਦਿਆਂ ਪੁੱਛਿਆ । ਉਸਨੂੰ ਰਣਧੀਰ ਦੀ ਪੈਸਿਆਂ ਵਾਲੀ ਚੋਟ ਦਾ ਕੋਈ ਢੁਕਵਾਂ ਉੱਤਰ ਨਹੀਂ ਸੁੱਝਿਆ ਸੀ । ਉਸਨੇ ਗੱਲ ਦਾ ਰੁਖ ਬਦਲ ਦਿੱਤਾ ।

"ਜੈੱਸੀ (JESSE), ਹੋਰ ਕੀ । ਪਰ ਭਰਾਵਾ, ਉਹ ਬੰਦਾ ਬਹੁਤ ਹੋਰ ਖਿਆਲਾਂ ਦਾ ਆ । ਉਹਨੇ ਕੋਈ ਵੀ ਕੈਨੇਡੀਅਨ ਨਾਂ ਪਸੰਦ ਨਹੀਂ ਕਰਨਾ । ਉਹ ਤਾਂ ਸਾਡੇ ਕੈਨੇਡੀਅਨ ਨਾਵਾਂ ਤੇ ਵੀ ਬਹੁਤ ਨੱਕ ਬੁੱਲ੍ਹ ਵੱਟੇਗਾ ।"

ਰਣਧੀਰ ਅਤੇ ਹਰਦੇਵ ਦੋਵੇਂ ਚਚੇਰੇ ਭਰਾ ਸਨ । ਉਹਨਾਂ ਦੋਵਾਂ ਨੂੰ ਜਸਬੀਰ ਦੇ ਕੱਟੜ ਖ਼ਿਆਲਾਂ ਬਾਰੇ ਪਤਾ

ਸੀ । ਜਸਬੀਰ, ਉਹਨਾਂ ਦੋਵਾਂ ਦੀ ਭੂਆ ਦਾ ਪੁੱਤ ਸੀ ਤੇ ਪਹਿਲੀ ਵਾਰ ਕੈਨੇਡਾ ਆ ਰਿਹਾ ਸੀ । ਜਸਬੀਰ ਦਾ ਪਿਤਾ, ਗੁਰਨਾਮ ਸਿੰਘ ਮੱਲ੍ਹੀ, ਬੜਾ ਧਾਰਮਿਕ ਰੁਚੀਆਂ ਵਾਲਾ ਆਦਮੀ ਸੀ । ਜਸਬੀਰ ਵੀ ਆਪਣੇ ਪਿਤਾ ਵਾਂਗ ਬੜੇ ਧਾਰਮਿਕ ਖ਼ਿਆਲਾਂ ਵਾਲਾ ਸੀ ।

"ਨਾਵਾਂ ਦੀ ਗੱਲ ਤਾਂ ਬਾਅਦ ਦੀ ਐ, ਪਹਿਲਾਂ ਤਾਂ ਸਾਨੂੰ ਬਾਬੂ ਬਣੇ ਵੇਖ ਹੀ ਉਹਨੇ ਗੱਲ ਨਹੀਂ ਕਰਨੀ ।"

"ਆਪਣੇ ਕੇਸਾਂ, ਦਾੜ੍ਹੀ ਦੇ ਕਤਲ ਬਾਰੇ ਤਾਂ ਮੈਨੂੰ ਭੁੱਲ ਈ ਗਿਆ । ਸਾਡੀਆਂ ਬਦਲੀਆਂ ਸੂਰਤਾਂ ਵੇਖ ਤਾਂ ਜ਼ਰੂਰ ਉਹਨੂੰ ਸ਼ਾਕ ਲੱਗੇਗਾ । ਭਾਵੇਂ ਸਾਨੂੰ ਪਛਾਣੇ ਵੀ ਨਾ ।"

"ਸ਼ੁਰੂ ਸ਼ੁਰੂ 'ਚ ਤਾਂ ਜ਼ਰੂਰ ਉਹਨੂੰ ਦੁੱਖ ਹੋਵੇਗਾ, ਪਰ ਸਮੇਂ ਨਾਲ ਆਪੇ ਹਕੀਕਤ ਸਮਝ ਜਾਵੇਗਾ ।"

ਉਹਨਾਂ ਦੇ ਇੰਦਾਂ ਗੱਲਾਂ ਕਰਦਿਆਂ, ਐਡਮਿੰਟਨ ਦਾ ਇੰਟਰਨੈਸ਼ਨਲ ਏਅਰਪੋਰਟ ਆ ਗਿਆ । ਦੋਵੇਂ ਕਰਾਏ ਪਾਰਕ ਕਰਕੇ ਏਅਰਪੋਰਟ ਦੇ ਅੰਦਰ ਪਹੁੰਚ ਗਏ । ਏਅਰਪੋਰਟ ਤੇ ਬਹੁਤ ਰੌਣਕ ਸੀ । ਦੋਵੇਂ ਬੜੀ ਬੇਸਬਰੀ ਨਾਲ ਜਸਬੀਰ ਦੀ ਉਡੀਕ ਕਰਨ ਲੱਗੇ । ਏਅਰਪੋਰਟ ਤੇ ਹੋਰ ਵੀ ਕਈ ਹਿੰਦੁਸਤਾਨੀ ਸਨ । ਉਹਨਾਂ ਵਿਚੋਂ ਕੁਝ ਆਪਣੇ ਰਿਸ਼ਤੇਦਾਰਾਂ ਨੂੰ ਚੜ੍ਹਾਉਣ ਆਏ ਸਨ ਤੇ ਕੁਝ ਲੈਣ । ਹਰਦੇਵ ਕੁਝ ਵਾਕਿਫ਼ਾਂ ਨਾਲ ਗੱਲੀਂ ਰੁੱਝ ਗਿਆ ਤੇ ਰਣਧੀਰ, ਸਮਾਂ ਬਿਤਾਉਣ ਲਈ ਮਸ਼ੀਨਾਂ ਤੇ ਖੇਡਣ ਲਗ ਪਿਆ ।

ਛੇਤੀ ਹੀ ਜਸਬੀਰ ਦੇ ਜਹਾਜ਼ ਪਹੁੰਚਣ ਦੀ ਸੂਚਨਾ ਸਪੀਕਰ ਤੇ ਦਿੱਤੀ ਗਈ । ਉਸਦੀ ਇਮੀਗਰੇਸ਼ਨ ਅਤੇ ਕਸਟਮ ਤਾਂ ਟਰਾਂਟੋ ਹੀ ਹੋ ਗਈ ਸੀ, ਇਸ ਲਈ ਉਸਨੇ ਜਹਾਜ਼ 'ਚੋਂ ਉੱਤਰ ਕੇ ਸਿੱਧਾ ਹੀ ਆ ਜਾਣਾ ਸੀ ।

ਬਹੁਤ ਉਤਾਵਲੀਆਂ ਅੱਖਾਂ ਨਾਲ, ਹਰਦੇਵ ਅਤੇ ਰਣਧੀਰ, ਜਸਬੀਰ ਦਾ ਰਸਤਾ ਵੇਖ ਰਹੇ ਸਨ । ਯਾਤਰੂਆਂ ਦੇ ਵਿਚਕਾਰ, ਉਨਾਭੀ ਪੱਗ ਬੰਨ੍ਹੀਂ, ਜਸਬੀਰ ਦੋਵਾਂ ਨੂੰ ਇਕੱਠਾ ਹੀ ਦਿਸ ਪਿਆ । ਉਹ ਭੀੜ ਵਿਚ ਗਵਾਚੇ ਹੋਏ ਬੱਚੇ ਵਾਂਗ ਇਧਰ ਉਧਰ ਝਾਕ ਰਿਹਾ ਸੀ । ਉਸਦਾ ਧਿਆਨ ਆਪਣੇ ਵੱਲ ਖਿੱਚਣ ਲਈ, ਇਹਨਾਂ ਨੇ ਅਵਾਜ਼ ਮਾਰੀ । ਉਹ ਤੇਜ਼ੀ ਨਾਲ ਅਵਾਜ਼ ਵੱਲ ਵਧਿਆ ਪਰ ਇਹਨਾਂ ਨੂੰ ਪਛਾਣ ਨਾ ਸਕਣ ਕਰਕੇ, ਕੁਝ ਰੁਕ ਜਿਹਾ ਗਿਆ । ਇਹਨਾਂ ਨੇ ਅੱਗੇ ਵਧ ਕੇ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਈ । ਉਹ ਅਵਾਜ਼ ਪਛਾਣ ਕੇ, ਧਾਹ ਕੇ ਉਹਨਾਂ ਦੇ ਗਲ ਲੱਗ ਗਿਆ ਅਤੇ ਕਿੰਨਾ ਚਿਰ ਹੀ ਗਲੋਂ ਨਾ ਲੱਥਾ ।

"ਇਥੇ ਬਹੁਤਾ ਜੱਫੀਆਂ ਪਾ ਕੇ ਨਹੀਂ ਮਿਲੀਦਾ" ਰਣਧੀਰ ਨੇ ਜਸਬੀਰ ਨੂੰ ਆਪਣੇ ਨਾਲੋਂ ਪਰ੍ਹਾਂ ਹਟਾਉਂਦਿਆਂ, ਇਥੋਂ ਦੀ ਸੱਭਿਅਤਾ ਬਾਰੇ ਪਹਿਲੀ ਜਾਣਕਾਰੀ ਦਿੱਤੀ ।

"ਕਿਉਂ, ਇਸ ਵਿਚ ਕੀ ਬੁਰਾਈ ਐ ?" ਜਸਬੀਰ ਦਾ ਜਿਵੇਂ ਮਜ਼ਾ ਕਿਰਕਿਰਾ ਹੋ ਗਿਆ ਹੋਵੇ ।

"ਇਥੋਂ ਦੇ ਲੋਕ ਪਸੰਦ ਨਹੀਂ ਕਰਦੇ ।"

"ਪਸੰਦ ਨਹੀਂ ਕਰਦੇ ? ਅਜੀਬ ਏ !" ਜਸਬੀਰ ਨੇ ਹੈਰਾਨ ਹੋ ਕੇ ਆਖਿਆ, "ਜ਼ਨਾਨੀਆਂ ਨੂੰ ਘੁੱਟ ਕੇ ਤਾਂ ਇਉਂ ਚੁੰਮਦੇ ਨੇ ਜਿਵੇਂ ਸਾਰੀਆਂ ਨੂੰ ਚੂਸ ਜਾਣਗੇ, ਪਰ ਭਰਾਵਾਂ ਦਾ ਪਿਆਰ ਨਾਲ ਜੱਫ਼ੀ ਪਾਉਣਾ, ਇਹਨਾਂ ਨੂੰ ਪਸੰਦ ਨਹੀਂ ।" ਜਸਬੀਰ ਨੂੰ ਇਥੋਂ ਦੀ ਸੱਭਿਅਤਾ ਦਾ ਇਹ ਪੱਖ ਬੜਾ ਗੁੰਝਲਦਾਰ ਲੱਗਾ ।

"ਹੌਲੀ ਹੌਲੀ ਸਭ ਕੁਝ ਸਮਝ ਜਾਵੇਂਗਾ । ਪਹਿਲਾਂ ਇਹ ਦੱਸ ਕਿ ਚਾਹ-ਛਾਹ ਇਥੇ ਪੀਣੀ ਐ ਕਿ ਘਰ ਜਾ ਕੇ ?"

"ਘਰ ਈ ਚੱਲਦੇ ਆਂ ।" ਜਸਬੀਰ ਨੂੰ ਫ਼ੈਸਲਾ ਕਰਨ ਵਿਚ ਕੋਈ ਦੇਰ ਨਾ ਲੱਗੀ, "ਇਥੋਂ ਦੀ ਚਾਹ ਮੈਨੂੰ ਸੁਆਦ ਨਹੀਂ ਲੱਗੀ । ਸਾਲੇ, ਸਾਰਾ ਰਾਹ ਛੱਪੜ ਦਾ ਪਾਣੀ ਜਿਹਾ ਮੱਥੇ ਮਾਰਦੇ ਆਏ ਨੇ । ਜਹਾਜ਼ 'ਚ ਖਾਣਾ ਵੀ ਬਿਲਕੁਲ ਫਿੱਕਾ ਅਤੇ ਬੇਸੁਆਦਾ । ਜੇ ਬੀਜੀ ਨੇ ਮੇਰੇ ਬੈਗ ਵਿਚ ਬਰਫ਼ੀ ਤੇ ਵੇਸਣ ਨਾ ਪਾਏ ਹੁੰਦੇ, ਮੈਂ ਤਾਂ ਭੁੱਖੇ ਈ ਮਰ ਜਾਣਾ ਸੀ ।" ਜਸਬੀਰ ਨੇ ਕੈਨੇਡਾ ਬਾਰੇ ਪਹਿਲੀ ਸ਼ਕਾਇਤ ਕੀਤੀ ।

ਤਿੰਨੇ ਆ ਕੇ ਹਰਦੇਵ ਦੀ ਕਾਰ ਵਿਚ ਬੈਠ ਕੇ ਉਸਦੇ ਘਰ ਨੂੰ ਚੱਲ ਪਏ ।

"ਭਾਊ, ਤੇਰੀ ਕਾਰ ਬਹੁਤ ਵਧੀਐ ।" ਜਸਬੀਰ ਨੇ ਗੁਦਗੁਦੀ ਸੀਟ ਵਿਚ ਧਸਦਿਆਂ ਆਖਿਆ ।

"ਅਜੇ ਤਾਂ ਇਹਦੀ ਸਫ਼ਾਈ ਕਰਾਉਣ ਵਾਲੀ ਐ ।" ਹਰਦੇਵ ਨੂੰ ਵਿਸਕੀ ਅਤੇ ਆਪਣੀ ਕਾਰ ਦੀ ਸਿਫ਼ਤ ਦਾ ਦੋਹਰਾ ਨਸ਼ਾ ਹੋ ਰਿਹਾ ਸੀ ।

ਦੁਵੱਲੀਉਂ ਕੁਝ ਚਿਰ ਹੋਰ ਸੁਖ ਸਾਂਦ ਪੁੱਛਣ ਮਗਰੋਂ ਜਸਬੀਰ ਨੇ ਅਗਲਾ ਸਵਾਲ ਕੀਤਾ, "ਤੇ ਭਾਜੀ ਤੁਸਾਂ ਦੋਵਾਂ ਨੇ ਆਪਣੀਆਂ ਸ਼ਕਲਾਂ ਕਿਉਂ ਵਿਗਾੜੀਆਂ ਹੋਈਆ ਨੇ ? ਗੁਰੂ ਦੀ ਸਹੁੰ, ਮੈਂ ਤਾਂ ਤੁਹਾਨੂੰ ਪਛਾਣ ਈ ਨਾ ਸਕਿਆ ।"

"ਤੂੰ ਥੋੜ੍ਹਾ ਸਬਰ ਕਰ, ਸਭ ਕਾਸੇ ਦੀ ਸਮਝ ਆਪਣੇ ਆਪ ਆ ਜਾਣੀ ਐਂ ।" ਰਣਧੀਰ ਨੇ ਭਾਰੇ ਮਨ ਨਾਲ ਆਖਿਆ ।

"ਕਿੱਡੇ ਸੁਹਣੇ ਲਗਦੇ ਸੀ ਤੁਸੀਂ ਦਾੜ੍ਹੀ ਕੇਸਾਂ ਨਾਲ ! ਕੇਸ ਮੁਨਾ ਕੇ ਤਾਂ ਤੁਸੀਂ ਇੰਜ ਲਗਦੇ ਓ ਜਿਵੇਂ ਕੰਮੀਂ ।"

"ਕੀ ਕੰਮੀਂ ਆਦਮੀ ਨਹੀਂ ਹੁੰਦੇ ?"

"ਹੁੰਦੇ ਤਾਂ ਹਨ, ਪਰ ਤੁਹਾਨੂੰ ਅਜਿਹੀ ਵੀ ਕੀ ਬਿਪਤਾ ਬਣੀ ਸੀ ਜੁ ਤੁਸਾਂ ਆਪਣਾ ਧਰਮ ਵੀ ਤਿਆਗ ਦਿੱਤਾ ।"

"ਅਸਾਂ ਇਹ ਸਾਰਾ ਕੁਝ ਖੁਸ਼ੀ ਖੁਸ਼ੀ ਨਹੀਂ ਕੀਤਾ । ਸਾਨੂੰ ਈ ਪਤੈ, ਅਸੀਂ ਕਿਹੜੇ ਕੋਹਲੂ 'ਚੋਂ ਲੰਘੇ ਸੀ । ਇਥੋਂ ਦੀਆਂ ਸਮੱਸਿਆਵਾਂ ਦਾ ਪਤਾ, ਇਥੇ ਆ ਕੇ ਈ ਲਗਦੈ ।"

"ਪਰ ਤੁਹਾਨੂੰ ਪਤਾ ਈ ਐ ਕਿ ਕਿਵੇਂ ਆਪਣੇ ਗੁਰੂਆਂ ਅਤੇ ਬਜ਼ੁਰਗਾਂ ਨੇ ਇਹਨਾਂ ਕੇਸਾਂ ਦੀ ਰੱਖਿਆ ਵਾਸਤੇ ਕੁਰਬਾਨੀਆਂ ਕੀਤੀਆਂ ਸਨ । ਤੁਸਾਂ ਉਹਨਾਂ ਦੀ ਕੁਰਬਾਨੀ ਦਾ ਕੀ ਮੁੱਲ ਪਾਇਐ ?"

"ਅਸੀਂ ਮੁੱਲ ਪਾਉਣ ਵਾਲੇ ਕੌਣ ਆਂ । ਸੋਚਦੇ ਅਸੀਂ ਵੀ ਬਿਲਕੁਲ ਤੇਰੇ ਵਾਂਗ ਈ ਸਾਂ ਜਦ ਨਵੇਂ ਨਵੇਂ ਆਏ ਸਾਂ, ਪਰ ਵਕਤ ਨੇ

ਸਭ ਕੁਝ ਸਿਖਾ ਦਿੱਤਾ। ਵੇਖਾਂਗੇ ਭਲਾ ਤੂੰ ਕਿੰਨਾ ਕੁ ਚਿਰ ਕੇਸ ਦਾੜ੍ਹੀ ਰੱਖੀ ਰੱਖਨੈਂ ?" ਰਣਧੀਰ ਦਾ ਦੁੱਖ ਵੀ ਤਾਜ਼ਾ ਹੋ ਆਇਆ ਸੀ।

"ਮੈਂ ? ਮੈਂ ਤਾਂ ਕੇਸ ਕਟਾਉਣ ਤੋਂ ਪਹਿਲਾਂ ਜਾਂ ਜਾਨ ਦੇ ਦੇਵਾਂਗਾ, ਜਾਂ ਵਾਪਸ ਪੰਜਾਬ ਚਲਾ ਜਾਵਾਂਗਾ।" ਜਸਬੀਰ ਨੇ ਭਾਵੁਕ ਹੋ ਕੇ ਆਖਿਆ।

"ਤੁਸੀਂ ਇਹ ਕਿਹੜੀਆਂ ਗੱਲਾਂ ਸ਼ੁਰੂ ਕਰ ਲਈਆਂ ਨੇ ਰੈਂਡੀ ?" ਹਰਦੇਵ ਨੇ ਦੋਵਾਂ ਨੂੰ ਟੋਕਿਆ। ਉਹ ਨਹੀਂ ਸੀ ਚਾਹੁੰਦਾ ਕਿ ਜਸਬੀਰ ਤੇ ਆਉਂਦਿਆਂ ਹੀ ਇਥੋਂ ਦੀਆਂ ਸਮੱਸਿਆਵਾਂ ਦਾ ਬੋਝ ਪਾਇਆ ਜਾਵੇ। ਉਸਨੂੰ ਪਤਾ ਸੀ ਕਿ ਸਭ ਨੇ ਇਸ ਵੇਲਣੇ ਵਿਚੋਂ ਦੀ ਹੀ ਪੀੜੇ ਜਾਣਾ ਹੈ। ਸਮੇਂ ਤੋਂ ਪਹਿਲਾਂ ਹੀ ਕਿਉਂ ਦੁਖੀ ਕੀਤੇ ਜਾਵੇ।

"ਜਸਬੀਰ, ਫੁੱਫੜ ਜੀ ਅੱਜ ਕੱਲ੍ਹ ਕੀ ਕਰਦੇ ਨੇ ?' ਹਰਦੇਵ ਨੇ ਗੱਲਾਂ ਦਾ ਰੁਖ ਮੋੜਦਿਆਂ ਪੁੱਛਿਆ।

"ਖੇਤੀ ਈ ਕਰਵਾਉਂਦੇ ਨੇ।" ਜਸਬੀਰ ਦਾ ਦਿਮਾਗ ਅਜੇ ਰਣਧੀਰ ਨਾਲ ਚੱਲ ਰਹੇ ਵਾਰਤਾਲਾਪ ਵਿਚ ਉਲਝਿਆ ਹੋਇਆ ਸੀ।

ਇਉਂ ਨਿੱਕੀਆਂ ਨਿੱਕੀਆਂ ਗੱਲਾਂ ਕਰਦਿਆਂ ਹਰਦੇਵ ਦਾ ਘਰ ਆ ਗਿਆ। ਘਰ ਬਹੁਤ ਵੱਡਾ ਸੀ ਅਤੇ ਦਲਜੀਤ ਨੇ ਬੜੇ ਸੁਚੱਜੇ ਢੰਗ ਨਾਲ ਸਜਾਇਆ ਹੋਇਆ ਸੀ। ਅੰਦਰ ਵੜਦਿਆਂ ਹੀ ਜਸਬੀਰ ਘਰ ਦੀ ਸਜਾਵਟ ਵੇਖ ਕੇ ਹੱਕਾ ਬੱਕਾ ਰਹਿ ਗਿਆ। ਉਸਨੂੰ ਪਤਾ ਹੀ ਨਾ ਲੱਗਾ ਕਿ ਕਿਹੜੇ ਵੇਲੇ ਦਲਜੀਤ ਨੇ ਆ ਕੇ ਉਸਨੂੰ ਸਤਿ ਸ੍ਰੀ ਅਕਾਲ ਬੁਲਾਈ ਅਤੇ ਬੈਠਣ ਵਾਸਤੇ ਆਖਿਆ।

"ਸਤਿ ਸ੍ਰੀ ਅਕਾਲ।" ਦਲਜੀਤ ਦੀ ਆਵਾਜ਼ ਤੇ ਜਸਬੀਰ ਚੌਂਕਿਆ। ਨਾਲ ਹੀ ਉਸਦੇ ਫੈਸ਼ਨਦਾਰ ਢੰਗ ਨਾਲ ਕੱਟੇ ਵਾਲ ਵੇਖ ਕੇ ਹੈਰਾਨ ਰਹਿ ਗਿਆ।

"ਹੈਂ ! ਇਥੇ ਤਾਂ ਆਵਾ ਹੀ ਊਤਿਆ ਹੋਇਐ।" ਉਸਨੇ ਮਨ ਵਿਚ ਸੋਚਿਆ ਤੇ ਬੁਝੇ ਦਿਲ ਨਾਲ ਹਰਦੇਵ ਦੇ ਕੀਮਤੀ ਸੋਫ਼ੇ ਵਿਚ ਡਿਗ ਪਿਆ।

"ਮਾਮ. ਫਿਨਿਸ਼ਡ" ਬਾਥਰੂਮ 'ਚੋਂ ਕਿਸੇ ਬੱਚੇ ਦੀ ਤਿੱਖੀ ਅਵਾਜ਼ ਆਈ। ਦਲਜੀਤ ਦੌੜੀ ਗਈ। ਵਾਪਸੀ ਤੇ ਉਸ ਨਾਲ ਤਿੰਨ ਕੁ ਸਾਲ ਦੀ ਇਕ ਬਹੁਤ ਹੀ ਪਿਆਰੀ ਬੱਚੀ ਸੀ। ਉਸਦੇ ਵਾਲ ਵੀ ਉਸਦੀ ਮਾਂ ਵਾਂਗ ਹੀ ਕੱਟੇ ਹੋਏ ਸਨ।

"ਪੈਮ, ਇਹ ਤੇਰੇ ਅੰਕਲ, ਜਸਬੀਰ ਨੇ। ਇਹਨਾਂ ਨੂੰ ਹੈਲੋ ਕਰੋ।"

"ਤੇ ਜਸਬੀਰ, ਇਹ ਸਾਡੀ ਬੇਟੀ, ਪਰਮਜੀਤ ਹੈ।" ਦਲਜੀਤ ਨੇ ਦੋਵਾਂ ਦੀ ਆਪਸ ਵਿਚ ਜਾਣਕਾਰੀ ਕਰਵਾਈ।

"ਇਹ ਅੰਕਲ ਨਹੀਂ, ਬਾਬਾ ਜੀ ਹਨ।' ਪੈਮ ਨੇ ਜਸਬੀਰ ਦੀ ਪੱਗ ਅਤੇ ਦਾੜ੍ਹੀ ਵੇਖ ਕੇ ਬੜੀ ਮਾਸੂਮਤਾ ਨਾਲ ਅੰਗਰੇਜ਼ੀ ਵਿਚ ਆਖਿਆ। ਜਸਬੀਰ ਸੁਣ ਕੇ ਕੱਚਾ ਜਿਹਾ ਹੋ ਗਿਆ ਤੇ ਉਸਨੇ ਪੈਮ ਨੂੰ ਪਿਆਰ ਕਰਨ ਲਈ ਵਧਾਏ ਹੱਥ ਪਿਛਾਂਹ ਖਿੱਚ ਲਏ। ਪੈਰੋ ਪੈਰ ਉਸਦੀ ਹੈਰਾਨੀ ਵਿਚ ਵਾਧਾ ਹੋ ਰਿਹਾ ਸੀ।

"ਜਸਬੀਰ ਕੀ ਖਾਉ ਪੀਓਗੇ ?" ਦਲਜੀਤ ਨੇ ਪੁੱਛਿਆ।

"ਜਸਬੀਰ ਵਾਸਤੇ ਚੰਗੀ ਕਾਹੜ ਕੇ ਚਾਹ ਤੇ ਪਕੌੜੇ ਬਣਾ ਲੈ। ਅਸੀਂ ਤਾਂ ਡਰਿੰਕ ਹੀ ਲਾਂਗੇ।" ਜਸਬੀਰ ਦੀ ਥਾਂ ਹਰਦੇਵ ਨੇ ਉੱਤਰ ਦਿੱਤਾ।

ਦਲਜੀਤ ਰਸੋਈ ਵਿਚ ਚਲੀ ਗਈ ਅਤੇ ਹਰਦੇਵ ਆਪਣੇ ਤੇ ਰਣਧੀਰ ਲਈ ਸਕਾਚ ਦੇ ਵੱਡੇ ਵੱਡੇ ਹਾੜੇ ਪਾ ਲਿਆਇਆ। ਦੋਵੇਂ ਪੀਣ ਲਗ ਪਏ ਅਤੇ ਜਸਬੀਰ ਕੋਲੋਂ ਉਸਦੇ ਅਤੇ ਆਪਣੇ ਘਰਦਿਆਂ ਬਾਰੇ ਪੁੱਛਦੇ ਰਹੇ। ਜਸਬੀਰ ਨੇ ਸ਼ਰਾਬ ਪੀਣੋਂ ਨਾਂਹ ਕਰ ਦਿੱਤੀ ਸੀ। ਕੁਝ ਮਿੰਟਾਂ ਬਾਅਦ ਦਲਜੀਤ, ਜਸਬੀਰ ਲਈ ਚਾਹ ਤੇ ਪਕੌੜੇ ਲੈ ਕੇ ਆ ਗਈ।

"ਤੂੰ ਵੀ ਇਕ ਛੋਟੀ ਜਿਹੀ ਡਰਿੰਕ ਬਣਾ ਲੈ, ਡੋਲ।" ਹਰਦੇਵ ਨੇ ਦਲਜੀਤ ਨੂੰ ਸੰਬੋਧਨ ਕੀਤਾ।

"ਭਾਬੀ ਜੀ ਵੀ ਸ਼ਰਾਬ ਪੀ ਲੈਂਦੇ ਨੇ !' ਜਸਬੀਰ ਦੀ ਹੈਰਾਨੀ ਸਿਖਰਾਂ ਤੇ ਸੀ।

'ਰੋਜ਼ ਤਾਂ ਨਹੀਂ, ਕਦੇ ਕਦੇ ਕਿਸੇ ਨੂੰ ਸਾਥ ਦੇਣ ਲਈ ਪੀ ਲੈਂਦੀ ਐ।" ਹਰਦੇਵ ਨੇ ਉੱਤਰ ਦਿੱਤਾ।

ਪਕੌੜੇ ਅਤੇ ਚਾਹ ਜਸਬੀਰ ਦੇ ਸੰਘ ਵਿਚ ਫਸਣ ਲੱਗੇ। ਉਸਨੂੰ ਇਹ ਮਾਹੌਲ ਵਿਚ ਦਮ ਘੱਟਦਾ ਪ੍ਰਤੀਤ ਹੋਇਆ। ਜਦੋਂ ਉਹ ਹਰਦੇਵ ਦੇ ਘਰ ਦਾ ਟਾਕਰਾ, ਉਸਦੇ ਪੰਜਾਬ ਵਿਚਲੇ ਘਰ ਨਾਲ ਕਰਦਾ, ਦੋਵਾਂ ਵਿਚ ਦਿਨ ਰਾਤ ਦਾ ਫ਼ਰਕ ਵੇਖਦਾ। ਉਸ ਦੀਆਂ ਦੋ ਕਾਰਾਂ ਅਤੇ ਘਰ ਵਿਚ ਹੋਰ ਐਸ਼-ਇਸ਼ਰਤ ਦਾ ਸਾਰਾ ਸਾਮਾਨ ਵੇਖ ਕੇ ਪ੍ਰਭਾਵਿਤ ਹੋਣੋਂ ਨਾ ਰਹਿ ਸਕਦਾ। ਪ੍ਰੰਤੂ ਉਹਨਾਂ ਦੇ ਕੱਟੇ ਹੋਏ ਵਾਲ, ਅਜੀਬ ਨਾਮ ਅਤੇ ਜਨਾਨੀਆਂ ਵੱਲੋਂ ਸ਼ਰਾਬ ਦੀ ਵਰਤੋਂ ਵੇਖ ਕੇ ਦੁੱਖੀ ਹੋਣੋਂ ਵੀ ਨਾ ਰਹਿ ਸਕਦਾ।

"ਮੈਂ ਤਾਂ ਅਜਿਹਾ ਕੁਝ ਵੀ ਸਹਿਨ ਨਾ ਕਰਾਂਗਾ" ਉਸ ਨੇ ਆਪਣੇ ਮਨ ਨਾਲ ਫ਼ੈਸਲਾ ਕੀਤਾ।

ਰਾਤ ਦੀ ਰੋਟੀ ਤੋਂ ਬਾਅਦ, ਰਣਧੀਰ ਆਪਣੇ ਅਪਾਰਟਮੈਂਟ ਜਾਣ ਨੂੰ ਤਿਅ ਾਰਹੋ ਪਿਆ।

"ਵੇ ਇਥੇ ਹੀ ਪੈ ਰਹੁ, ਉਥੇ ਕਿਹੜੀ ਚੂੜੇ ਵਾਲੀ ਉਡੀਕਦੀ ਐ।" ਦਲਜੀਤ ਨੇ ਚੋਟ ਲਾਈ।

"ਭਾਬੀ, ਤੈਨੂੰ ਉਹ ਚੂੜੇ ਵਾਲੀ ਲਿਆ ਕੇ ਵਿਖਾਊਂ, ਜੋ ਤੇਰੇ ਹੁਸਨ ਨੂੰ ਵੀ ਮਾਤ ਪਾ ਜਾਏ।" ਰਣਧੀਰ, ਦਲਜੀਤ ਦੇ ਹੁਸਨ ਦਾ ਲੋਹਾ ਮੰਨਦਾ ਸੀ।

"ਵੇ ਕੋਈ ਛੜਾ ਆਪਣੀ ਕੁੜੀ ਭਾਵੇਂ ਤੈਨੂੰ ਦੇ ਦਏ, ਹੋਰ ਤਾਂ ਕੋਈ ਨਹੀਂ ਦਿੰਦਾ।" ਸਾਰੇ ਦਲਜੀਤ ਦੀ ਗੱਲ ਤੇ ਹੱਸ ਪੈਂਦੇ। ਰਣਧੀਰ ਉਥੇ ਹੀ ਸੌਣਾ ਮੰਨ ਗਿਆ।

ਅਗਲੇ ਦਿਨ ਸਾਰਿਆਂ ਨੂੰ ਸਨਿੱਚਰਵਾਰ ਦੀ ਛੁੱਟੀ ਸੀ। ਉਹ ਸਾਰੇ ਤਿਆਰ ਹੋ ਕੇ, ਜਸਬੀਰ ਨੂੰ ਘੁੰਮਾਉਣ, ਲਾਗੇ ਦੀ ਇਕ ਝੀਲ ਤੇ ਚਲੇ ਗਏ। ਜੁਲਾਈ ਦਾ ਸੁਹਾਵਣਾ ਦਿਨ ਹੋਣ ਕਰਕੇ, ਝੀਲ ਤੇ ਬਹੁਤ ਹੀ ਭੀੜ ਸੀ। ਕੁਝ ਲੋਕ ਨਹਾ ਰਹੇ ਸਨ, ਕੁਝ ਮੋਟਰਬੋਟਾਂ ਤੇ

ਆਨੰਦ ਮਾਣ ਰਹੇ ਸਨ ਅਤੇ ਕਈ ਕੋਲਿਆਂ ਤੇ ਮੀਟ ਭੁੰਨ ਭੁੰਨ ਕੇ ਖਾ ਰਹੇ ਸਨ । ਕਿਸੇ ਪਾਸੇ ਬੀਅਰ ਦੀਆਂ ਬੋਤਲਾਂ ਖ਼ਾਲੀ ਹੋ ਰਹੀਆਂ ਸਨ ਅਤੇ ਕਿਸ ਪਾਸੇ ਘੱਟ ਤੋਂ ਘੱਟ ਕੱਪੜਿਆਂ ਵਿੱਚ ਘਾਹ ਤੇ ਲੇਟੀਆਂ ਗੋਰੀਆਂ ਧੁੱਪ ਸੇਕ ਰਹੀਆਂ ਸਨ । ਕੁਝ ਨੌਜਵਾਨ ਦੂਰੋਂ ਉਹਨਾਂ ਦੇ ਅੱਧਨੰਗੇ ਸਰੀਰਾਂ ਨੂੰ ਤਾੜ ਰਹੇ ਸਨ । ਲੋਕੀਂ ਸਾਰੀਆਂ ਜ਼ੁੰਮੇਵਾਰੀਆਂ ਨੂੰ ਭੁੱਲ ਕੇ ਜ਼ਿੰਦਗੀ ਦਾ ਪੂਰਾ ਆਨੰਦ ਮਾਣ ਰਹੇ ਸਨ । ਇਸ ਆਨੰਦਮਈ ਵਾਤਾਵਰਣ ਵਿਚ ਜਸਬੀਰ ਜਿਵੇਂ ਗੁਵਾਚ ਹੀ ਗਿਆ । ਉਹ ਝੀਲ ਦੇ ਕੰਢੇ ਤੇ ਖੜਾ ਪਤਾ ਨਹੀਂ, ਕੀ ਸੋਚ ਰਿਹਾ ਸੀ ਕਿ ਅਚਾਨਕ ਇਕ ਤਿੱਖੀ ਅਵਾਜ਼ ਸੁਣ ਕੇ ਚੌਂਕ ਪਿਆ ।

"ਕੀ ਤੂੰ ਕੋਈ ਜਾਦੂਗਰ ਹੈਂ ? ਇਕ ਛੋਟਾ ਜਿਹਾ ਗੋਰਾ ਬੱਚਾ ਬੜੀ ਮਾਸੂਮੀਅਤ ਨਾਲ ਜਸਬੀਰ ਨੂੰ ਅੰਗ੍ਰੇਜ਼ੀ ਵਿਚ ਪੁੱਛ ਰਿਹਾ ਸੀ ।

"ਕੀ ਤੇਰੇ ਕੋਲ ਭੰਗ ਜਾਂ ਚਰਸ ਹੈ ?" ਇਕ ਹੋਰ 20-22 ਸਾਲ ਦੇ ਨੌਜਵਾਨ ਨੇ ਜਸਬੀਰ ਨੂੰ ਬੜੀ ਗੰਭੀਰਤਾ ਨਾਲ ਪੁੱਛਿਆ ।

ਜਸਬੀਰ ਇਹਨਾਂ ਸਵਾਲਾਂ ਤੇ ਬੌਂਦਲਾ ਜਿਹਾ ਗਿਆ । ਉਹ ਅਜੇ ਸੰਭਲਿਆਂ ਵੀ ਨਹੀਂ ਸੀ ਕਿ ਮੋਟਰ ਸਾਈਕਲ ਤੇ ਜਾ ਰਹੇ ਇਕ ਹੋਰ ਨੌਜਵਾਨ ਨੇ ਜਸਬੀਰ ਕੋਲ ਆ'ਕੇ ਵਿਅੰਗ ਕੀਤਾ ।

"ਉਮੀਦ ਹੈ ਤੇਰੇ ਸਿਰ ਤੇ ਸੱਟ ਬਹਤ ਡੂੰਘੀ ਨਹੀਂ, ਭਾਵੇਂ ਪੱਟੀ ਤੂੰ ਬਹੁਤ ਵੱਡੀ ਬੰਨ੍ਹੀਂ ਹੋਈ ਹੈ । ਇਹ ਆਖ ਮੋਟਰ ਸਾਈਕਲ ਭਜਾ ਕੇ ਲੈ ਗਿਆ ।

"ਇਹ ਲੋਕ ਕਿੰਨੇ ਵਾਹਿਯਾਤ ਹਨ । ਇਹਨਾਂ ਨੂੰ ਇਹ ਵੀ ਨਹੀਂ ਪਤਾ ਕਿ ਸਿੱਖ ਕਿੰਨੀ ਮਹਾਨ ਕੌਮ ਹੈ । ਨਾ ਇਹਨਾਂ ਵਿੱਚ ਕੋਈ ਸਾਊਪੁਣਾ, ਨਾ ਓਪਰੇ ਆਦਮੀ ਨਾਲ ਪੇਸ਼ ਆਉਣ ਦਾ ਸਲੀਕਾ । ਸੁਣਿਆ ਸੀ ਪੱਛਮ ਦੇ ਲੋਕ ਬਹੁਤ ਸੱਭਿਆ ਹਨ । ਸੁਵਾਹ ਹੈ ਇਹਨਾਂ ਦੀ ਸੱਭਿਅਤਾ !" ਜਸਬੀਰ ਆਪਣੇ ਆਪ ਵਿੱਚ ਸੋਚ ਰਿਹਾ ਸੀ । ਉਸਨੂੰ ਨੌਜੁਵਾਨ ਗੋਰਿਆਂ ਦੇ ਰਵੱਈਏ ਤੇ ਬਹੁਤ ਗੁੱਸਾ ਆ ਰਿਹਾ ਸੀ ।

'ਸ਼ਾਇਦ ਇਹਨਾਂ ਔਕੜਾਂ ਕਰਕੇ ਹੀ ਹਰਦੇਵ ਹੁਰਾਂ ਨੇ ਕੇਸ ਕਟਾ ਦਿੱਤੇ ਹੋਣਾ ।'

ਜਸਬੀਰ ਦੀ ਸੋਚ ਅੱਗੇ ਤੁਰਦੀ ਗਈ ।

'ਪਰ ਇਹ ਵੀ ਉਹਨਾਂ ਦੀ ਕੀ ਮਰਦਾਗਨੀ ਐ ਕਿ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਘਬਰਾ ਕੇ ਆਪਣਾ ਅਸਲਾ ਹੀ ਬਦਲ ਲੈਣ ।' ਝੱਟ ਹੀ ਜਸਬੀਰ ਨੇ ਆਪਣੇ ਵਿੱਚ ਪਲ ਭਰ ਲਈ ਆਈ ਕਮਜ਼ੋਰੀ ਨੂੰ ਛੁਪਾਉਣ ਲਈ ਆਪਣੇ ਆਪ ਨੂੰ ਤਕੜਾ ਕੀਤਾ ।

'ਉਹਨਾਂ ਨੂੰ ਡੱਟ ਕੇ ਇਹਨਾਂ ਔਕੜਾਂ ਦਾ ਸਾਹਮਣਾ ਕਰਨਾ ਚਾਹੀਦਾ ਸੀ । ਔਕੜਾਂ ਵੇਲੇ ਹੀ ਤਾਂ ਆਦਮੀ ਦੀ ਬਹਾਦਰੀ ਦੀ ਪਰਖ ਹੁੰਦੀ ਹੈ । ਲਾਹਨਤ ਹੈ ਇਥੋਂ ਦੇ ਸੁਖਾਂ ਤੇ ਜੇ ਸਾਨੂੰ ਆਪਣਾ ਮੂਲ ਭੁੱਲਣ ਤੇ ਮਜਬੂਰ ਹੋਣਾ ਪਵੇ ਜਾਂ ਅਸੂਲ ਤਿਆਗਣੇ ਪੈਣ। ਰੋਟੀ ਤਾਂ ਪੰਜਾਬ ਵਿੱਚ ਵੀ ਰੱਜ ਕੇ ਖਾਣ ਨੂੰ ਮਿਲ ਜਾਂਦੀ ਸੀ । ਮੈਂ ਹਰਗਿਜ਼-ਹਰਗਿਜ਼ ਅਜਿਹਾ ਨਹੀਂ ਕਰਾਂਗਾ । ਜਸਬੀਰ ਆਪਣੇ ਆਪ ਨੂੰ ਡੋਲਣ ਨਹੀਂ ਦੇਣਾ ਚਾਹੁੰਦਾ ਸੀ ।

ਥੋੜਾ ਚਿਰ ਝੀਲ ਤੇ ਕੱਟ ਕੇ ਇਹ ਪਾਰਟੀ ਘਰ ਆ ਗਈ ।

ਅਗਲੇ ਦਿਨ ਸੌਣ ਦੀ ਸੰਗਰਾਦ ਮਨਾਉਣ ਵਾਸਤੇ ਗੁਰਦਵਾਰੇ ਵਿੱਚ ਜੋੜ ਮੇਲਾ ਸੀ । ਇਹ ਸਾਰੇ ਗੁਰਦਵਾਰੇ ਚਲੇ ਗਏ । ਉਥੇ ਲੱਗ ਭੱਗ ਪੰਜ ਸੌ ਦੀ ਹਾਜ਼ਰੀ ਵਿੱਚ ਸਿਰਫ਼ 8-10 ਆਦਮੀਆਂ ਦੇ ਸਿਰਾਂ ਤੇ ਹੀ ਪੱਗਾਂ ਸਨ । ਉਹਨਾਂ ਵਿੱਚੋਂ ਵੀ ਅੱਧਿਆਂ ਦੇ ਸਿਰ ਤੇ ਜੂੜੇ ਨਹੀਂ ਸਨ, ਸਿਰਫ਼ ਨਿਸ਼ਾਨ ਮਾਤਰ ਦਾੜ੍ਹੀਆਂ ਹੀ ਸਨ । ਇਹ ਵੇਖਕੇ ਜਸਬੀਰ ਘਬਰਾ ਗਿਆ ਕਿ ਕੇਸ ਸਾਬਤ ਰੱਖਣ ਦੀ ਲੜਾਈ ਉਹ ਇਕੱਲਾ ਕਿਵੇਂ ਲੜੇਗਾ । ਉਸਦਾ ਮਨ ਕੁਝ ਬੇਚੈਨ ਹੋ ਗਿਆ ।

ਦੋ ਕੁ ਹਫ਼ਤੇ ਹੋਰ ਲੰਘ ਗਏ । ਜਸਬੀਰ ਹੁਣ ਘੱਟ ਹੀ ਬਾਹਰ ਨਿਕਲਿਆ ਸੀ । ਉਸਨੂੰ ਵਾਤਾਵਰਣ ਕੁਝ ਘੱਟ ਬੋਝਲ ਜਾਪਣ ਲੱਗਾ । ਇਥੋਂ ਦੀਆਂ ਸਹੂਲਤਾਂ ਅਤੇ ਸਾਫ਼ ਸੁਥਰੀਆਂ ਚੀਜ਼ਾਂ ਵੇਖਕੇ, ਉਸਨੂੰ ਇਹ ਮੁਲਕ ਸੁਵਰਗ ਲਗਦਾ, ਪਰ ਜਦ ਕੇਸਾਂ ਦੀ ਸਮੱਸਿਆ ਬਾਰੇ ਸੋਚਦਾ ਤਾਂ ਇਹ ਸਵਰਗ ਝੱਟ ਹੀ ਨਰਕ ਵਿੱਚ ਬਦਲ ਜਾਂਦਾ । ਜਦ ਹਰਦੇਵ, ਦਲਜੀਤ ਅਤੇ ਰਣਧੀਰ, ਤਿੰਨੇ ਹੀ ਆਪੋ ਆਪਣੇ ਕੰਮਾਂ ਤੇ ਚਲੇ ਜਾਂਦੇ, ਉਸ ਵਾਸਤੇ ਸਮਾਂ ਬਿਤਾਉਣਾ ਮੁਸ਼ਕਿਲ ਹੋ ਜਾਂਦਾ । ਵਿਹਲ ਉਸਨੂੰ ਚੁੱਭਣ ਲੱਗ ਪੈਂਦਾ । ਗੋਰਿਆਂ ਦੇ ਵਿਅੰਗਾਂ ਤੋਂ ਡਰਦਾ ਉਹ ਇਕੱਲਾ ਬਾਹਰ ਜਾਣੋਂ ਵੀ ਝੱਕਦਾ ਸੋ ਉਸਨੇ ਕੋਈ ਕੰਮ ਲੱਭਣ ਦਾ ਮਨ ਬਣਾ ਗਿਆ । ਵੈਸੇ ਵੀ ਉਹ ਹਰਦੇਵ ਹੁਰਾਂ ਤੇ ਕਿੰਨਾ ਕੁ ਚਿਰ ਹੋਰ ਬੋਝ ਬਣ ਸਕਦਾ ਸੀ । ਉਸ ਸ਼ਾਮ ਨੂੰ ਜਦ ਹਰਦੇਵ ਘਰ ਆਇਆ ਤਾਂ ਜਸਬੀਰ ਨੇ ਕੰਮ ਲੱਭਣ ਬਾਰੇ ਆਪਣਾ ਵਿਚਾਰ ਦੱਸਿਆ ।

"ਓਇ ਤੂੰ ਅਜੇ ਕੁਝ ਦਿਨ ਹੋਰ ਐਸ਼ ਕਰ ਲੈ । ਸਾਰੀ ਉਮਰ ਕੰਮ ਈ ਕਰਨੈਂ । ਫ਼ਿਰ ਤੂੰ ਇਹਨਾਂ ਦਿਨਾਂ ਨੂੰ ਤਰਸਣੈ ।"

"ਇਹ ਤਾਂ ਠੀਕ ਐ, ਭਾਜੀ, ਪਰ ਮੈਂ ਵਿਹਲਾ ਘਰ ਕੀ ਕਰਿਆਂ ਕਰਾਂ ? ਸਮਾਂ ਲੰਘਦਾ ਈ ਨਹੀਂ । ਕੰਮ ਕਰਨ ਨਾਲ ਇਕ ਸਮਾਂ ਚੰਗਾ ਲੰਘੂ, ਇਕ ਇਸ ਮੁਲਕ ਬਾਰੇ ਹੋਰ ਪਤਾ ਲੱਗੂ । ਨਾਲੇ ਆਖ਼ਿਰ ਕੰਮ ਕਰਕੇ ਈ ਸਰਨੈਂ ।"

"ਚੰਗਾ । ਰਣਧੀਰ ਨੂੰ ਦੋ ਛੁੱਟੀਆਂ ਨੇ, ਉਹ ਤੇਰੇ ਨਾਲ ਜਾਊ ।"

ਅਗਲੇ ਦਿਨ ਰਣਧੀਰ ਅਤੇ ਜਸਬੀਰ ਕੰਮ ਦੀ ਭਾਲ ਵਿੱਚ ਨਿਕਲ ਗਏ । ਜਸਬੀਰ ਬੀ. ਏ. ਪਾਸ ਸੀ, ਸੋਚਦਾ ਸੀ ਉਸਨੂੰ ਕੋਈ ਚੰਗਾ ਕੰਮ ਮਿਲ ਜਾਵੇਗਾ । ਪਰ ਉਸਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ । ਸਾਰਾ ਦਿਨ ਖੱਜਲ ਹੋਣ ਤੋਂ ਬਾਅਦ ਵੀ ਉਹਨੂੰ ਕਿਤਿਉਂ ਮਾੜੀ ਮੋਟੀ ਵੀ 'ਹਾਂ' ਨਾ ਹੋਈ । ਉਸਨੂੰ ਖਿਝ ਆ ਰਹੀ ਸੀ ਕਿ ਉਹ ਜਿੱਥੇ ਵੀ ਗਿਆ, ਕਿਸੇ ਨੇ ਵੀ ਉਹਦੇ ਹੁਨਰ ਬਾਰੇ ਕੋਈ ਵੀ ਸੁਵਾਲ ਨਾ ਪੁੱਛਿਆਂ । ਸਿਰਫ਼ ਉਸਦੀ ਪੱਗ ਆਦਿ ਬਾਰੇ ਹੀ ਸੁਵਾਲ ਪੁੱਛ ਕੇ ਟਾਲ ਦਿੱਤਾ। ਸ਼ਾਮ ਨੂੰ ਥੱਕ ਕੇ ਉਹ ਘਰ ਆ ਗਏ ।

ਅਗਲਾ ਸਾਰਾ ਦਿਨ ਵੀ ਇੰਜ ਹੀ ਬੀਤ ਗਿਆ । ਜਸਬੀਰ ਨੂੰ ਕੋਈ ਕੰਮ ਨਾਂ ਮਿਲਿਆ । ਕੋਈ ਵਧੀਆ ਕੰਮ ਤਾਂ ਇਕ ਪਾਸੇ ਰਿਹਾ, ਉਹਨੂੰ ਸਧਾਰਣ ਮਜ਼ਦੂਰੀ ਦਾ ਕੰਮ ਲੱਭਣ ਦੀ ਆਸ ਵੀ ਧੁੰਦਲੀ ਹੁੰਦੀ ਜਾਪੀ । ਉਹ ਬਹੁਤ ਮਾਯੂਸ ਹੋ ਗਿਆ । ਉਸਨੂੰ ਇਥੋਂ ਦੇ ਲੋਕਾਂ ਦੇ ਰਵੱਈਏ ਤੇ ਖਿਝ ਆ ਰਹੀ ਸੀ ਜੋ ਉਸਦੇ ਗੁਣਾਂ ਨੂੰ ਬਿਲਕੁਲ ਅੱਖੋਂ ਉਹਲੇ ਕਰਕੇ ਸਿਰਫ਼ ਉਸਦੇ ਪਹਿਰਾਵੇ ਕਾਰਨ ਹੀ ਉਸਨੂੰ ਨੌਕਰੀ ਦੇਣ

ਤੋਂ ਇਨਕਾਰ ਕਰ ਰਹੇ ਸਨ। 'ਕਿਹੋ ਜਿਹੇ ਹਨ ਇਹ ਲੋਕ ! ਉਹ ਹੈਰਾਨ ਹੋ ਰਿਹਾ ਸੀ। 'ਅਖਬਾਰ ਵਿੱਚ ਤਾਂ ਇਸ਼ਤਿਹਾਰ ਦਿੰਦੇ ਨੇ ਕਿ ਮਦਦ ਦੀ ਲੋੜ ਐ। ਜਦ ਕੰਮ ਲੈਣ ਜਾਂਦਾ ਹਾਂ ਤਾਂ ਕਹਿ ਦਿੰਦੇ ਨੇ ਕਿ ਅਸਾਮੀ ਭਰੀ ਗਈ। ਅਜਿਹਾ ਕਿਉਂ ਹੈ ? ਮੈਂ ਤਾਂ ਪੜ੍ਹਿਆਂ ਸੀ ਕਿ ਇਹ ਲੋਕ ਬਹੁਤ ਖੁੱਲ੍ਹ ਦਿਲੇ ਤੇ ਇਨਸਾਫ ਪਸੰਦ ਨੇ, ਫਿਰ ਵਿਤਕਰਾ ਕਿਉਂ ਕਰਦੇ ਨੇ ? ਕਿਤੇ ਮੈਨੂੰ ਵੀ ਨੌਕਰੀ ਲੱਭਣ ਵਾਸਤੇ ਕੇਸ ਤਾਂ ਨਹੀਂ ਕਟਾਉਣੇ ਪੈਣਗੇ ? ਇਹ ਸੋਚ ਆਉਂਦਿਆਂ ਹੀ ਉਸ ਦੀਆਂ ਹੱਡੀਆਂ ਤੱਕ ਕਾਂਬਾ ਛਿੜ ਗਿਆ।

'ਨਹੀਂ, ਨਹੀਂ, ਮੈਂ ਇੰਨਾ ਘਟੀਆ ਕੰਮ ਕਦੇ ਨਹੀਂ ਕਰਾਂਗਾ।' ਉਹ ਆਪਣੇ ਮਨ ਵਿੱਚ ਆਈ ਕਮਜ਼ੋਰੀ ਨੂੰ ਕੋਸਣ ਲੱਗਾ।

ਦੋ ਚਾਰ ਦਿਨ ਹੋਰ ਬੀਤ ਗਏ। ਐਤਕਾਂ ਹਰਦੇਵ ਨੂੰ ਦੋ ਛੁੱਟੀਆਂ ਸਨ। ਉਹ ਜਸਬੀਰ ਨੂੰ ਨਾਲ ਲੈ ਕੇ ਫਿਰ ਕੰਮ ਲੱਭਣ ਨਿਕਲ ਪਿਆ। ਦਿਨ ਭਰ ਦੀ ਦੌੜ ਭੱਜ ਅਤੇ ਦਰਜਨਾਂ ਥਾਵਾਂ ਤੋਂ ਪਤਾ ਕਰਨ ਉਪ੍ਰੰਤ ਵੀ 'ਨਾਂਹ' ਹੀ ਪੱਲੇ ਪਈ। ਹਰਦੇਵ ਨੂੰ ਤਾਂ ਪਹਿਲਾਂ ਹੀ ਨਾਂਹ ਦਾ ਯਕੀਨ ਸੀ। ਹੁਣ ਜਸਬੀਰ ਨੂੰ ਹਕੀਕਤ ਤੋਂ ਡਰ ਆਉਣ ਲਗ ਪਿਆ ਕਿ ਸ਼ਾਇਦ ਕੇਸ ਕਟਾਉਣ ਤੋਂ ਬਿਨਾਂ ਕੰਮ ਨਾ ਹੀ ਮਿਲੇ। ਪਰ ਉਹ ਅਜਿਹਾ ਸੋਚਣਾ ਵੀ ਨਹੀਂ ਚਾਹੁੰਦਾ ਸੀ।

ਸ਼ਾਮ ਨੂੰ ਰਣਧੀਰ ਆਪਣੇ ਦੋ ਦੋਸਤਾਂ ਨਾਲ ਹਰਦੇਵ ਦੇ ਘਰ ਆ ਗਿਆ।

"ਕਿਉਂ ਜਸਬੀਰ, ਕੋਈ ਕੰਮ ਮਿਲਿਆ ?" ਆਪਣੇ ਦੋਸਤਾਂ ਨਾਲ ਜਾਣ ਪਛਾਣ ਕਰਾਉਣ ਤੋਂ ਬਾਅਦ ਰਣਧੀਰ ਨੇ ਪੁੱਛਿਆ।

'ਨਹੀਂ।" ਜਸਬੀਰ ਨੇ ਇਕ-ਅੱਖਰੀ ਉੱਤਰ ਦਿੱਤਾ। ਉੱਤਰ 'ਚੋਂ ਮਾਯੂਸੀ ਦੀ ਝਲਕ ਸਾਫ਼ ਦਿਖਾਈ ਦਿੰਦੀ ਸੀ।

"ਬਾਈ, ਕੋ ਚਿਰ ਹੋਇਆ ਕੰਮ ਟੋਲਦਿਆਂ ?" ਬਠਿੰਡੇ ਵਾਲੇ ਗੁਰਮੇਲ ਨੇ ਪੁੱਛਿਆ।

"ਹਫਤਾ ਕੁ ਹੋ ਗਿਆ।" ਜਸਬੀਰ ਨੇ ਉੱਤਰ ਦਿੱਤਾ।

"ਮੇਰੇ ਆਰ, ਤੁਸੀਂ ਬਾਈ ਨੂੰ ਪਹਿਲਾਂ ਕਨੇਡਾ ਤਾਂ ਵਿਖਾ ਦਿੰਦੇ, ਆਉਂਦਿਆਂ ਈ ਕੰਮ ਤੇ ਝੋਕ ਦੇਣ ਲੱਗੇ ਓ।" ਸਮਾਣੇ ਵਾਲੇ ਨਛਤਰ ਨੇ ਹਰਦੇਵ ਨੂੰ ਨਿਹੋਰਾ ਮਾਰਿਆ।

"ਅਸਾਂ ਤਾਂ ਬਥੇਰਾ ਆਖਿਆ ਬਈ ਕੁਝ ਦਿਨ ਹੋਰ ਫਿਰ ਤੁਰ ਲੈ, ਪਰ ਇਹ ਆਪ ਈ ਕਾਹਲਾ ਪਿਆ ਹੋਇਐ ਅਖੇ ਵਿਹਲਿਆਂ ਟੈਮ ਨਹੀਂ ਕੱਟਦਾ।" ਹਰਦੇਵ ਨੇ ਸਾਰਿਆਂ ਵਾਸਤੇ ਗਲਾਸਾਂ ਵਿੱਚ ਵਿਸਕੀ ਪਾਉਂਦਿਆ ਆਖਿਆ।

"ਬਾਈ ਪੱਗ ਨਾਲ ਕੰਮ ਮਿਲਨਾ ਤਾਂ ਖਾਸਾ ਔਖੈ।" ਗੁਰਮੇਲ ਨੇ ਪੈੱਗ ਚੁੱਕਦਿਆਂ ਆਪਣਾ ਤਜਰਬਾ ਦੱਸਿਆ।

ਰਣਧੀਰ ਉਹਨਾਂ ਨੂੰ ਜਾਣ ਕੇ ਹੀ ਨਾਲ ਲੈ ਆਇਆ ਸੀ ਕਿ ਉਹ ਵੀ ਜਸਬੀਰ ਨੂੰ ਪੱਗ ਉਤਾਰਨ ਲਈ 'ਸਮਝਾਉਣ'।

"ਹਾਂ ਹੈ ਤਾਂ ਔਖਾ ਪਰ ਇੰਨੀ ਛੇਤੀ ਤਾਂ ਮੈਂ ਪੱਗ ਨਹੀਂ ਉਤਾਰਦਾ।"

ਜਸਬੀਰ ਦੇ ਮੂੰਹੋਂ 'ਇੰਨੀ ਛੇਤੀ' ਸੁਣਕੇ ਸਾਰੇ ਸਮਝ ਗਏ ਕਿ ਜਸਬੀਰ ਦਾ ਮਨ ਡੋਲ ਗਿਆ ਹੈ। ਥੋੜ੍ਹਾ ਜਿਹਾ ਹੋਰ 'ਸਮਝਾਉਣ' ਤੇ ਮੰਨ ਜਾਵੇਗਾ।

"ਬਾਈ ਜੇ ਤਾਂ ਦੇਰ ਨਾਲ ਲਾਹੁਣੀ ਐਂ ਤਾਂ ਤੇ ਜਲਦੀ ਹੀ ਲਾਹ ਦੇਹ। ਗੱਠਿਆਂ ਦੇ ਚੋਰ ਵਾਂਗ, ਗੱਠੇ ਅਤੇ ਛਿੱਤਰ ਖਾ ਕੇ ਜੁ ਜਿਹਲ ਕੱਟਣੀ ਐਂ, ਪਹਿਲੋਂ ਈ ਕੱਟ ਲੈ। ਨਾਲੇ ਬੜੇ ਕਹਿੰਦੇ ਐ, 'ਜਿਹਾ ਦੇਸ, ਤਿਹਾ ਭੇਸ।' ਇਸ ਦੇਸ ਆ ਕੇ ਤਾਂ ਬਾਈ, ਉਹੋ ਈ ਭੇਸ ਠੀਕ ਰਹ ਜਿਹੜਾ ਇਥੋਂ ਦੇ ਲੋਕਾਂ ਦਾ ਐ। ਨਛੱਤਰ ਨੇ ਡੂੰਘੇ ਮਤਲਬ ਦੀ ਗੱਲ ਆਖੀ।

"ਛੋਟੇ ਭਾਈ, ਲੋੜ ਵੇਲੇ ਤਾਂ ਸਰਦਾਰ ਭਗਤ ਸਿੰਘ ਨੇ ਵੀ ਕੇਸ ਕਟਾ ਲਏ ਤੀ।" ਕੋਲੋਂ ਗੁਰਮੇਲ ਬੋਲਿਆ।

"ਇਉਂ ਕਹਿਕੇ ਸਰਦਾਰ ਭਗਤ ਸਿੰਘ ਦੀ ਕੁਰਬਾਨੀ ਦਾ ਅਪਮਾਨ ਨਾਂ ਕਰੋ। ਕਿੱਥੇ ਉਹਨਾਂ ਦਾ ਕੰਮ 'ਤੇ ਜਾਨ ਵਾਰਨਾ ਤੇ ਕਿੱਥੇ ਸਾਡਾ ਝੂਠੇ ਡਾਲਰਾਂ ਲਈ ਤਰਲੇ ਮਾਰਨਾ। ਉਹਨਾਂ ਨੇ ਕਿਸੇ ਜ਼ਾਤੀ ਗ਼ਰਜ਼ ਲਈ ਕੇਸ ਨਹੀਂ ਸਨ ਕਟਾਏ। ਉਹਨਾਂ ਨੇ ਕਟਾਏ ਸਨ ਬਈ ਕੁਝ ਚਿਰ ਹੋਰ ਜ਼ਿੰਦਾ ਰਹਿ ਕੇ ਮੁਲਕ ਦੀ ਅਜ਼ਾਦੀ ਵਿੱਚ ਕੋਈ ਹੋਰ ਵੱਡਾ ਹਿੱਸਾ ਪਾ ਸਕਣ। ਅਸੀਂ ਕਿਸ ਕੁਰਬਾਨੀ ਵਾਸਤੇ ਇਹ ਕਰੀਏ ?" ਜਸਬੀਰ ਨੂੰ ਲੱਗਾ ਜਿਵੇਂ ਗੋਰਿਆਂ ਦੇ ਮੁਕਾਬਲੇ ਆਪਣੇ ਲੋਕ ਉਸਨੂੰ ਕੇਸ ਕਟਾਉਣ ਲਈ ਜ਼ਿਆਦਾ ਮਜਬੂਰ ਕਰ ਰਹੇ ਸਨ।

'ਸ਼ਾਇਦ ਕਿਸੇ ਨੂੰ ਕੇਸਾਧਾਰੀ ਵੇਖਕੇ ਉਹਨਾਂ ਨੂੰ ਆਪਣੀ ਕਮਜ਼ੋਰੀ ਦਾ ਅਹਿਸਾਸ ਹੋ ਰਿਹਾ ਸੀ। ਸ਼ਾਇਦ ਉਹ ਇਹ ਸਹਿਨ ਨਹੀਂ ਸਨ ਕਰ ਸਕਦੇ ਕਿ ਕੋਈ ਕੇਸਾਧਾਰੀ ਰਹਿਕੇ ਇਹ ਸਾਬਤ ਕਰ ਸਕੇ ਕਿ ਕੈਨੇਡਾ ਵਿੱਚ ਰਹਿਣ ਲਈ, ਕੇਸ ਕਟਾਉਣੇ ਜ਼ਰੂਰੀ ਨਹੀਂ। ਇਸ ਤਰ੍ਹਾਂ ਉਹਨਾਂ ਦੀ ਹੀਣਤਾ ਦਾ ਪੱਕਾ ਸਬੂਤ ਮਿਲਦਾ ਸੀ। ਵੱਧ ਤੋਂ ਵੱਧ ਲੋਕਾਂ ਦੇ ਕੇਸ ਕਟਾਉਣ ਨਾਲ ਉਹਨਾਂ ਦੇ ਦਿਲ ਨੂੰ ਝੂਠੀ ਧਾਰਸ ਮਿਲਦੀ ਸੀ ਕਿ ਉਹ ਇਕੱਲੇ ਨਹੀਂ, ਸਾਰੇ ਹੀ ਉਹਨਾਂ ਵਰਗੇ ਨੇ।

'ਮੇਰੇ ਆਰ ਕਾਰਨ ਚਾਹੇ ਕੋਈ ਹੋਵੇ, ਜੇ ਕੇਸ ਕਟਾਉਣੇ ਗੁਨਾਹ ਐਂ ਤਾਂ ਸਰਦਾਰ ਭਗਤ ਸਿੰਘ ਦਾ ਗੁਨਾਹ ਵੀ ਉਨਾਂ ਈ ਤੀ, ਜਿੰਨਾਂ ਸਾਡਾ।' ਨਛੱਤਰ ਨੇ ਗੁਰਮੇਲ ਦੀ ਪ੍ਰੋੜ੍ਹਤਾ ਕਰਕੇ ਆਪਣੀ ਕਮਜ਼ੋਰੀ ਨੂੰ, ਸਰਦਾਰ ਭਗਤ ਸਿੰਘ ਦੀ ਮਹਾਨ ਕੁਰਬਾਨੀ ਵੇਲੇ ਕੀਤੀ ਛੋਟੀ ਜਿਹੀ ਸਰੀਰਕ ਤਬਦੀਲੀ ਹੇਠ ਲੁਕਾਉਣਾ ਚਾਹਿਆ।

ਬਹਿਸ ਨੂੰ ਲਮਕਦਿਆਂ ਵੇਖ, ਦਲਜੀਤ ਨੇ ਉਸ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਰੋਟੀ ਦਾ ਸੱਦਾ ਦੇ ਦਿੱਤਾ। ਸਾਰੇ ਨਸ਼ੱਈ ਸਨ। ਜਸਬੀਰ ਨੇ ਵੀ ਥੋੜ੍ਹੀ ਜਿਹੀ ਵਿਸਕੀ ਪੀ ਲਈ ਸੀ। ਰੋਟੀ ਖਾ ਕੇ ਸਾਰੇ ਆਪੋ ਆਪਣੀ ਥਾਈਂ ਚਲੇ ਗਏ। ਜਸਬੀਰ ਵੀ ਲੇਟ ਗਿਆ, ਪਰ ਉਹ ਬਹੁਤ ਦੇਰ ਤੱਕ ਸੌਂ ਨਾ ਸਕਿਆ। ਅੱਜ ਸ਼ਾਮ ਦੀ ਬਹਿਸ ਉਸ ਦੇ ਦਿਮਾਗ ਵਿਚ ਘੁੰਮ ਰਹੀ ਸੀ। 'ਕੀ ਇਹ ਸਾਰੇ ਹੀ ਗਲਤ ਹਨ, ਜਾਂ ਮੇਰੀ ਸੋਚਣੀ ਵਿਚ ਹੀ ਫਰਕ ਹੈ।' ਜਸਬੀਰ ਨਿਰਣਾ ਨਾ ਕਰ ਸਕਿਆ। ਪਤਾ ਨਹੀਂ ਉਸਨੂੰ ਕਦੋਂ ਨੀਂਦ ਆ ਗਈ।

ਅਗਲੇ ਦਿਨ ਸਵੇਰੇ ਹੀ ਹਰਦੇਵ ਫਿਰ ਜਸਬੀਰ ਨਾਲ ਕੰਮ ਲੱਭਣ ਚਲਾ ਗਿਆ। ਇਕ ਥਾਂ ਤੇ ਜਸਬੀਰ ਨੂੰ ਸਫਾਈ ਕਰਨ ਦਾ ਕੰਮ ਮਿਲ ਗਿਆ। ਉਸਦੇ ਸ੍ਵੈਮਾਣ ਤੇ ਬਹੁਤ ਸੱਟ ਵੱਜੀ ਪਰ ਉਸਨੇ ਕੰਮ ਸਵੀਕਾਰ ਕਰ ਲਿਆ। ਉਹ ਅਗਲੇ ਦਿਨ ਹੀ ਕੰਮ ਤੇ ਚਲਾ ਗਿਆ। ਕੰਮ ਕੋਈ ਬਹੁਤਾ ਔਖਾ ਨਹੀਂ ਸੀ। ਮਾਲਕ ਨੇ ਬੜੇ ਪਿਆਰ ਨਾਲ ਉਸਨੂੰ ਸਾਰੀਆਂ ਮਸ਼ੀਨਾਂ ਦੀ ਵਰਤੋਂ ਸਮਝਾ ਦਿੱਤੀ। ਉਦਾਂ ਵੀ ਹਰ ਤਰ੍ਹਾਂ ਨਾਲ

ਆਦਮੀ ਜਸਬੀਰ ਨੂੰ ਬਹੁਤ ਚੰਗਾ ਲੱਗਾ। ਉਹ ਜਸਬੀਰ ਨੂੰ ਬੜੇ ਅਦਬ ਨਾਲ ਬੁਲਾਉਂਦਾ ਅਤੇ ਉਹਦੀ ਹਰ ਲੋੜ ਨੂੰ ਝੱਟ ਪੂਰੀ ਕਰਦਾ। ਇਕ ਦਿਨ ਫਰਸ਼ ਸ਼ਾਫ਼ ਕਰਦਿਆਂ, ਜਸਬੀਰ ਨੂੰ ਮਸ਼ੀਨ ਚੋਂ ਮਾੜਾ ਜਿਹਾ ਕਰੰਟ ਪਿਆ। ਉਸਨੇ ਡਰਦਿਆਂ-ਡਰਦਿਆਂ, ਮਾਲਕ ਨੂੰ ਦੱਸਿਆ। ਮਾਲਕ ਨੇ ਉਸੇ ਵੇਲੇ ਨਵੀਂ ਮਸ਼ੀਨ ਲੈ ਦਿੱਤੀ। ਜਸਬੀਰ ਬਹੁਤ ਪ੍ਰਭਾਵਿਤ ਹੋਇਆ ਕਿ ਇਥੇ ਆਦਮੀ ਦੀ ਕਦਰ ਕਿੰਨੀ ਹੈ ਅਤੇ ਇਹ ਲੋਕ ਕਈਆਂ ਪੱਖਾਂ ਤੋਂ ਚੰਗੇ ਵੀ ਕਿੰਨੇ ਹਨ। ਇਸ ਸਾਰੇ ਕੁਝ ਦੇ ਉਪ੍ਰੰਤ ਵੀ ਜਸਬੀਰ ਇਸ ਕੰਮ ਨਾਲ ਖੁਸ਼ ਨਹੀਂ ਸੀ। ਬਾਥਰੂਮ ਸਾਫ਼ ਕਰਦਿਆਂ ਕਈ ਵਾਰ ਉਸਦੇ ਹੰਝੂ ਵਗ ਤੁਰੇ। ਰੋ ਪਿੱਟ ਕੇ ਉਸ ਨੇ ਮਹੀਨਾ ਕੁ ਕੰਮ ਕੀਤਾ। ਵਿਚ ਵਿਚ ਉਹ ਕਿਸੇ ਹੋਰ ਕੰਮ ਦੀ ਭਾਲ ਵੀ ਕਰਦਾ ਰਿਹਾ, ਪਰ ਉਹਨੂੰ ਹੋਰ ਕੋਈ ਕੰਮ ਨਾ ਮਿਲਿਆ। ਉਹ ਬਹੁਤ ਦੁਖੀ ਹੋ ਗਿਆ।

"ਜਸਬੀਰ ਸਿਆਂ, ਤੂੰ ਸਾਰੀ ਉਮਰ ਬਾਥਰੂਮ ਹੀ ਸਾਫ਼ ਕਰਦਾ ਰਹੇਂਗਾ?" ਇਕ ਦਿਨ ਜਸਬੀਰ ਨੇ ਆਪਣੇ ਆਪ ਤੋਂ ਪੁੱਛਿਆ।

"ਇਸ ਨਾਲੋਂ ਤਾਂ ਪੰਜਾਬ ਕਿਤੇ ਚੰਗਾ ਸੀ। ਵਾਹੀ ਵੀ ਕਰਦਾ ਤਾਂ ਵੀ ਕੀ ਘਾਟਾ ਸੀ। ਆਪਣੇ ਤੇ ਕੋਈ ਅਫਸਰ ਤਾਂ ਨਹੀਂ ਸੀ। ਸਗੋਂ ਤਿੰਨ ਨੌਕਰ ਸਨ। ਮੋਟਰ ਸਾਈਕਲ ਸਵਾਰੀ ਵਾਸਤੇ ਸੀ। ਹਰ ਪਾਸੇ ਸਲਾਮਾਂ ਹੁੰਦੀਆਂ ਸਨ। ਇਸ ਘਟੀਆ ਕੰਮ ਨਾਲੋਂ ਤਾਂ ਪੰਜਾਬ ਵਾਪਸ ਚਲੇ ਜਾਣਾ ਕਿਤੇ ਚੰਗਾ ਹੈ। ਉਹ ਵਾਪਸ ਜਾਣ ਬਾਰੇ ਸੋਚਣ ਲੱਗਾ।

'ਪਰ ਉਥੇ ਜੋ ਕੁਝ ਇਕ ਲੱਖਪਤੀ ਕੋਲ ਵੀ ਨਹੀਂ ਹੁੰਦਾ, ਇਥੇ ਮਾੜੇ ਤੋਂ ਮਾੜੇ ਮਜ਼ਦੂਰ ਕੋਲ ਵੀ ਹੈ। ਜੇ ਸਿਰਫ਼ ਇੰਨੀ ਗੱਲ ਈ ਹੁੰਦੀ ਤਾਂ ਵੀ ਵਾਪਸ ਜਾਣਾ ਮਾੜਾ ਨਹੀਂ ਸੀ, ਪਰ ਇਥੇ ਆਦਮੀ ਦੀ ਜੋ ਕਦਰ ਕੀਮਤ ਮੈਂ ਪਿਛਲੇ ਦੋ ਕੁ ਮਹੀਨਿਆਂ ਵਿਚ ਵੇਖੀ ਹੈ, ਉਸ ਦਾ ਕੋਈ ਮੁੱਲ ਨਹੀਂ। ਇਥੇ ਜਿੰਨੀ ਕਦਰ ਹੈ, ਉਥੇ ਉਨੀਂ ਬੇਕਦਰੀ।' ਜਸਬੀਰ ਦੇ ਅੰਦਰ ਘੋਲ ਹੋ ਰਿਹਾ ਸੀ। ਉਹ ਮਨ ਹੀ ਮਨ ਵਿਚ ਪੰਜਾਬ ਅਤੇ ਕੈਨੇਡਾ ਦਾ ਮੁਕਾਬਲਾ ਕਰ ਰਿਹਾ ਸੀ। ਲਗਭਗ ਸਾਰੇ ਹੀ ਪੱਖਾਂ ਤੋਂ ਕੈਨੇਡਾ, ਪੰਜਾਬ ਦੇ ਮੁਕਾਬਲੇ ਉਸਨੂੰ ਬਹੁਤ ਚੰਗਾ ਲੱਗਾ। ਜੇ ਕੋਈ ਘਾਟ ਸੀ ਤਾਂ ਉਹ ਸੀ 'ਵਧੀਆ' ਕੰਮ ਦੀ।

"ਜਿਹਨਾਂ ਪੰਜਾਬੀ ਲੋਕਾਂ ਨੂੰ ਮੈਂ ਮਿਲਿਆ ਹਾਂ, ਉਹਨਾਂ ਸਾਰਿਆਂ ਕੋਲ ਹੀ ਪੜ੍ਹਾਈ ਦੇ ਮੁਕਾਬਲੇ ਚੰਗੀਆਂ ਨੌਕਰੀਆਂ ਹਨ। ਚੰਗੇ ਘਰ ਨੇ, ਜ਼ਿੰਦਗੀ ਦੀਆਂ ਲੋੜੀਂਦੀਆਂ ਚੀਜ਼ਾਂ ਤੋਂ ਛੁੱਟ ਐਸ਼-ਅਰਾਮ ਦਾ ਸਾਰਾ ਸਾਮਾਨ ਵੀ ਹੈ। ਉਹਨਾਂ ਵਿਚ ਮੇਰੇ ਨਾਲੋਂ ਕੀ ਵਧ ਹੈ?' ਕੈਨੇਡਾ ਦਾ ਪੱਖ ਭਾਰਾ ਹੋ ਰਿਹਾ ਸੀ।

'ਵੱਧ ਨਹੀਂ, ਘੱਟ ਹੈ।' ਉਸ ਦੇ ਅੰਦਰੋਂ ਅਵਾਜ਼ ਆਈ।

'ਉਹਨਾਂ ਦੇ ਕੇਸ ਨਹੀਂ, ਪੱਗ ਨਹੀਂ, ਤੇ ਮੇਰੇ ਵਾਂਗ ਲੰਮੇ ਨਾਮ ਨਹੀਂ।'

'ਫਿਰ ਮੈਂ ਵੀ ਕੇਸ ਕਟਵਾ ਦਿਆਂ?'

'ਨਹੀਂ, ਮੈਂ ਇਹ ਸੌ ਜਨਮ ਨਹੀਂ ਕਰਾਂਗਾ।'

'ਨਹੀਂ ਕਰੇਂਗਾ? ਫਿਰ ਜਾਂ ਸਾਰੀ ਉਮਰ ਬਾਥਰੂਮ ਸਾਫ਼ ਕਰੀ ਜਾਹ ਜਾਂ ਵਾਪਸ ਪੰਜਾਬ ਚਲਾ ਜਾਹ।' ਦੋ ਵਿਰੋਧੀ ਵਿਚਾਰਾਂ ਦਾ ਸੰਘਰਸ਼ ਹੋ ਰਿਹਾ ਸੀ। ਜਸਬੀਰ ਦੇ ਦਿਮਾਗ਼ ਵਿੱਚ ਗੁਰਮੇਲ ਅਤੇ ਨਛੱਤਰ ਨਾਲ ਹੋਈ ਬਹਿਸ, ਇਕ ਵਾਰ ਫਿਰ ਘੁੰਮ ਗਈ।

"ਗੱਲਾਂ ਤਾਂ ਉਹਨਾਂ ਦੀਆਂ ਸਾਰੀਆਂ ਬਹੁਤ ਵਜ਼ਨਦਾਰ ਸਨ। ਉਹਨਾਂ ਵਿੱਚ ਕੁਝ ਵੀ ਤਾਂ ਥੋਥਾ ਨਹੀਂ ਸੀ। ਨਾਲੇ ਇਹ ਸਾਰੇ ਮੂਰਖ ਥੋੜ੍ਹੇ ਨੇ ਜੋ ਕੇਸ ਕਟਾਈ ਫ਼ਿਰਦੇ। ਉਂਜ ਵੀ ਬਾਕੀ ਹਰ ਤਰ੍ਹਾਂ ਨਾਲ ਪੂਰਨ ਸਿੱਖ ਨੇ—ਪਾਠ ਕਰਦੇ ਨੇ, ਗੁਰਦਵਾਰੇ ਜਾਂਦੇ ਨੇ। ਇਹਨਾਂ ਵਿੱਚ ਸ਼ਰਧਾ ਤੇ ਵਿਸ਼ਵਾਸ ਵੀ ਪੰਜਾਬ ਦੇ ਮੁਕਾਬਲੇ ਕਿਤੇ ਵੱਧ ਐ। ਤਾਂ ਕੀ ਹੋਇਆ ਜੇ ਕੇਸ ਨਹੀਂ। ਗੁਰੂ ਸਾਹਿਬ ਦੇ ਵੇਲੇ ਵੀ ਤਾਂ ਕਈ ਸਹਿਜਧਾਰੀ ਸਿੱਖ ਸਨ। ਗੁਰੂ ਸਾਹਿਬ ਉਹਨਾਂ ਨੂੰ ਵੀ ਬਹੁਤ ਪਿਆਰ ਕਰਦੇ ਸਨ।" ਵਿਰੋਧੀ ਵਿਚਾਰਾਂ ਅੱਗੇ ਜਸਬੀਰ ਦੀ ਦ੍ਰਿੜਤਾ ਇਵੇਂ ਘੁਲ ਗਈ, ਜਿਵੇਂ ਪਾਣੀ ਵਿੱਚ ਖੰਡ।

'ਪਿਤਾ ਜੀ ਕੀ ਕਹਿਣਗੇ?' ਇਸ ਡਰ ਨਾਲ ਜਸਬੀਰ ਦੇ ਲੂੰ ਕੰਡੇ ਹੋ ਗਏ।

'ਪਿਤਾ ਜੀ ਨੂੰ ਇਥੋਂ ਦੀਆਂ ਮੁਸ਼ਕਲਾਂ ਦਾ ਕੀ ਪਤੈ? ਨਾਲੇ ਬਾਕੀ ਸਾਰਿਆਂ ਦੇ ਵੀ ਤਾਂ ਪਿਉ ਹਨ।' ਵਿਰੋਧੀ ਵਿਚਾਰ ਫ਼ਿਰ ਭਾਰੀ ਹੋ ਗਿਆ।

"ਫ਼ਿਰ ਜੇ ਕੇਸ ਕਟਾਉਣੇ ਹੀ ਨੇ ਤਾਂ ਦੇਰ ਕਿਉਂ? ਕੱਲ੍ਹ ਹੀ ਕਿਉਂ ਨਾ ਕਟਾ ਦਿਆਂ?"

'ਸ਼ਾਬਾਸ਼! ਇਹ ਹੈ ਸਿਆਣਾ ਫ਼ੈਸਲਾ।" ਜਸਬੀਰ ਵਿਰੋਧੀ ਵਿਚਾਰਾਂ ਅੱਗੇ ਢਹਿ ਢੇਰੀ ਹੋ ਗਿਆ।

ਅਗਲੇ ਦਿਨ ਜਸਬੀਰ 'ਬਾਰਬਰ' ਦੀ ਦੁਕਾਨ ਤੇ ਬੈਠਾ ਉਸ ਨੂੰ ਆਪਣੇ ਵਾਲਾਂ ਦੇ ਸਟਾਇਲ ਬਾਰੇ ਸਮਝਾ ਰਿਹਾ ਸੀ। ਉਸ ਦੀਆਂ ਅੱਖਾਂ ਹੰਝੂਆਂ ਨਾਲ ਤਰ ਸਨ। ਰਣਧੀਰ ਉਸਨੂੰ ਭਰੇ ਦਿਲ ਨਾਲ ਵੇਖ ਰਿਹਾ ਸੀ। ਕੁਝ ਚਿਰ ਪਿੱਛੋਂ ਰੇਂਡੀ ਨਾਲ ਜੈੱਸੀ ਬਾਹਰ ਆ ਰਿਹਾ ਸੀ।

(GRANDE PRAIRIE, ALBERTA)

## kesri

**SWEETS & RESTAURANT LTD.**

*Retailer & Wholesaler*

*We Cater for*
*Weddings & Parties*

1424 GERRAND ST. EAST
TORONTO, ONT. M4L 1Z6
Tel. 466-0173



**UNITED**
VIDEO
## WE RENT & SELL
HINDI & PUNJABI MOVIES

ਪੰਜਾਬੀ, ਹਿੰਦੀ, ਧਾਰਮਕ ਤੇ
ਗੈਰ ਧਾਰਮਕ ਹਰ ਤਰਾਂ ਦੀਆਂ
ਓਰਿਜਨਲ ਵੀਡੀਓ ਫ਼ਿਲਮਾਂ
ਖਰੀਦੋ ਚਾਹੇ ਕਿਰਾਏ ਤੇ ਲਵੋ



ਹਰ ਕਿਸਮ ਦੇ ਵੀਡੀਓ, ਦੀ ਮੁਰੰਮਤ ਕਰ ਕੇ ਦਿੱਤੀ ਜਾਂਦੀ ਹੈ।

## ਹਰ ਕੰਪਨੀ ਦਾ ਵੀਡੀਓ
## ਸਾਥੋਂ ਸਸਤੇ ਭਾਅ ਮਿਲਦਾ ਹੈ

**101 DUNDAS ST E UNIT 2**
**MISSISSAUGA, ONT., L5A 1W7**
**TEL: (416) 276-7775**

## UNITED



# PANDIT JAITLY ASTROLOGER

For Your:
- HOROSCOPIC ANALYSIS
- JANAM PATRIKA
- PAST, PRESENT & FUTURE PROBLEMS or DECISIONS
- MARRIAGE MAHURAT
- MONEY INVESTMENT DECISIONS
- etc....

FOR INFORMATION AND APPOINTMENTS
PLEASE CALL 416-243-9042 or 245-5422

ਜੋਤਸ਼ੀ ਪੰਡਿਤ ਜੇਤਲੀ ਜੀ



GET YOUR INCOME TAX PREPARED
PROFESSIONALLY
BY
**CAN-AM TAX SERVICE LTD.**
1275 JANE ST. (JANE AT WESTON), TORONTO

ACCOUNTING • BOOKKEEPING • CORPORATION TAX

**PHONE:**
**(416) 243-2912**
**(416) 247-8527**

ਕਹਾਣੀ

# ਜ਼ੈਲਦਾਰੀ

ਤੇਜ ਸੰਧੂ "ਸਮਾਧਵੀ"

ਸੁਣਾ ਬਈ ਲਾਣੇ ਦਿਆ ਮੰਢੀਆ. ਅੱਜ ਕੱਲ ਕਿਵੇਂ ਚਲਦਾ ਕੰਮ ਧੰਦਾ, ਤੇਰੀ ਸਿਹਤ ਦਾ ਕੀ ਹਾਲ ਚਾਲ ਹੈ, ਮੈਂ ਜਸਦੇਵ ਨੂੰ ਬਾਹਰ ਗਾਰਡਨ ਵਿਚ ਕੰਮ ਕਰਦੇ ਨੂੰ ਕਿਹਾ —

ਹਾਲ ਚਾਲ ਤਾਂ ਸਾਥੀ (ਉਹ ਮੈਨੂੰ ਹਮੇਸ਼ਾ ਸਾਥੀ ਕਹਿ ਕੇ ਹੀ ਬੁਲਾਉਂਦਾ) ਤੈਨੂੰ ਪਤਾ ਈ ਐ, ਸਿਹਤ ਕੁਝ ਢਿਲੀ ਹੀ ਰਹਿੰਦੀ ਐ, ਡਾਕਟਰ ਨੇ ਕਿਹਾ ਥੋੜਾ ਬਹੁਤਾ ਘਰੇ ਕੰਮ ਧੰਦਾ ਕਰਿਆ ਕਰ ਨਹੀਂ ਤਾਂ ਬਿਲਕੁਲ ਹੀ ਰਹਿ ਜਾਵੇਂਗਾ, ਮੈਂ ਸਵੇਰੇ-ਤਕਾਲੀਂ ਤਿੰਨ ਚਾਰ ਮੀਲ ਵਾਕ ਵੀ ਕਰ ਲੈਂਦਾ ਹਾਂ ਜਸਦੇਵ ਨੇ ਗਾਰਡਨ ਵਿਚੋਂ ਟਮਾਟਰ ਤੋੜਦੇ ਹੋਏ ਨੇ ਜਵਾਬ ਦਿੱਤਾ।

ਐਤਕੀਂ ਤਾਂ ਫਿਰ ਸਿੰਘਣੀ ਵੀ ਫਾਰਮਾਂ ਨੂੰ ਭੇਜ ਤੀ, ਕੋਈ ਆਂਇਆ ਫ਼ੋਨ-ਫ਼ਾਨ ਜਸਦੀਪ ਦਾ ਐਬਸਫੋਰਡ ਤੋਂ, ਸੁਣਿਆ ਐਤਕੀਂ ਤਾਂ ਮੀਂਹ ਕਾਫ਼ੀ ਪਿਆ ਉਥੇ, ਬੇਰੀ ਬਹੁਤੀ ਚੰਗੀ ਨਹੀਂ ਹੋਈ, ਦੱਸਦੇ ਐ ਜੰਤਾ ਵੀ ਬੜੀ ਦੂਰੋਂ ਦੂਰੋਂ ਆਈ ਹੈ ਕੰਮ ਕਰਨ ਲਈ, ਕਹਿੰਦੇ ਟਰੰਟੋ ਤੋਂ ਵੀ ਵੀ ਕੁਝ ਫੈਮਲੀਆਂ ਆਈਆਂ ਹਨ, ਮੈਂ ਫਾਰਮਾਂ ਦੀ ਬਾਬਤ ਜੋ ਸੁਣਿਆ ਸੀ ਸਭ ਕਹਿ ਦਿੱਤਾ।

ਮੇਰੀ ਤੀਂਵੀਂ ਗਈ ਤੈਨੂੰ ਦਿਸ ਪਈ, ਜਦ ਇਕ ਸਾਲ ਤੂੰ ਵੀ ਭੇਜੀ ਸੀ, ਉਹ ਤੂੰ ਭੁੱਲ ਗਿਆ, ਜਸਦੇਵ ਨੇ ਕੁਝ ਤਲਖੀ ਵਿਚ ਜਵਾਬ ਦਿੱਤਾ।

ਨਹੀਂ ! ਨਹੀਂ !! ਮੈਂ ਯਾਰ ਇਉਂ ਨਹੀਂ ਕਹਿੰਦਾ ਕਿ ਕਿਉਂ ਗਈ ਐ, ਮੈਂ ਤਾਂ ਖੁਸ਼ ਹਾਂ ਕੰਮ ਕਰਨ ਦਾ ਕੋਈ ਹਰਜ ਨਹੀਂ, ਸਗੋਂ ਇਹ ਵੀ ਕਿਸੇ ਕਿੱਤੇ ਲਗਦੀਆਂ ਹਨ, ਨਹੀਂ ਤਾਂ ਘਰੇ ਬੈਠੀਆਂ ਚਿਸਟਰਫੀਲਡ ਹੀ ਤੋੜਦੀਆਂ ਹਨ।

ਤੈਨੂੰ ਪਤਾ ਹੀ ਹੈ ਸਾਥੀ ! ਸਿਕਨਿਸ ਦੀ ਚੈਕ ਨਾਲ ਕੁਝ ਵੀ ਨਹੀਂ ਬਣਦਾ, ਅਪਰੇਸਨ ਹੋਇਆ ਕਰਕੇ ਪਿਛਲੇ ਨੌਂ ਮਹੀਨਿਆਂ ਤੋਂ ਮੈਂ ਕੰਮ ਤੇ ਵੀ ਨਹੀਂ ਗਿਆ। ਯਾਰ ! ਸਰਦਾ ਨਹੀਂ ਸੀ ਇਸੇ ਕਰਕੇ ਤੇਰੀ ਭਰਜਾਈ ਨੂੰ ਭੇਜਿਆ ਫਾਰਮਾਂ ਵਿਚ। ਹੋਰ ਦੋ ਤਿੰਨ ਵੀਕਾਂ ਰਹਿ ਗਈਆਂ ਆ-ਈ ਜਾਣਾ ਉਸ ਨੇ, ਪਰ ਹੈ ਬੜਾ ਔਖਾ ਨਿਆਣੇ ਵੀ ਆਪ ਦੀ ਮਾਂ ਤੋਂ ਬਿਨਾਂ ਚੱਜ ਨਾਲ ਕੁਝ ਖਾਂਦੇ ਪੀਂਦੇ ਵੀ ਨਹੀਂ। ਇਹੋ ਹੀ ਸੋਚਿਆ ਕਿ ਫ਼ਾਰਮਾਂ ਵਿਚ ਕਮਾਉਣੇ ਤਾਂ ਜਿਹੜੇ ਹੈਗੇ ਹੈ ਉਹੋ ਹੀ ਹੈ, ਚਲ ਮਗਰੋਂ ਨੌਂ ਮਹੀਨੇ ਅਨਇੰਮਪਲਾਏਮਿੰਟ ਤਾਂ ਲਊ, ਕੁਝ ਮੇਰੀ ਸਿਕਨਿਸ ਆਉਂਦੀ ਹੈ ਰਲ ਮਿਲ ਕੇ ਗੁਜਾਰਾ ਹੋਈ ਜਾਊ। ਨਹੀਂ ਮੈਂ ਤਾਂ ਕਦੀ ਨਾ ਭੇਜਦਾ, ਅੱਗੇ ਵੀਹ ਸਾਲਾਂ ਵਿਚ ਕੁਝ ਨਹੀਂ ਬਣਿਆ ਤਾਂ ਅਗਾਂਹ ਕੀ ਬਣ ਜਾਊ, ਬੱਸ ਇਹੋ ਇਕ ਘਰ ਰਹਿਣ ਲਈ ਝੂੰਗੇ ਵਿਚੋਂ ਬਣਿਆ ਹੁਣ ਤੀਕ—

ਕਿਉਂ ਕੁੱਫਰ ਤੋਲਦੈਂ। ਜਿਹੜੇ ਚਾਰ ਪੰਜ ਘਰ ਬਣਾ ਕੇ ਵੇਚੇ ਹਨ ਉਹ ਪੈਸੇ ਕਿਧਰ ਨੂੰ ਗਏ, ਬੈਂਕਾਂ ਤਾਂ ਸਾਹ ਨਹੀਂ ਲੈਂਦੀਆਂ ਹੋਣੀਆਂ। ਐਲ੍ਹੀ ਵਿਚ ਜਾਂਦੇ ਹੋਏ ਟੈਲ੍ਹੇ ਨੇ ਟਕੋਰ ਕੀਤੀ।

ਆਹੋ ! ਆਹੋ !! ਝੂਠ ਮਾਰਦੈਂ ਬਈ ਕੋਈ ਉਧਾਰੇ ਨਾ ਮੰਗ ਲਵੇ, ਪੁਰਾਣੇ ਭਾਂਡਿਆਂ ਵਿਚੋਂ ਕਿਤੇ ਥੈਦਿਆਈ ਜਾਂਦੀ ਐ, ਮੈਂ ਵੀ ਟੈਲ੍ਹੇ ਦੇ ਹੱਕ ਦੀ ਗੱਲ ਕੀਤੀ। ਪਰ ਅੰਦਰੋਂ ਜਸਦੇਵ ਦੀ ਹਾਲਤ ਤੋਂ ਮੈਂ ਜਾਣੂ ਸੀ। ਮੈਂ ਕਿਸੇ ਹਾਲਤ ਵਿਚ ਵੀ ਲੋਕਾਂ ਕੋਲ ਉਸ ਨੂੰ ਨੀਵਾਂ ਨਹੀਂ ਦੇਖਣਾ ਚਾਹੁੰਦਾ ਸੀ। ਜਸਦੇਵ ਦੀ ਟਾਊਨ ਵਿਚ ਚੰਗੀ ਬਣੀ ਹੋਈ ਸੀ, ਪੈਸੇ ਵਲੋਂ ਵੀ ਹੱਥ ਸਖਾਲਾ ਸੀ, ਚੰਗਾ ਸਰਦਾ ਪੁਜਦਾ ਸੀ, ਪਰ ਇੰਨਾ ਨਹੀਂ ਸੀ ਜਿੰਨਾ ਲੋਕੀਂ ਉਸ ਨੂੰ ਸਮਝਦੇ ਸਨ। ਸਾਡਾ ਪਿਛਲੇ ਦਸ ਬਾਰਾਂ ਸਾਲਾਂ ਤੋਂ ਭਰਾਵਾਂ ਵਾਂਗ ਪਿਆਰ ਇਕ ਦੂਜੇ ਦੇ ਦੁੱਖ ਸੁੱਖ ਦੇ ਭਾਈਵਾਲ, ਪੈਸੇ ਧੇਲੇ ਦਾ ਦੇਣ ਲੈਣ ਅਤੇ ਅਸੀਂ ਇਕ ਦੂਜੇ ਦੀ ਰਗ ਰਗ ਤੋਂ ਪਛਾਣੂ ਸੀ।

ਦੇਖ ਲੈ ਸਾਥੀ ! ਤੈਨੂੰ ਤਾਂ ਹੁਣ ਸਾਰੀ ਸਿਚੂਏਸ਼ਨ ਦਾ ਪਤਾ ਹੀ ਹੈ, ਪਰ ਲੋਕੀਂ ਪਤਾ-ਨੀ ਕੀ ਸਮਝਦੇ ਐ ਖਨੀ ਮੇਰੇ ਕੋਲ ਕਿੰਨੇ ਕੁ ਪੈਸੇ ਹਨ। ਇਹੋ ਜਿਹੇ ਵਿੰਗੜ ਜਿਹੇ ਹੀ ਟਿਕਣ ਨਹੀਂ ਦਿੰਦੇ, ਹੁਣ ਭਣੋਈਏ ਕੋਲ ਖੜਾ ਵੀ ਨਹੀਂ ਬਈ ਅੱਗੋਂ ਸਲੋਕ ਸੁਨਣੇ ਪੈਣਗੇ, ਰੰਨ ਨਾ ਕੰਨ, ਛੜਾ ਛਾਂਟ ਸਾਲਾ ਕਿਵੇਂ ਐਲ੍ਹੀਆ ਕੱਢਦਾ ਫਿਰਦੈਂ। ਮਾਂ ਆਪਣੀ ਨੂੰ ਦੋਸ਼ ਛੱਡਿਆ ਇਥੇ ਥਾਂ ਥਾਂ ਖੇਹ ਖਾਂਦਾਂ ਫਿਰਦੈਂ, ਕਿਥੋਂ ਕੰਜਰ ਮੱਥੇ ਲੱਗ ਗਿਆ ਤਕਾਲੀਂ ਰੋਟੀ ਵੀ ਸੁਆਦ ਨਹੀਂ ਲੱਗਨੀ, ਜਸਦੇਵ ਨੇ ਤੁਰੇ ਜਾਂਦੇ ਟੈਲ੍ਹੇ ਤੇ ਇਕੋ ਸਾਹੇ ਦਿਲ ਦਾ ਗੁਬਾਰ ਕੱਢ ਦਿੱਤਾ।

ਠੀਕ ਹੈ ! ਤਾਂ ਫਿਰ ਕੀ, ਜੇ ਲੋਕੀਂ ਸਮਝਦੇ ਐ ਤਾਂ ਸਮਝਣ ਦੇ, ਮੁਫਤ ਦਾ ਰੋਅਬ ਬਣਿਆਂ ਜਰੂਰ ਗੁਆਉਣਾ ਤੂੰ । ਜਿਵੇਂ ਪਿੰਡਾਂ ਵਿਚ ਜ਼ੈਲਦਾਰਾਂ ਦਾ ਦਬ-ਦਬਾ ਹੁੰਦਾ ਸੀ ਭਾਵੇਂ ਘਰੋਂ ਕੁਲੱਜੇ ਹੀ ਹੁੰਦੇ ਸਨ ਪਰ ਪਿੰਡ ਦੇ ਲੋਕੀਂ ਪੁੱਛ ਕੇ ਗੱਲ ਕਰਦੇ ਸੀ । ਟਾਊਨ ਵਿਚ ਤੇਰੀ ਵੀ ਉਹੋ ਹੀ ਜ਼ੈਲਦਾਰਾਂ ਵਾਲੀ ਬੜਕ ਹੈ । ਉਨ੍ਹਾਂ ਜ਼ੈਲਦਾਰਾਂ ਦਾ ਤਾਂ ਜਿਵੇਂ ਮੈਂ ਪਹਿਲਾਂ ਦੱਸਿਆ ਧੂੰਆਂ ਹੀ ਨਿਕਲਿਆ ਹੁੰਦਾ ਸੀ ਪਰ ਤੇਰੇ ਕੋਲ ਤਾਂ ਸੁਖ ਨਾਲ ਸਭ ਕੁਝ ਹੀ ਹੈ ।

ਚੱਲ ਅੰਦਰ ਬੈਠੀਏ ! ਘੁੱਟ ਘੁੱਟ ਚਾਹ ਦੀ ਬਣਾ ਕੇ ਪੀਨੇ ਐਂ, ਮੇਰਾ ਵੀ ਸਿਰ ਦੁਖਦਾ — ਟਮਾਟਰਾਂ ਦੀ ਬਾਲਟੀ ਚੁਕਦੇ ਹੋਏ ਜਸਦੇਵ ਨੇ ਕਿਹਾ —

ਟਮਾਟਰ ਤਾਂ ਤੇਰੇ ਬਈ ਜ਼ੈਲਦਾਰਾਂ ਆਲੇ ਈ ਐ, ਵਿਚੋਂ ਕਈ ਤਾਂ ਪੌਂਡ ਪੌਂਡ ਦੇ ਹੀ ਦੇਖਣ ਨੂੰ ਲੱਗਦੇ ਹੈ (ਜ਼ੈਲਦਾਰੀ ਦੇ ਨਾਂ ਤੇ ਉਹ ਥੋੜਾ ਜਿਹਾ ਮੁਸਕਰਾਦਿਆ) ।

ਉਹਨੇ ਥੋੜਾ ਜਿਹਾ ਪਾਣੀ ਪਤੀਲੇ ਵਿਚ ਪਾ ਕੇ ਸਟੋਵ ਤੇ ਰੱਖ ਦਿੱਤਾ ਅਤੇ ਆਪ ਕਪੜੇ ਬਦਲਣ ਚਲਾ ਗਿਆ । ਜਦ ਮੁੜ ਕੇ ਆਇਆ ਤਾਂ ਪਾਣੀ ਉਬਲ ਉਬਲ ਕੇ ਕਮਲਾ ਹੋ ਗਿਆ ਸੀ, ਮੈਂ ਵੀ ਖਿਆਲ ਨਾ ਕੀਤਾ, ਵੀਡੀਓ-ਟੇਪ ਕੋਲ ਪਈ ਮੂਵੀ ਦੇਖ ਕੇ, ਮੈਂ ਟੀ. ਵੀ. ਆਨ ਕਰਕੇ ਦੇਖਣ ਬੈਠ ਗਿਆ ।

ਕਿਵੇਂ ਸਾਥੀ ! ਚਾਹ ਪੀਣੀ ਜਾਂ ਚਾਕਲੇਟ-ਟੀ ਉਸ ਕਬੱਡ 'ਚੋਂ ਦੋ ਕੱਪ ਕੱਢਦੇ ਨੇ ਕਿਹਾ — ਕੇਰਾਂ ਪੀ ਕੇ ਤਾਂ ਦੇਖੀਂ ਬੇਜਾਂ ਬੇਜਾ ਹੋ ਜਾਊ ।'

ਲਿਆ ਤੇਰੀ ਚਾਕਲੇਟ-ਟੀ ਹੀ ਪੀ ਕੇ ਦੇਖਦੇ ਐਂ ਮੈਂ ਦੋ ਚਮਚੇ ਕੱਪ ਵਿਚ ਪਾਉਂਦੇ ਨੇ ਕਿਹਾ ।

ਓਏ ! ਦੋ ਚਮਚੇ, ਇਕ ਚਮਚਾ ਬਹਤ ਸੀ, ਮਾਮਾ ਹੀਰ ਦਿਆ ਪਰਾਈਸ ਨੀ ਦਿਸਦੀ, ਸਾਢੇ ਪੰਜਾਂ ਡਾਲਿਆਂ ਦਾ ਡੱਬਾ ਆਉਂਦਾ, ਪੂਰਾ ਡੱਬਾ ਇਕ ਵੀਕ ਦੇ ਵਿਚ ਖਤਮ ਹੋ ਜਾਂਦਾ । ਡਾਕਟਰ ਨੇ ਮੈਨੂੰ ਕਿਹਾ ਸੀ ਚਾਹ ਨਾਲੋਂ ਇਹ ਤੇਰੇ ਲਈ ਠੀਕ ਹੈ, ਇਹਦੇ ਵਿਚ ਨੈਕਟੀਨ ਨਹੀਂ ਹੁੰਦੀ, ਚਾਹ ਨਾਲੋਂ ਉੱਦਾਂ ਵੀ ਸੁਆਦ ਲੱਗਦੀ ਐ, ਐਵੇਂ ਹੁਣ ਤੀਕ ਭੁੱਲੇ ਹੀ ਰਹੇ । ਚਾਹ ਵਾਲੀ ਭਲ ਵੀ ਪੂਰੀ, ਸਿਹਤ ਲਈ ਵੀ ਚੰਗੀ । ਦੱਸ ਤੈਨੂੰ ਕੀ ਕੀ ਗੁਣ ਗਿਣਾਵਾਂ, ਇਹੋ ਜਿਹੀ ਗੁਣਾਂ ਵਾਲੀ ਚੀਜ਼ ਜੇ ਸਮਝ ਕੇ ਲਿਮਟ ਵਿਚ ਹੀ ਵਰਤਣੀ ਪੈਂਦੀ ਹੈ । ਤੇਰੇ ਵਾਂਗੂੰ ਨਹੀਂ ਦੋ ਚਮਚੇ ਕੱਪ ਵਿਚ ਪਾਓ ਅਤੇ ਸੜ੍ਹਾਕਾ ਮਾਰ ਕੇ ਪਰ੍ਹੇ ਜਾਓ ।

ਕਿਉਂ ਮਰਨ ਲੱਗਿਆਂ — ਜੇ ਪੀਂਦੇ ਹੁੰਦੇ ਹੁਣ ਨੂੰ ਬੋਤਲ ਬੰਨੇ ਲਾ ਦੇਣੀ ਸੀ, ਕਿਉਂ ਮਰੂੰ ਮਰੂੰ ਕਰਦਾ ਰਹਿਨਾਂ ਨਿੱਕੀਆਂ ਨਿੱਕੀਆਂ ਗੱਲਾਂ ਤੇ, ਐਵੇਂ ਜ਼ੈਲਦਾਰੀ ਖਿਤਾਬ ਤੇ ਧੱਬਾ ਲਾਉਨੈਂ ।

ਸਾਥੀ ਛੱਡ ਯਾਰ ! ਹਾਸੇ ਨਾਲ ਹਾਸਾ ਰਿਹਾ, ਇਕ ਸਲਾਹ ਦੇਹ, ਮੇਰਾ ਇਰਾਦਾ ਬੇਸਮਿੰਟ ਕਰਾਏ ਤੇ ਦੇਣ ਦਾ । ਬੜਾ ਸੋਹਣਾ ਗੁੱਡ ਸਾਈਜ਼ ਦਾ ਲਿਵਿੰਗ-ਰੂਮ ਹੈ । ਕਿਚਨ ਕਵਰਡ ਮੇਰੇ ਕੋਲ ਬਣੇ ਪਏ ਹਨ ਚੱਕ ਕੇ ਲਾ ਹੀ ਦੇਣੇ ਹਨ । ਹੈਥੇ ਪਾਣੀ ਲਾ ਕੇ ਕਿਚਨ ਸੈਂਕ ਨੂੰ ਦੇ ਦੇਣਾ, (ਪਾਣੀ ਵਾਲੀ ਪਾਈਪ ਵੱਲ ਇਸ਼ਾਰਾ ਕਰਦੇ ਹੋਏ) ਕਿਹੜਾ ਕਿਸੇ ਤੋਂ ਕਰਾਉਣਾ, ਉਹੋ ਹੀ ਜਿਹੜਾ ਆਪਣਾ ਯਾਰ-ਬੇਲੀ ਐ, "ਘੁੰਮਰਾਲੀ ਵਾਲਾ ਮੀਤ" ਉਹਨੇ ਆਪਣੇ ਲਈ ਪਾਣੀ ਵਾਲੇ ਪਾਈਪ ਜੋੜ ਦੇਣੇ ਐ । ਬਾਥਰੂਮ ਬਣਿਆ ਹੀ ਹੈ, ਡਾਲਾ ਮੇਰਾ ਪੰਜ ਸੱਤ ਸੌ ਖਰਚ ਆ ਜਾਊ ਪਰ ਰੈਂਟ ਤਿੰਨ ਸੌ ਮਹੀਨੇ ਦਾ ਡੁੱਕੀ ਜਾਊ ।

ਸਕੀਮ ਤਾਂ ਤੇਰੀ ਠੀਕ ਲੱਗਦੀ ਐ, ਬੈੱਡਰੂਮ ਵੀ ਤਿੰਨ ਬਣਦੇ ਹਨ ਪਰ ਵਿੰਡੋ ਇਕ ਬੈੱਡਰੂਮ ਵਿਚ ਹੀ ਆਊ, ਬਾਕੀ ਦੋ ਤਾਂ ਹਨੇਰ ਕੋਠੜੀਆਂ ਹੀ ਬਨਣਗੀਆਂ, ਮੈਂ ਡੂੰਘੇ ਬੇਸਮਿੰਟ ਵਿਚ ਇਕ ਪਾਸੇ ਸੀਮਿੰਟ ਦੀ ਧੁਰ ਲੰਮੀ ਕੰਧ ਦੇਖ ਕੇ ਕਿਹਾ ।

ਚੱਲ ਹੋਰ ਵੀਹ ਡਾਲੇ ਰੈਂਟ ਘੱਟ ਲੈ ਲਊਂ, ਪਰ ਇਧਰੋਂ ਤਾਂ ਦੇਖ ਸਾਰੇ ਟਾਊਨ ਦਾ ਵੀਊ ਦਿੱਸਦਾ, ਇਹ ਨੂੰ ਕਹਿੰਦੇ ਹੈ ਲੱਖਾਂ ਦਾ ਵੀਊ, ਐਵੇਂ ਨਹੀਂ ਹਿੱਲ ਦੀ ਟਾਪ ਤੇ ਘਰ ਪਾਇਆ ਸੀ । ਸਾਰਾ ਕੁਝ ਸੋਚ ਸਮਝ ਕੇ ਕੀਤਾ ਸੀ । ਉਹ ਕਿਸੇ ਗੱਲੋਂ ਵੀ ਥੱਲੇ ਨਹੀਂ ਆਉਣਾ ਚਾਹੁੰਦਾ ਸੀ ।

ਵੱਡਿਆ ਜ਼ੈਲਦਾਰਾ, ਮੈਨੂੰ ਕਿਹੜਾ ਪਤਾ ਨਹੀਂ, ਐਵੇਂ ਫਸੇ ਨੇ ਮਾਰ ਖਾਧੀ ਸੀ, ਦੋ ਸਾਲ ਤੂੰ ਮਗਰਲੀ ਯਾਰਡ ਬਣਾਉਂਦੇ ਨੇ ਲਾ ਦਿੱਤੇ, ਜਦੋਂ ਆ ਕੇ ਦੇਖੀਦਾ ਸੀ ਇਥੇ ਮਗਰੇ ਹੀ ਟੱਕਰਾਂ ਮਾਰਦਾ ਹੁੰਦਾ ਸੀ, ਉਹੋ ਹੀ ਸ਼ਰਟ, ਉਹੋ ਹੀ ਪੈਂਟ ਤੇਰੇ ਪਾਏ ਹੁੰਦੇ ਸੀ ਭਾਵੇਂ ਤੂੰ ਟਾਊਨ ਸ਼ਾਪਿੰਗ ਕਰਦਾ ਹੁੰਦਾ ਭਾਵੇਂ ਇਥੇ ਘਰੇ ਕੰਮ ਕਰਦਾ ਹੁੰਦਾ, ਮੈਂ ਉਸ ਨੂੰ ਜਾਣ ਬੁਝ ਕੇ ਛੇੜਿਆ ।

ਵੱਡਿਆ ਚੁਸਤਾ ! ਤੈਨੂੰ ਕੀ ਪਤਾ ਕੰਮ ਵਾਲੇ ਕੱਪੜਿਆਂ ਦੀ ਇਥੇ ਕੀ ਇੱਜਤ ਹੈ, ਵੇਹਲੇ ਆਦਮੀ ਨੂੰ ਤਾਂ ਕੋਈ ਘਰੇ ਵੀ ਵੜਨ ਨਹੀਂ ਦਿੰਦਾ, ਉਦੋਂ ਤਾਂ ਮਿੰਟੀ ਫੋਨ ਕਰ ਦਿੰਨਾ, ਆਈਂ ਕੇਰਾ ਯਾਰ ! ਪਾਣੀ ਚਿਉਂਦਾ ਕਿਸੇ ਤੋਂ ਕਹਿ ਕੁਹਾ ਕੇ ਟੰਕਾ ਜਿਹਾ ਲੁਆਈਂ, ਆਈਂ ਕੇਰਾਂ ਇਹ ਕਰਨਾ, ਆਈਂ ਕੇਰਾਂ ਉਹ ਕਰਨਾ, ਸਾਲੇ ਕੇਰਾਂ ਕੇਰਾਂ ਦੇ ਨਾ ਹੋਣ ਤਾਂ, ਜਸਦੇਵ ਇਕੋ ਸਾਹੇ ਸਭ ਕੁਝ ਕਹਿ ਗਿਆ ।

ਚੰਗਾ ਭਾਅ ਜੀ ! ਜਿੱਦਾਂ ਤੂੰ ਕਹਿੰਨਾ ਉਦਾਂ ਹੀ ਠੀਕ ਹੈ, ਤੂੰ ਵੱਡਾ ਮੈਂ ਛੋਟਾ ਤੇਰੀਆਂ ਸਿਰ ਮੱਥੇ ਤੇ, ਮੇਰਾ ਮੱਕੀ ਦਾ ਆਟਾ ਤੇਰਾ ਜੁਆਰ ਦਾ ਆਟਾ, ਮੇਰਾ ਘਿਉ ਤੇਰਾ ਘੀ, ਮੇਰਾ ਵਿਚਾਲਾ ਤੇਰਾ ਗੱਭੇ, ਹੋਰ ਦੱਸ ਕੀ ਕੀ ਕਰਾਂ, ਮੈਨੂੰ ਸਭ ਕੁਝ ਜੋ ਵੀ ਤੂੰ ਮੂੰਹੋਂ ਕੱਢੇਂ ਸਭ ਮਨਜ਼ੂਰ ਹੈ ।

ਹਾਂ-ਹਾਂ-ਇਹ ਤਾਂ ਹੋਈ ਨਾ ਗੱਲ ਬੱਸ ਕੇਰਾਂ ਜਮਾਂ ਹੀ ਠੀਕ ਹੈ ਉਹ ਮੇਰੀ ਫਿਰ ਸਾਂਗ ਲਾ ਗਿਆ ।

ਸਾਡਾ ਆਪਸ ਵਿਚ ਕਾਫ਼ੀ ਸ਼ੁਗਲ ਸੀ । ਪਰ ਤੀਜੇ ਬੈਠੇ ਤੋਂ ਅਸੀਂ ਇਸ ਤਰ੍ਹਾਂ ਘੱਟ ਹੀ ਬੋਲਦੇ, ਜੇ ਕਦੀ ਕੋਈ ਨਵਾਂ ਫਸ ਵੀ ਜਾਂਦਾ ਤਾਂ ਅਸੀਂ ਇਕ ਦੂਜੇ ਨੂੰ ਅੱਖ ਦੱਬ ਕੇ ਚੁੱਪ ਕਰਾ ਜਾਂਦੇ ।

ਜਾਂ ਫਿਰ ਮੇਰੀ ਸਲਾਹ ਕਿ ਉਪਰਲਾ ਸਾਰਾਂ ਰੈਂਟ ਤੇ ਦੇ ਦੇਵਾਂ ਅਤੇ ਥੱਲੇ ਬੇਸਮਿੰਟ ਵਿਚ ਆਪ ਰਹਿ ਲਈਏ, ਜਸਦੇਵ ਨੇ ਅਸਲੀ ਗੱਲ ਵੱਲ ਦੁਬਾਰਾ ਰੁੱਖ ਮੋੜਿਆ ।

ਗੱਲ ਤਾਂ ਤੇਰੀ ਇਹ ਵੀ ਠੀਕ ਹੈ । ਉਪਰੋਂ ਹੱਸ ਕੇ ਸਾਢੇ ਚਾਰ ਸੌ ਡਾਲਰ ਆਊ, ਥੱਲੇ ਬੜਾ ਸੋਹਣਾ ਤੁਹਾਡਾ ਸਰ ਸਕਦੈ । ਮੈਂ ਵੀ ਉਹਦੀ ਹਾਂ ਵਿਚ ਹਾਂ ਰਲਾਈ ।

ਸਾਥੀ ! ਇਕ ਗੱਲ ਮੈਨੂੰ ਦਿਸਦੀ ਐ, ਨਿਆਣੇ ਥੱਲੇ ਲਈ ਨੱਕ ਬੁੱਲ ਮਾਰਨਗੇ, (ਉਹ ਨਿਆਣਿਆਂ ਤੋਂ ਬੇਸਮਿੰਟ ਵਿਚ ਰਹਿਣ ਲਈ ਪਹਿਲਾਂ ਪੁੱਛ ਚੁਕਾ ਸੀ) ਚਲੋ ਦੇਖੋ ਕੀ ਬਣੂਗਾ ਪਰ ਮੈਂ ਥੱਲਿਓਂ ਤਿਆਰ ਜਰੂਰ ਕਰ ਦੇਣਾ ਹੈ।

ਤਾਂ ਫਿਰ ਇੱਦਾਂ ਕਰ, ਜੋ ਕੁਸ਼ ਹੈਗਾ ਹੈ ਓਵੇਂ ਹੀ ਰਹਿਣ ਦੇ, ਨਿਆਣੇ ਵੀ ਖੁਸ਼, ਜੈਲਦਾਰੀ ਵੀ ਕਾਇਮ ਰੱਖ, ਰੈਂਟ ਦੀ ਮਾਰ ਢੂਈ, ਮੈਥੋਂ ਫਿਰ ਕਹਿਣੋ ਨਾ ਰਿਹਾ ਗਿਆ।

ਟਨ...ਟਨ...ਟਨ...ਘਰ ਦੀ ਬੈੱਲ ਖੜਕੀ, ਜਦ ਜਸਦੇਵ ਨੇ ਡੋਰ ਖੋਲ੍ਹਿਆ ਤਾਂ ਬਾਹਰੋਂ ਦੋ "ਸਿੰਘਾਂ" ਨੇ ਉੱਚੀ ਆਵਾਜ਼ ਵਿਚ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਬੁਲਾਈ। ਉਨ੍ਹਾਂ ਦੇ ਨਾਲ ਸਾਡੇ ਟਾਊਨ ਦਾ ਹੀ ਇਕ ਮੋਨਾ "ਸਿੰਘ" ਹਰਬੀਰ ਸੀ ਜੋ ਕਿ ਸਾਡੇ ਪਹਿਲਾਂ ਵੀ ਮੂੰਹ ਮੱਥੇ ਲਗਦਾ ਸੀ। ਮੈਂ ਤਾਂ ਅੰਦਰੇ ਅੰਦਰ ਸਮਝ ਗਿਆ ਕਿ ਮਿੱਤਰਾ ਅੱਜ ਖੈਰ ਨਹੀਂ ਉਗਰਾਹੀ ਵਾਲੇ ਲੱਗਦੇ ਐ। ਜਸਦੇਵ ਨੇ ਉਨ੍ਹਾਂ ਨੂੰ ਅੰਦਰ ਆਉਣ ਲਈ ਕਿਹਾ ਅਤੇ ਉਹ ਵਾਹਿਗੁਰੂ ! ਵਾਹਿਗੁਰੂ !! ਕਰਦੇ ਲਿਵਿੰਗ ਰੂਮ ਵਿਚ ਬੈਠ ਗਏ। ਕਿਉਂ ਬਈ ! ਪਹਿਲਾਂ ਇਹ ਦੱਸੋ ਖਾਓ ਪੀਓਗੇ ਕੀ, ਕੋਈ ਸੰਗਣ ਦੀ ਲੋੜ ਨਹੀਂ, ਜੋ ਫਰਿੱਜ ਵਿਚ ਪਿਆ ਸਭ ਹਾਜ਼ਰ ਹੈ ਮੈਂ ਜਰਾ ਹੱਥ ਧੋ ਕੇ ਆਉਨੈਂ, ਜਸਦੇਵ ਨੇ ਨਿਮ੍ਰਤਾ ਨਾਲ ਬੇਨਤੀ ਕੀਤੀ।

ਨਹੀਂ ਭਾਈ ਗੁਰਮੁਖਾ ! ਕਿਸੇ ਚੀਜ਼ ਦੀ ਲੋੜ ਨਹੀਂ, ਸਭ ਕੁਝ ਛਕੀ ਫਿਰਦੇ ਹਾਂ, ਇਨ੍ਹਾਂ ਦੇ ਘਰੋਂ ਪ੍ਰਸ਼ਾਦ ਪਾਣੀ ਕਰਕੇ ਹੀ ਆਏ ਹਾਂ ਇਕ ਸਿੰਘ ਨੇ ਹਰਬੀਰ ਵੱਲ ਇਸ਼ਾਰਾ ਕੀਤਾ।

ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਹੋਈ ਹੈ, ਤੁਹਾਨੂੰ ਪਤਾ ਹੀ ਹੈ ਥਾਂ ਥਾਂ ਕੇਸਰੀ ਨਿਸ਼ਾਨ ਝੂਲ ਰਹੇ ਹਨ। ਸਾਡੇ ਟਾਊਨ ਤੇ ਵੀ ਉਸ ਕਲਗੀਆਂ ਵਾਲੇ ਸਤਿਗੁਰ ਸੱਚੇ ਪਾਤਿਸ਼ਾਹ ਦੀ ਬਖਸ਼ਸ਼ ਹੋਈ ਹੈ, ਸਾਨੂੰ ਉਦਮ ਦਿੱਤਾ ਸੋ ਅਸੀਂ ਵੀ ਇਕੱਠੇ ਹੋ ਕੇ ਗੁਰੂ ਘਰ ਬਣਾਉਣ ਦਾ ਬੀੜਾ ਚੁਕਿਆ ਹੈ, ਪਹਿਲੇ ਸਿੰਘ ਨੇ ਆਉਣ ਦਾ ਮਨੋ ਭਾਵ ਦੱਸਿਆ।

ਖਾਲਸਾ ਜੀ ! ਆਪਣੀ ਆਬਾਦੀ ਕਿੰਨੀ ਕੁ ਹੈ, ਟਾਊਨ ਤਾਂ ਤੁਹਾਡਾ ਛੋਟਾ ਹੀ ਹੈ, ਮਸਾਂ ਉਥੇ ਪੰਜ-ਸੱਤ ਫੈਮਲੀਆਂ ਹੋਣਗੀਆਂ, ਇੰਨੀਆਂ ਫੈਮਲੀਆਂ ਨੂੰ ਤਾਂ ਐਡਾ ਭਾਰ ਚੁੱਕਣਾ ਮੁਸ਼ਕਲ ਦਿਸਦਾ ਹੈ, ਕੋਈ ਹਾਲ ਵਗੈਰਾ ਰੈਂਟ ਤੇ ਲੈ ਕੇ ਪ੍ਰੋਗਰਾਮ ਕਰ ਲਿਆ ਕਰੋ। ਮਹਾਰਾਜ ਦੀ ਬੀੜ ਤਾਂ ਤੁਹਾਡੇ ਘਰੀਂ ਹੋਵੇਗੀ ਹੀ, ਨਹੀਂ ਤਾ ਕਿਸੇ ਘਰੇ ਹੀ ਹਰ ਸੰਡੇ ਸਤਿਸੰਗ ਕਰ ਲਿਆ ਕਰੋ, ਵਾਹਿਗੁਰੂ ਦਾ ਨਾਂ ਹੀ ਲੈਣਾ ਹੈ, ਮੈਂ ਉਨ੍ਹਾਂ ਤੇ ਰਲਿਆ ਮਿਲਿਆ ਸੁਆਲ ਕੀਤਾ।

ਕੋਈ ਹੋਣਗੀਆਂ ਵੀਹ-ਪੱਚੀ ਫੈਮਲੀਆਂ ਆਪਣੀਆਂ, ਬੜਾ ਔਖਾ ਜੀ, ਗੁਰਦੁਆਰਾ ਸਾਹਿਬ ਬਿਨਾ, ਸਰਦਾ ਨਹੀਂ ਸੀ ਕੀ ਕਰਦੇ, ਅਸੀਂ ਆਪ ਦੇ ਟਾਊਨ ਵਿਚ ਪੰਜ ਸੌ ਡਾਲਰ ਹਰ ਕੰਮ ਕਰਨ ਵਾਲੇ ਨੂੰ ਲਾਇਆ, ਗੁਰੂ ਦੀ ਕ੍ਰਿਪਾ ਹੋਈ ਤਾਂ ਆਉਂਦੀ ਵਿਸਾਖੀ ਤੇ ਨਿਸ਼ਾਨ ਸਾਹਿਬ ਝੁਲਾ ਦੇਣਾ ਹੈ। ਉਨ੍ਹਾਂ ਵਿਚੋਂ ਇਕ ਸਿੰਘ ਨੇ ਮੇਰੀ ਤਸੱਲੀ ਕਰਾ ਦਿੱਤੀ। ਦਿਲ ਵਿਚ ਸੋਚਿਆ ਕਿ ਐਵੇਂ ਨਹੀਂ ਜਾਂਦੇ ਅੱਜ ਤਾਂ ਕੁਝ ਲੈ ਕੇ ਹੀ ਜਾਣਗੇ।

ਯਾਰ ਚਿਰ ਨਾ ਲਾਓ ! ਅਸੀਂ ਹੋਰ ਘਰੀਂ ਵੀ ਜਾਣੈਂ, ਡਾਲਾ ਸਵਾ-ਸਵਾ ਸੌ ਕੱਢੋ ਹਰਬੀਰ ਨੇ ਦੋ-ਸੋਟਾ ਮਾਰਿਆ। ਆਹਾ ਕੱਟੋ ਜੀ ਰਸੀਦਾਂ ਹਰਬੀਰ ਨੇ ਨਾਲ ਆਏ ਉਨ੍ਹਾਂ ਦੇ ਖਜਾਨਚੀ ਨੂੰ ਵੀ ਇਸ਼ਾਰਾ ਕਰ ਦਿੱਤਾ।

ਨਾ-ਜੀ-ਨਾ, ਇਹ ਤਾਂ ਬਾਅਲੇ ਜਿਆਦਾ ਐ, ਮੈਂ ਤਾਂ ਬਹੁਤ ਸਟੱਕ ਹੋਇਆ ਪਿਆਂ, ਸੋਨੂੰ ਪਤਾ ਹੀ ਹੈ ਕਬੀਲਦਾਰੀਆਂ ਦੇ ਖਰਚ ਦਾ, ਮੇਰੇ ਤਾਂ ਵੱਧ ਤੋਂ ਵੱਧ ਪੰਜਾਹ ਡਾਲੇ ਲਿਖਿਓ ਜੀ; ਸ਼ਰਧਾ ਨਾਲ ਦਿੱਤਾ ਦਾਨ ਹੀ ਲੇਖੇ ਲਗਦਾ ਹੈ, ਮੈਨੂੰ ਪਤਾ ਸੀ ਕਿ ਪੰਜਾਹਾਂ ਤੋਂ ਬਿਨਾ ਤਾਂ ਬਿਲਕੁਲ ਹੀ ਨਹੀਂ ਸਰਨਾ ।

ਦੇਖੋ ਜੀ ਹੱਥ ਜੋੜੀ ਬੇਨਤੀ ਹੈ, ਮੈਂ ਬੜੀ ਮਜਬੂਰੀ ਵਿਚ ਫਸਿਆ ਹੋਇਆ ਹਾਂ, ਪਿਛਲੇ ਸਾਲ ਦਾ ਕੰਮ ਤੇ ਵੀ ਨਹੀਂ ਗਿਆ, ਅਗਾਂਹ ਪਤਾ ਨਹੀਂ ਕਦੋਂ ਜਾਣਾ ਹੈ, ਚਲੋ ਮੇਰੇ ਤੁਸੀਂ ਇਕਵੰਜਾ ਡਾਲਰ ਲਿਖ ਲਓ, ਜਸਦੇਵ ਇਹ ਕਹਿ ਕੇ ਉਨ੍ਹਾਂ ਦੇ ਮੂੰਹ ਵੱਲ ਦੇਖਣ ਲੱਗ ਪਿਆ ਕਿ ਉਹ ਦੀ ਬੇਨਤੀ ਮਨਜ਼ੂਰ ਕਰਦੇ ਹਨ ਜਾਂ ਨਹੀਂ।

"ਨਹੀਂ ! ਨਹੀਂ !! ਬਿਲਕੁਲ ਨਹੀਂ, ਦੋਨੋਂ ਐਵੇਂ ਮਾਰਦੇ ਐ, ਮੈਂ ਕਹਿੰਨਾ ਲਿਖੋ ਸਵਾ-ਸਵਾ-ਸੌ-ਹੀ ਅਤੇ ਕੱਟੋ ਰਸੀਦਾਂ। ਹਰਬੀਰ ਨੇ ਨਾ-ਮਾਨੂੰ ਵਾਲੀ ਅੜੀ ਹੀ ਫੜ ਲਈ।

ਚੰਗਾ — ਤੁਹਾਡੀ ਮਰਜ਼ੀ, ਪਰ ਹੈ ਕੁਸ਼ ਜਿਆਦਾ ਹੀ, ਜਸਦੇਵ ਨੇ ਖਾਲੀ ਚੈੱਕ ਫੜਾਉਂਦੇ ਹੋਏ ਕਿਹਾ।

ਲਿਆ ਬਈ ਤੂੰ ਵੀ ਕੱਢ ਕੰਮ ਨਿਬੜੇ ਵਿਚੋਂ ਹਰਬੀਰ ਨੇ ਮੈਨੂੰ ਵੀ ਤਾੜਨਾ ਕੀਤੀ।

ਜਸਦੇਵ ਵਾਲੀ ਚੈੱਕ ਤੇ ਹੀ ਇਕੱਠੇ ਭਰ ਲਓ, ਮੈਂ ਆਪੇ ਇਹਦੇ ਨਾਲ ਹਿਸਾਬ-ਕਿਤਾਬ ਕਰ ਲਊਂ, ਮੇਰੇ ਕੋਲ ਬਟੂਏ ਵਿਚ ਕੋਈ ਖਾਲੀ ਚੈੱਕ ਨਹੀਂ ਪਰ ਰਸੀਦਾਂ ਅੱਡੋ ਅੱਡ ਕੱਟ ਦਿਓ। ਉਨ੍ਹਾਂ ਨੇ ਢਾਈ ਸੌ ਡਾਲਰ ਦੀ ਚੈੱਕ ਭਰੀ ਅਤੇ ਫਤਹਿ ਬੁਲਾ ਕੇ ਬਾਹਰ ਹੋ ਗਏ।

ਕੱਢ ਓਏ ਪੈਸੇ ਵੱਡਾ ਸ਼ੈਤਾਨ ਨਾ ਹੋਵੇ ਤਾਂ ਆਪ ਦੇ ਵੀ ਮੇਰੇ ਤੇ ਹੀ ਪਾ ਦਿੱਤੇ, ਇੰਨਾ ਉਗਰਾਹੀਆਂ ਵਾਲਿਆਂ ਨੇ ਮਾਰ ਸੁੱਟੇ, ਲਗਦਾ ਸੀ ਜਿਵੇਂ ਜਸਦੇਵ ਹਰ ਰੋਜ ਦੀਆਂ ਉਗਰਾਹੀਆਂ ਤੋਂ ਅੱਕਿਆ ਪਿਆ ਸੀ।

ਦੇਊਗਾ ਜਦੋਂ ਹੋਏ ਮੈਂ ਟਾਊਨ ਤਾਂ ਨਹੀਂ ਛੱਡਣ ਲੱਗਿਆ। ਤੇਰੀ ਜੈਲਦਾਰੀ ਥੱਲੇ ਤਾਂ ਮੈਂ ਵੀ ਸਵਾ-ਸੌ ਥੱਲੇ ਰਗੜਿਆ ਗਿਆ ਜੇ ਘਰੇ ਆਉਂਦੇ ਤਾਂ ਮੈਂ ਅਗਾਂਹ ਪਿਛਾਂਹ ਹੋ ਜਾਣਾ ਸੀ। ਤੀਜੇ ਦਿਨ ਕੋਈ ਨਾ ਕੋਈ ਤੁਰਿਆ ਰਹਿੰਦਾ, ਕਈ ਐਵੇਂ ਹੀ ਦੇਸੋਂ ਮੂੰਹ ਚੁੱਕੀ ਆ ਜਾਂਦੇ ਹਨ, ਆਪ ਦੇ ਆਪ ਨੂੰ ਕਿਸੇ ਸੰਸਥਾ ਦਾ ਮੋਢੀ ਦੱਸ ਕੇ, ਕਿ ਅਸੀਂ ਫਲਾਣੀ ਬਿਲਡਿੰਗ ਬਣਾ ਰਹੇ ਹਾਂ ਜਦ ਦੇਸ਼ ਜਾ ਕੇ ਦੇਖੀਦਾ ਹੈ ਤਾਂ ਉਥੇ ਕੁਝ ਵੀ ਨਹੀਂ ਹੁੰਦਾ। ਰੱਬ ਹੀ ਇੰਨਾਂ ਤੋਂ ਬਚਾਏ।

ਚਲੋ ! ਕੋਈ ਵੱਸ ਐ, ਇਕ ਦੂਜੇ ਦੇ ਮੂੰਹ ਮੱਥੇ ਨੂੰ ਦੇਣੇ ਪੈਂਦੇ ਹਨ, ਅਸੀਂ ਦੋਹੇਂ ਕਾਫੀ ਚਿਰ ਇੰਨਾਂ ਸੋਚਾਂ ਵਿਚ ਡੁੱਬੇ ਰਹੇ।

(QUESNEL, B. C.)

ਕਹਾਣੀ

# ਮੁਕਤੀ

ਦੇਵ ਜਟਾਣਾ

ਇਕੱਠ ਹੌਲੀ ਹੌਲੀ ਵਧਦਾ ਗਿਆ, ਜਿਵੇਂ ਜਿਵੇਂ ਫੋਨ ਦੀ ਘੰਟੀ ਇਕ ਘਰੋਂ ਦੂਜੇ ਘਰ ਖੜਕਦੀ ਗਈ। ਭੈਣ ਭਾਈ ਹਜ਼ੂਰਾ ਸਿੰਘ ਦੇ ਘਰ ਵਲ ਵਹੀਰਾਂ ਘੱਤਦੇ ਗਏ।

ਸਿਆਣਿਆਂ ਦਾ ਕਹਿਣਾ ਹੈ ਕਿ ਖੁਸ਼ੀ ਦੇ ਮੌਕੇ ਤੇ ਬੇਸ਼ਕ ਨਾ ਜਾਉ ਪਰ ਦੁੱਖ ਤਕਲੀਫ਼ ਵੇਲੇ ਸਭ ਗੁੱਸੇ ਗਿਲੇ ਭੁਲਾ ਕੇ ਪਹੁੰਚਣਾ ਚਾਹੀਦਾ ਹੈ।

ਹਜ਼ੂਰਾ ਸਿੰਘ ਦੇ ਘਰੇ ਹੁੰਦੇ ਜਾਂਦੇ ਇਸ ਇਕੱਠ ਦਾ ਕਾਰਨ ਸੀ ਉਸ ਦੇ ਬਜ਼ੁਰਗ ਬਾਪ ਦਾ ਦਿਲ ਦੇ ਦੌਰੇ ਨਾਲ ਅਚਾਨਕ ਰੱਬ ਨੂੰ ਪਿਆਰਾ ਹੋ ਜਾਣਾ।

ਇਤਨੇ ਭਾਰੇ ਇਕੱਠ ਵਿਚ ਗਲ ਕਰਨ ਦਾ ਮੌਕਾ ਵੀ ਮਸਾਂ ਹੀ ਨਸੀਬ ਹੁੰਦਾ ਹੈ। ਪਰ ਜਿਸ ਨੂੰ ਵੀ ਮੌਕਾ ਲਗਦਾ ਉਹ ਝੱਟ ਪੱਟ ਬਜ਼ੁਰਗ ਦੀ ਵਡਿਆਈ ਦੇ ਪੁਲ ਬੰਨਣ ਲੱਗ ਜਾਂਦਾ। "ਬੜੇ ਨੇਕ ਸੁਭਾ ਵਾਲਾ ਬੰਦਾ ਸੀ, "ਕਿੰਨਾ ਦੁਖ ਸੁਖ ਦਾ ਸਾਂਝੀ ਸੀ" "ਗੁਰੂ ਘਰ ਦਾ ਬੜਾ ਪ੍ਰੇਮੀ ਸੀ" ਅਤੇ ਹੋਰ ਅਨੇਕਾਂ ਤਰਾਂ ਦੇ ਝੂਠ ਲੋਕ ਜਾਣਦਿਆਂ ਬੁਝਦਿਆ ਵੀ ਛੱਡੀ ਜਾਂਦੇ ਸਨ ਜਿਵੇਂ ਕਿ ਉਸ ਦੀ ਵਡਿਆਈ ਕਰਨ ਵਿਚ ਦੂਜਿਆਂ ਤੋਂ ਪਿਛੇ ਨਾ ਰਹਿਣਾ ਚਾਹੁੰਦੇ ਹੋਣ।

ਉਪਰਲੇ ਸਭ ਝੂਠਾਂ ਦੇ ਹੁੰਦਿਆਂ ਹੋਇਆਂ ਇਕ ਗੁਣ ਉਸ ਵਿਚ ਜ਼ਰੂਰ ਸੀ ਜਿਹੋ ਜਿਹੀ ਸੰਗਤ ਵਿਚ ਹੁੰਦਾ ਉਹੋ ਜਿਹਾ ਹੀ ਬਣ ਜਾਂਦਾ, ਚੋਬਰਾਂ ਵਿਚ ਚੋਬਰ 'ਤੇ ਬੁੜ੍ਹਿਆਂ ਵਿਚ ਬੁੜ੍ਹਾ।

ਜਿਥੇ ਵੀ ਪੰਜ ਸੱਤ ਬੰਦੇ ਨਸ਼ਾ ਪੱਤਾ ਕਰਨ ਲਈ ਇਕੱਠੇ ਹੁੰਦੇ ਉਹਨਾਂ ਵਿਚ ਇਸ ਬਜ਼ੁਰਗ ਦੀ ਹਾਜ਼ਰੀ ਜ਼ਰੂਰੀ ਚਾਹੁੰਦੇ......ਜੇ ਕਿਸੇ ਕਾਰਨ ਉਹ ਉਹਨਾਂ ਨਾਲ ਸ਼ਰੀਕ ਨਾ ਹੋ ਸਕਦਾ ਤਾਂ ਮੁੰਡੇ ਖੁੰਡੇ ਉਸ ਦੀਆਂ ਗੱਲਾਂ ਕਰ ਕੇ ਹੀ ਚਸਕਾ ਪੂਰਾ ਕਰ ਲੈਂਦੇ।

ਅਜ ਅਚਨਚੇਤ ਉਸ ਦੀ ਮੌਤ ਦਾ ਕਿਸੇ ਨੂੰ ਸੱਚ ਨਹੀਂ ਸੀ ਆ ਰਿਹਾ। ਬਾਰਾ ਸਿੰਘ ਕਹਿ ਰਿਹਾ ਸੀ, "ਮਖਾਂ ਅਜੇ ਪਰਸੋਂ ਮੈਨੂੰ ਮਿਲਿਐ, ਘੋੜੇ ਵਰਗਾ ਸੀ ਨਾ ਬਿਮਾਰ ਨਾ ਠਮਾਰ।"

"ਐਤਵਾਰ ਨੂੰ ਮੈਨੂੰ ਗੁਰਦੁਆਰੇ ਮਿਲਿਐ" ਰੂਪ ਦਾ ਬਾਪੂ ਬੋਲਿਆ, "ਮੈਨੂੰ ਛੇੜਦਾ ਸੀ ਅਖੇ ਸੰਤਾ ਸਿਆਂ ਚੱਲ ਦੇਸ ਨੂੰ ਮੁੜ ਚੱਲੀਏ, ਕੀ ਲੈਣਾਂ ਆਪਾਂ ਬੁੜ੍ਹਿਆਂ ਨੇ ਕਨੇਡਾ ਤੋਂ — ਨਾਲੇ ਜਿਹੜੇ ਕੰਮ ਆਏ ਸੀ, ਉਹ ਪੂਰਾ ਕਰ ਦਿੱਤਾ...... ਹੁਣ ਆਪਾਂ ਇਥੇ ਕੀ ਕਰਨਾਂ ਹੈ" ਉਸ ਦਾ ਇਸ਼ਾਰਾ ਆਪਣੇ ਦੋ ਛੋਟੇ ਪੁੱਤਰਾਂ ਵੱਲ ਸੀ, ਜਿੰਨਾਂ ਦੀ ਉਮਰ ਦੀ ਭੰਨ ਤੋੜ ਕਰਕੇ ਉਹ ਨਾਲ ਲੈ ਆਇਆ ਸੀ, ਉਂਝ ਭਾਵੇਂ ਵੱਡਾ ਮੁੰਡਾ ਵਿਆਹਿਆ ਵਰ੍ਹਿਆ ਤੇ ਦੋ ਜੁਆਕਾਂ ਦਾ ਬਾਪ ਸੀ ਪਰ ਬਜ਼ੁਰਗ ਮੇਹਰ ਸਿੰਘ ਸੱਤਾਂ ਪੱਤਣਾਂ ਦਾ ਤਾਰੂ ਸੀ। ਸਰਕਾਰੇ ਦਰਬਾਰੇ ਉਸ ਦੀ ਚੰਗੀ ਜਾਣ ਪਹਿਚਾਣ ਸੀ, ਹੁੰਦੀ ਵੀ ਕਿਉਂ ਨਾ ਪੁਲਸ ਵਾਲਿਆਂ ਲਈ ਝੂਠੀ ਅਗਵਾਹੀ ਦੇਣਾ ਉਹ ਆਪਣਾ ਧਰਮ ਸਮਝਦਾ ਸੀ ਮੁੱਕਦੀ ਗੱਲ ਕਿ ਮੇਹਰ ਸਿੰਘ ਨੇ ਕਿਸੇ ਦਾ ਗਲਾ ਗਰਮ ਕਿਸੇ ਦੀ ਜੇਬ ਗਰਮ ਕਰਕੇ ਮੁੰਡੇ ਦੋਵੇਂ ਕਨੇਡਾ ਆਉਂਦੇ ਕਰ ਲਏ ਸਨ।

ਦੂਜੇ ਪਾਸੇ ਔਰਤਾਂ ਦੇ ਗਰੁਪ ਵਿਚ ਬੀਬੀ ਜੈ ਕੁਰ ਨਹੀਂ ਸੀ ਕਿਸੇ ਹੋਰ ਨੂੰ ਮੂੰਹ ਖੋਹਲਣ ਦਾ ਮੌਕਾ ਦਿੰਦੀ . . .

ਉਹ ਮਿਹਰ ਸਿੰਘ ਦੀ ਇਕ ਗਲ ਧਰਦੀ ਤੇ ਦੂਜੀ ਚੱਕਦੀ......ਜਿਵੇਂ ਉਹਦੇ ਨਾਲ ਬਚਪਨ ਤੋਂ ਹੀ ਪੜ੍ਹਦੀ ਰਹੀ ਹੋਵੇ।

ਇਕ ਹੋਰ ਮਾਈ ਬੁੜ੍ਹੇ ਦੀ ਨੂੰਹ ਨੂੰ ਹੌਸਲਾ ਦੇਈ ਜਾਂਦੀ ਸੀ। ਮੇਹਰ ਸਿੰਘ ਦੀ ਨੂੰਹ ਅੱਡ ਪਿੱਟ ਪਿੱਟ ਕੇ ਆਪਣਾ ਬੁਰਾ ਹਾਲ ਕਰ ਰਹੀ ਸੀ। ਐਨਾ ਤਾਂ ਉਹ ਆਪਣੇ ਪਿਉ ਦੇ ਮਰਨ ਤੇ ਵੀ ਨਹੀਂ ਸੀ ਵਿਲਕੀ ਤੇ ਕੁਰਲਾਈ ਵਿਚਾਰੀ ਦੇ ਵੀਰਨੇ ਸੁਣੇ ਨਹੀਂ ਸਨ ਜਾਂਦੇ......

"ਹਾਏ ਬਾਪੂ ਜੀ ਸਾਨੂੰ ਕੀਹਦੇ ਆਸਰੇ ਛੱਡ ਗਿਐਂ ?"

"ਹਾਏ ਵੇ ਰੱਬਾ ਕਿਹੜੇ ਜਨਮ ਦਾ ਬਦਲਾ ਲਿਆ ਸਾਥੋਂ ?"

"ਬਾਪੂ ਜੀ ਤੇਰਾ ਸਾਨੂੰ ਰੱਬ ਵਰਗਾ ਆਸਰਾ ਸੀ।" ਹਾਏ ਰੱਬਾ......ਹਾਏ ਡਾਢਿਆ...ਹਾਏ ਵੈਰੀਆ ..ਹਾਏ... ਹਾਏ... ਬਾਪੂ ਜੀ ਤੂੰ ਤਾਂ ਮੈਨੂੰ ਧੀਆਂ ਨਾਲੋਂ ਵੱਧ ਸਮਝਦਾ ਸੀ।

ਮੇਹਰ ਸਿਹੁੰ ਦੀ ਨੂੰਹ ਦਾ ਆਖਰੀ ਕੀਰਨਾ ਮੇਰੇ ਸਰੀਰ ਵਿਚੋਂ ਕਰੰਟ ਵਾਂਗਂ ਲੰਘ ਗਿਆ।

ਅਜੇ ਦੋ ਮਹੀਨੇ ਵੀ ਨਹੀਂ ਹੋਏ ਜਦੋਂ ਹਜ਼ੂਰਾ ਸਿਹੁੰ ਦੇ ਘਰ ਤਕੜਾ ਕਾਟੋ ਕਲੇਸ ਹੋਇਆ ਸੀ । ਝਗੜੇ ਤਾਂ ਹਰ ਘਰ ਵਿਚ ਹੁੰਦੇ ਹਨ... ਪਰ ਇਸ ਝਗੜੇ ਦੀ ਘੁਸਰ ਮੁਸਰ ਤਾਂ ਜਣੇ ਖਣੇ ਦੀ ਜ਼ਬਾਨ ਤੇ ਸੀ ਖ਼ਾਸ ਕਰ ਤੀਵੀਆਂ ਨੂੰ ਤਾਂ ਘੱਟੋ ਘੱਟ ਦੋ ਹਫਤੇ ਇਕ ਦੂਜੀ ਨੂੰ ਫੋਨ ਕਰਕੇ ਸੂੰਧਕਾਂ ਲੈਣ ਤੇ ਦੇਣ ਦਾ ਮਸਾਲਾ ਹੱਥ ਆ ਗਿਆ ਸੀ ।

ਮੈਨੂੰ ਵਿਚਾਰੇ ਹਜ਼ੂਰਾ ਸਿਹੁੰ ਤੇ ਕਿੰਨਾਂ ਤਰਸ ਆਇਆ ਸੀ ਜਦੋਂ ਬੇਵੱਸੀ ਦੀ ਹਾਲਤ ਵਿਚ ਇਕ ਦਿਨ ਸ਼ਾਮ ਨੂੰ ਮੇਰੇ ਨਾਲ ਦਾਰੂ ਪੀਂਦਿਆਂ ਅੱਖਾਂ ਭਰ ਕੇ ਮੇਰੇ ਨਾਲ ਦਿਲ ਦਾ ਭਾਰ ਹੋਲਾ ਕਰਦਿਆਂ ਉਸ ਕਿਹਾ ਸੀ, "ਬਾਈ ਕਾਹਦੀ ਜੂਨ ਐ ਮੇਰੀ, ਨਾ ਮਰਿਆਂ 'ਚ ਆਂ ਨਾ ਜਿਉਂਦਿਆਂ 'ਚ ਟਾਊਨ 'ਚ ਕਿਸੇ ਨੂੰ ਮੂੰਹ ਵਿਖਾਉਣ ਜੋਗੇ ਨਹੀਂ ਰਹੇ, ਕੁਝ ਰੁਕ ਕੇ ਉਹ ਫਿਰ ਬੋਲਿਆ, "ਪਿਛਲੇ ਐਤਵਾਰ ਮੈਂ ਆਫਟਰ ਨੂਨ ਸ਼ਿਫਟ ਤੇ ਸੀ, ਬਾਈ ਬੁੜੇ ਸਾਡੇ ਨੂੰ ਤਾਰੀ ਹੁਰੀਂ ਤੜਕਿਉਂ ਹੀ ਘਰੋਂ ਲੈ ਗਏ । ਤੈਨੂੰ ਤਾਂ ਪਤੈ ਉਹਨਾ ਲੰਡੇ ਚਿੜਿਆਂ ਦਾ ਕੀ ਐ, ਇਹਨੂੰ ਹਰ ਵੀਕ ਐਂਡ ਤੇ ਉਂਗਲੀ ਲਾ ਕੇ ਲੈ ਜਾਂਦੇ ਐ । ਜਦੋਂ ਬੁੜਾ ਰਾਤ ਨੂੰ ਘਰੇ ਆਇਆ ਪੂਰਾ ਟੈਅਟ ਸੀ । ਜੁਆਕ ਔਦੇ ਨੂੰ ਸੁੱਤੇ ਪਏ ਸੀ, ਗੱਲ ਕੀ ਰੋਟੀ ਫੜਾਉਣ ਲੱਗੀ ਤੇਰੀ ਭਾਬੀ ਨੂੰ ਬੁੜ੍ਹਾ ਪੈ ਨਿਕਲਿਆ । ਭਾਬੀ ਤੇਰੀ ਨੇ ਰੌਲਾ ਪਾ ਤਾ ਭੱਜ ਕੇ ਬੈਡਰੂਮ 'ਚ ਵੜ ਕੇ ਲਾਕ ਲਾ ਲਿਆ ਅੰਦਰੋਂ । ਰੌਲਾ ਸੁਣ ਕੇ ਸਾਡੇ ਹੇਠਲੇ ਕਿਰਾਏਦਾਰ ਸਾਧੂ ਹੁਰੀਂ ਵੀ ਉਤੇ ਆ ਗਏ । ਬੁੜ੍ਹਾ ਉਹਨਾਂ ਨੂੰ ਗਾਅਲੀਂ ਟੱਕਰ ਪਿਆ । ਉਹ ਵਿਚਾਰੇ ਬੇਸ਼ਰਮ ਹੁੰਦੇ ਹੇਠਾਂ ਵਾਪਸ ਮੁੜ ਗਏ ।

"ਤੜਕੇ ਉਠ ਕੇ ਮੈਂ ਬੁੜ੍ਹੇ ਨੂੰ ਪੁੱਛਿਆ ਤਾਂ ਮੈਨੂੰ ਕਹਿੰਦਾ, "ਤੀਂਵੀ ਤੇਰੀ ਲੁੱਚੀ ਐ, ਜਦੋਂ ਤੂੰ ਕੰਮ ਤੇ ਉਠ ਜਾਨੈ ਇਹਦੇ ਕੋਲੇ ਸਾਧੂ ਹੁਰੀਂ ਆਉਂਦੇ ਐ । ਮੈਂ ਇਹਦੀ ਕਰਤੂਤ ਫੜ ਲਈ ਤਾਂ ਹੀ ਮੇਰੇ ਤੇ ਝੂਠੀਆਂ, ਤੋਹਮਤਾਂ ਲਾਉਂਦੀ ਹੈ ।" ਉਧਰ ਭਾਬੀ ਤੇਰੀ ਅੱਡ ਮੈਨੂੰ ਵੱਢ ਵੱਢ ਖਾਂਦੀ ਹੈ, "ਜਾਂ ਇਸ ਘਰ 'ਚ ਮੈਂ ਰਹੂੰ ਜਾਂ ਇਹ ਚੋਰਾ, ਮੈਂ ਉਧਲ ਕੇ ਨੀ ਆਈ ਜੋ ਜਣੇ ਖਣੇ ਦੀ ਰੰਨ ਬਣੀਂ ਫਿਰਾਂ ।" ਹੁਣ ਤੂੰ ਹੀ ਦੱਸ ਬਾਈ ਮੈਂ ਕਿਹੜੇ ਖੂਹ 'ਚ ਛਾਲ ਮਾਰਾਂ । ਹਜ਼ੂਰਾ ਸਿਹੁੰ ਸ਼ਰਮ ਨਾਲ ਪਾਣੀਓਂ ਪਾਣੀ ਹੋਇਆ ਪਿਆ ਸੀ । ਰੋਜ਼ ਰੋਜ਼ ਦੀ ਨਮੋਸ਼ੀ ਨਾਲੋਂ ਤਾਂ ਬੰਦਾ ਮਰਿਆ ਚੰਗਾ, ਇਕ ਪਾਸੇ ਤੀਂਵੀ ਐ ਦੂਜੇ ਪਾਸੇ ਪਿਓ...... ਸੱਪ ਦੇ ਮੂੰਹ ਕੋਹੜ ਕਿਰਲੀ ਵਾਲਾ ਹਾਲ ਮੇਰਾ ਐ ਬਾਈ । "ਬੁੜ੍ਹੇ ਕੰਜਰ ਨੂੰ ਕੋਈ ਪੁੱਛੇ ਕਿ ਨੂੰਹ ਤੇ ਧੀ ਵਿਚ ਵੀ ਕੋਈ ਫ਼ਰਕ ਹੁੰਦੈ ?"

ਹਜ਼ੂਰਾ ਸਿਹੁੰ ਦੇ ਕਹੇ ਬੋਲ "ਬੁੜੇ ਕੰਜਰ ਨੂੰ ਕੋਈ ਪੁੱਛੇ ਕਿ ਨੂੰਹ ਤੇ ਧੀ ਵਿਚ ਵੀ ਕੋਈ ਫ਼ਰਕ ਹੁੰਦੈ ?" ਤੇ ਹਜ਼ੂਰਾ ਸਿਹੁੰ ਦੀ ਵਹੁਟੀ ਦਾ ਆਖਰੀ ਕੀਰਨਾ 'ਬਾਪੂ ਜੀ ਤੂੰ ਤਾਂ ਮੈਨੂੰ ਧੀਆਂ ਨਾਲੋਂ ਵੱਧ ਸਮਝਦਾ ਸੀ", ਮੇਰੇ ਦਿਮਾਗ ਵਿਚ ਹਥੌੜਿਆਂ ਵਾਂਗ ਵੱਜ ਰਹੇ ਸਨ ।

ਜੇ ਹਜ਼ੂਰਾ ਸਿਹੁੰ ਦੀ ਗੱਲ ਸੱਚੀ ਸੀ ਤਾਂ ਉਸ ਦੀ ਪਤਨੀ ਦੀ ਕੀਰਨਾ ਨਿਰਾ ਝੂਠ 'ਤੇ ਜੇ ਉਸ ਦਾ ਕੀਰਨਾ ਸੱਚਾ ਸੀ ਤਾਂ ਹਜ਼ੂਰਾ ਸਿਹੁੰ ਦੀ ਕਹਾਣੀ ਅਸਲੋਂ ਗੱਪ । ਰੱਬ ਹੀ ਜਾਣੇ ਝੂਠ ਕੀ ਸੀ ਤੇ ਸੱਚ ਕੀ । ਪਰ ਹਜ਼ੂਰਾ ਸਿੰਘ ਦੇ ਚਿਹਰੇ ਤੋਂ ਇੰਝ ਲਗਦਾ ਸੀ ਜਿਵੇਂ ਉਸ ਨੇ ਕੋਹੜੀ ਜਾਂ ਕਲੰਕੀ ਬਣਨ ਦੇ ਡਰ ਤੋਂ ਮੁਕਤੀ ਪ੍ਰਾਪਤ ਕਰ ਲਈ ਹੋਵੇ ।

(PRINCE RUPERT, B. C)


# MOONLIGHT STEAM CLEANERS

**EDMONTON, ALBERTA**

**PHONE (24 HRS.) - PIARA PARMAR (463-9702)**

FOR ALL YOUR CLEANING NEEDS

- CARPETS
- UPHOLSTERY
- AUTO INTERIOR (CARS, VANS, CAMPERS)
- SCOTCH—GUARDING (ON REQUEST)
- FLOOD CLEANUPS
- FIRE RESTORATION
- DEODORIZING
- 100% SATISFACTION GUARANTEED (in writing)
- INSURED & BONDED FOR YOUR PROTECTION
- OWNER OPERATED
- FREE ESTIMATES

**CALL TODAY TO EXTEND THE LIFE OF YOUR CARPET & FURNITURE**

# GRAND OPENING

**Welcome to**

## The Upper Crust Dining Lounge

10743 - 107 Ave. Edmonton, Alta

*We at the Upper Crust Dining Lounge will be pleased in providing the best service and finest cuisine available to our customers*

PLEASE TRY OUR ORIENTAL DISHES

FOR RESERVATIONS CALL: 423 - 0110 or 423 - 0118

Business Hours:

Mon thru Sat. 11:00 A.M. to 2:00 A.M.
Sundays 1:00 P.M. to 12:00 Mid.

### Specialties Of The House

| Item | Price |
|---|---|
| SAMOSA ( Stuffed with flour large dumplings deep fried, secret recipies, spices ) | |
| Vegetarian ( Potatoes, Green Peas etc. ) 2 Pcs | 1.50 |
| Non - Vegetarian ( Ground Beef, Peas ) | 2.00 |
| PAKORA PLATE<br>Vegetable cooked with grain flour in special spices | 1.50 |
| FRUIT CHATT<br>All kinds of fruit dipped in Sweet & Sour Chatney | 1.50 |
| SEEKH KABOB<br>Ground Beef with special Masala 4 Pcs | 3.00 |

### Main Dishes

| Item | Price |
|---|---|
| SHAHI HALEEM<br>All kinds of Dals Chicken prepared in special blend of spices, herbs. Served with Rogni Nan. | 6.95 |
| CHICKEN CHOPS TANDORI<br>Gently cooked with special Tandori Sauce Served with Salad and Chatney | 5.95 |
| CHICKEN GUL BEHAR<br>Our Chef's special recipe. Served with Salad and Nan or Roti. | 6.95 |
| BEEF KORMA<br>Maharajah's specialty for his guests, with all kinds of herbs, spices and special Curry Sauce. Served with Nan or Roti. | 6.95 |
| MUTTON CHOPS<br>Lamb Chops covered with mashed potatoes and special spices. Served with Salad and Mint Chatney. | 5.95 |
| NARGASI KOFTAY<br>Ground Beef prepared with special Masala and boiled eggs. Served with Nan or Roti | 5.95 |
| VEGETABLES OF THE DAY<br>Best combination of vegetables. Please ask your server Served with Nan or Roti | 4.90 |
| DAL OF THE DAY<br>Ask your server. Served with Nan or Roti | 3.99 |
| VEGETABLE PULAOW<br>Cooked with Green Peas, carrots, potatoes & spices. Served with Raita. | 5.95 |
| CHICKEN BIRYANI<br>Cooked pieces of Chicken Basmati Rice and special spices. Served with Raita. | 6.95 |

All above can be served in crepes

# Inflation-resistant Insurance

**BUS: 682-7531**

**RES: 254-5837**

**MAKE THAT CALL NOW**



Sudesh Kalia

## "I've got a plan to help you build a better tomorrow."

REDUCE YOUR INCOME TAX AND BUILT A GUARANTEED PENSION

## NORTH AMERICAN LIFE

1010-1090 West Georgia St., Vancouver.

# ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੋਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।

Largest of it's kind in North America

ਦੂਸਰਿਆ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

British Columbia's Finest Indian Grocery Store

# 327-0295

5125 VICTORIA
DRIVE VANCOUVER

# ਜਾਂਗਲੀ ਹੇਕ

**ਕਰਤਾਰ ਸਿੰਘ ਸ਼ਮਸ਼ੇਰ ਦੀ ਯਾਦ ਵਿੱਚ**

ਨਵਤੇਜ ਭਾਰਤੀ

ਅੱਜ ਕਰਤਾਰ ਸਿੰਘ ਸ਼ਮਸ਼ੇਰ ਨੂੰ ਅੰਤਿਮ ਸ਼ਰਧਾਂਜਲੀ ਦੇਣ ਵੇਲੇ ਅਚਾਨਕ ਇਕ ਪੁਰਾਣੀ ਯਾਦ ਜਾਗ ਉੱਠੀ।

ਕੋਈ 22 ਕੁ ਵਰ੍ਹੇ ਪਹਿਲਾਂ ਦੀ ਗੱਲ ਹੈ। ਮੈਂ ਮਹਿੰਦਰਾ ਕਾਲਜ ਪਟਿਆਲਾ ਦਾ ਵਿਦਿਆਰਥੀ ਸੀ ਅਤੇ ਕਾਲਜ ਦੇ ਨੇੜੇ ਹੀ ਮੋਟੇ ਕੜੇ ਵਾਲੇ ਗਿਆਨੀ ਜੀ ਦੇ ਘਰ ਦੇ ਇਕ ਕਮਰੇ ਵਿਚ ਰਹਿੰਦਾ ਸੀ।

ਗਰਮੀਆਂ ਦੀ ਇਕ ਰਾਤ ਸੀ - ਚੰਨ ਚਾਨਣੀ ਵਿਚ ਭਿੱਜੀ ਹੋਈ। ਅਸੀਂ ਛੱਤ ਉੱਤੇ ਵਾਣ ਦੇ ਮੰਜਿਆਂ ਉੱਤੇ ਬੈਠੇ ਸਾਂ। ਇਕ ਮੰਜੇ ਉੱਤੇ ਕੁਲਵੰਤ ਗਰੇਵਾਲ, ਅਮਰਜੀਤ ਸਾਥੀ ਅਤੇ ਹਰਿੰਦਰ ਮਹਿਬੂਬ, ਦੂਜੇ ਮੰਜੇ ਉੱਤੇ ਪ੍ਰੇਮ ਪਾਲੀ ਅਤੇ ਮੈਂ ਅਤੇ ਵਿਚਾਲੜੇ ਮੰਜੇ 'ਤੇ, ਜਿਸ ਉੱਤੇ ਘੁੱਗੀਆਂ ਦੇ ਠੇਕੇ ਵਾਲਾ ਚੰਦਾ ਵਿਛਿਆ ਹੋਇਆ ਸੀ, ਕਰਤਾਰ ਸਿੰਘ ਸ਼ਮਸ਼ੇਰ ਬੈਠਾ ਸੀ।

ਤਾਰਿਆਂ ਹੇਠ ਜੁੜੀ ਹੋਈ ਇਹ ਇਕ ਨਿੱਕੀ ਜਿਹੀ ਮਹਿਫ਼ਲ ਸੀ, ਜਿਸ ਵਿਚ ਕਦੇ ਕਦੇ ਉੱਘਲਾਉਂਦੇ ਬਿਰਛਾਂ ਵਿਚੋਂ ਲੰਘ ਕੇ ਆਇਆ ਕੋਈ ਪੌਣ ਦਾ ਬੁੱਲਾ ਸ਼ਾਮਲ ਹੋ ਜਾਂਦਾ ਸੀ, ਕਦੇ ਕਿਸੇ ਪੰਛੀ ਦੀ ਆਵਾਜ਼ ਤੇ ਕਦੇ ਕਦੇ ਗੁਆਂਢੀ ਕੁਮ੍ਹਿਆਰਾਂ ਦੇ ਘਰ ਵਿਚ ਜਗਦੇ ਦੀਵੇ ਦੀ ਲੋਅ ਜਾਂ ਨਿੱਕੇ ਬੱਚੇ ਦੇ ਰੋਣ ਦੀ ਆਵਾਜ਼। ਇਹ ਬੱਚਾ ਮਾਂ-ਬਾਪ ਦੀ ਪਿਛਲੀ ਉਮਰੇ ਹੋਇਆ ਸੀ ਤੇ ਅਧਖੜ ਮਾਂ ਦੀ ਜੁਆਨ ਸੁਰਤ ਬੱਚੇ ਵਿਚ ਉਸੇ ਤਰ੍ਹਾਂ ਖੁੱਭੀ ਰਹਿੰਦੀ ਸੀ ਜਿਵੇਂ ਚੱਕ ਉੱਤੇ ਬੈਠੇ ਬਾਪ ਦੀ ਸੁਰਤ ਮਿੱਟੀ ਵਿਚੋਂ ਬਣਦੇ ਭਾਂਡਿਆਂ ਵਿਚ।

ਕੁਲਵੰਤ ਗਰੇਵਾਲ ਨੇ ਖ਼ੁਮਾਰ ਵਿਚ ਆ ਕੇ ਸੁਰ ਲਾਈ:

ਸਉਣ ਸਲੋਨੀ ਅੰਗ ਨਿਖਾਰੇ
ਬਹਿ ਕੇ ਸਰਵਰ ਬਨੇਰੇ।
ਸਰਵਰ ਬਨੇਰਿਉਂ ਉੱਡੀਆਂ ਕੂੰਜਾਂ
ਪਾ ਵਤਨਾਂ ਵੱਲ ਫੇਰੇ।

ਤੇ ਮੇਰੇ ਨਾਲ ਬੈਠਾ, ਉਦਾਸ ਅੱਖਾਂ ਵਾਲਾ ਪ੍ਰੇਮ ਪਾਲੀ, ਜਿਸਦੀ ਸਮੁੱਚੀ ਕਾਇਆ ਕਿਸੇ ਸਮਾਧੀ ਦੀ ਚੁੱਪ ਵਿਚ ਬੱਝੀ ਲੱਗਦੀ ਸੀ, ਧੀਮੀ ਸੁਰ ਵਿਚ ਬੋਲਿਆ:

ਗੀਤਾਂ ਦੀ ਰੁੱਤ ਗੀਤ ਉਗਮਦੇ
ਰੋਣ ਦੀ ਰੁੱਤਾਂ ਘੜੀਆਂ।

ਕੁਲਵੰਤ ਤੇ ਪ੍ਰੇਮ ਦੇ ਬੋਲਾਂ ਵਿਚ ਅਨੇਕ ਪਰਕਾਰ ਦੇ ਮਨੋਭਾਵਾਂ ਦਾ ਮਿਸ਼ਰਣ ਸੀ - ਰੋਮਾਂਸ, ਉਦਾਸੀ, ਸਹਜ, ਸੱਚ ਅਤੇ ਜੀਵਨ ਦਾ ਮੋਹ। ਇਹ ਕੁਝ ਉਸੇ ਤਰ੍ਹਾਂ ਸੀ, ਜਿਵੇਂ ਉਸ ਰਾਤ ਚੰਦ ਚਾਨਣੀ ਵਿਚ ਰੁੱਖਾਂ ਦੀਆਂ ਡੱਬ-ਖੜੱਬੀਆਂ ਛਾਵਾਂ, ਹਵਾ ਦੇ ਬੁੱਲੇ, ਗੁਆਂਢੀ ਘਰ ਵਿਚੋਂ ਆਉਂਦੇ ਦੀਵੇ ਦੀ ਲੋਅ ਅਤੇ ਨਿੱਕੇ ਜੁਆਕ ਦੇ ਰੋਣ ਦੀ ਆਵਾਜ਼ ਘੁਲੀ ਹੋਈ ਸੀ।

ਤੇ ਇਸ ਸੁਪਨ-ਸੰਚ ਦੇ ਮਾਹੌਲ ਵਿਚ ਇਕ ਵਾਰ ਫੇਰ ਕੱਚ ਦੀ ਗਲਾਸੀ ਟਣਕੀ। ਅਮਰਜੀਤ ਸਾਥੀ ਨੇ ਸ਼ਮਸ਼ੇਰ ਨੂੰ ਇਸ ਅੰਦਾਜ਼ ਵਿਚ ਗਲਾਸੀ ਪੇਸ਼ ਕੀਤੀ ਕਿ ਉਹ ਇਕ ਦਮ ਉਸ ਦੀ ਟੁਣਕਾਰ ਦੀ ਬੋਲੀ ਸਮਝ ਗਿਆ ਤੇ ਉਸਨੇ ਬਾਰ ਦੇ ਇਕ ਜਾਂਗਲੀ ਢੋਲੇ ਦੀ ਸੁਰ ਉੱਚੀ ਕੀਤੀ - ਇਸ ਗੀਤ ਵਿਚ ਬਾਰ ਦੇ ਕਿਸੇ ਖ਼ਾਸ ਇਲਾਕੇ ਦਾ ਜ਼ਿਕਰ ਸੀ - ਸੰਮਾਂ ਵਾਲੀ ਡਾਂਗ ਵਾਹੁਣ ਵਾਲਿਆਂ ਦਾ, ਪਹਿਲਵਾਨਾਂ ਦਾ, ਲੜਾਕਿਆਂ ਦੀ ਉਸਤਤ ਕੀਤੀ ਹੋਈ ਸੀ। ਸ਼ਮਸ਼ੇਰ ਦੀ ਹੇਕ ਉੱਚੀ ਹੁੰਦੀ ਗਈ - ਇਉਂ ਲੱਗਦਾ ਸੀ ਜਿਵੇਂ ਉਹ ਨਾਂ ਲੈ ਲੈ ਕੇ ਆਪਣੇ ਜਾਂਗਲੀ ਬੇਲੀਆਂ ਨੂੰ ਹਾਕਾਂ ਮਾਰ ਰਿਹਾ ਸੀ - ਅਸਲ ਵਿਚ ਉਸ ਵੇਲੇ ਉਹ ਤਾਰਿਆਂ ਹੇਠ ਜੁੜੀ ਮਹਿਫ਼ਲ ਵਿਚੋਂ ਖਿਸਕ ਕੇ ਉਸ ਦੇਸ਼ ਵਿਚ ਪਹੁੰਚ ਗਿਆ ਸੀ - ਜਿਸਦਾ ਉਹ ਗੀਤ ਗਾ ਰਿਹਾ ਸੀ।

ਉਸ ਦੀ ਹੇਕ ਸੁਣ ਕੇ ਹੇਠਾਂ ਵਿਹੜੇ ਵਿਚ ਸੁੱਤਾ ਪਿਆ ਮੋਟੇ ਕੜੇ ਵਾਲਾ ਗਿਆਨੀ ਉੱਠ ਬੈਠਾ - ਤੇ ਵਜਦ ਵਿਚ ਆ ਕੇ ਹਰਿੰਦਰ ਮਹਿਬੂਬ ਮੰਜਿਆਂ ਦੁਆਲੇ ਗੇੜੇ ਕੱਢਣ ਲੱਗ ਪਿਆ। ਉਸ ਦਾ ਜੁੱਸਾ ਜਿਵੇਂ ਕਿਸੇ ਭੰਖੜ ਵਿਚ ਦੀ ਲੰਘ ਰਿਹਾ ਸੀ। ਅਮਰਜੀਤ ਨੇ ਉਸ ਨੂੰ ਬਾਹੋਂ ਫੜ ਕੇ ਮੰਜੇ ਉੱਤੇ ਬਿਠਾ ਲਿਆ - ਉਹ ਡਰਦਾ ਸੀ ਕਿ ਕਿਤੇ ਹਰਿੰਦਰ ਕੁਲਵੰਤ ਦੇ ਉਸ ਸਰਵਰ ਬਨੇਰੇ ਤੋਂ ਉੱਖੜ ਕੇ ਥੱਲੇ ਨਾ ਡਿੱਗ ਪਵੇ ਜਿਸ ਉੱਤੇ ਉਸਦੀ ਸਉਣ ਸਲੋਨੀ ਬੈਠੀ ਅੰਗ ਨਿਖਾਰ ਰਹੀ ਸੀ।

ਉਸ ਦਿਨ ਮੈਨੂੰ ਮਹਿਸੂਸ ਹੋਇਆ ਕਿ ਕਵਿਤਾ ਦੀ ਸ਼ਕਤੀ ਵੀ ਉਸੇ ਮਿੱਟੀ ਵਿਚੋਂ ਪ੍ਰਗਟ ਹੁੰਦੀ ਹੈ ਜਿਸ ਵਿਚੋਂ ਇਕ ਕੁਮ੍ਹਾਰ ਭਾਂਡੇ ਬਣਾਉਂਦਾ ਹੈ - ਜਿਸ ਵਿਚੋਂ ਦਾਣੇ ਤੇ ਫੁੱਲ ਉੱਗਦੇ ਹਨ। ਪਰ ਇਸ ਸ਼ਕਤੀ ਨੂੰ ਪ੍ਰਗਟ ਕਰਨਾ ਜਣੇ-ਖਣੇ ਦਾ ਕੰਮ ਨਹੀਂ - ਅਤੇ ਨਾ ਹੀ ਏਥੇ ਕੇਵਲ ਗਿਆਨ, ਤਰਕ ਜਾਂ ਬੁੱਧੀ ਕੰਮ ਆਉਂਦੀ ਹੈ। ਇਹ ਕਰਮ ਉਸ ਮਹਾਂਬਲੀ ਦਾ ਹੈ ਜਿਹੜਾ ਆਪਣੇ ਆਪ ਵਿਚੋਂ ਬਾਹਰ ਨਿਕਲ ਕੇ ਦੂਜੀਆਂ ਚੀਜ਼ਾਂ ਵਿਚ ਵੜ ਸਕਦਾ ਹੈ, ਹੈਰਾਨ ਹੋ ਸਕਦਾ ਹੈ - ਤੇ "ਘਾਹ ਨਾਲ ਮਿਲ ਮਿਲ ਕੇ" ਹੋ ਸਕਦਾ ਹੈ।

ਤੇ ਮੈਂ ਇਹ ਵੀ ਮਹਿਸੂਸ ਕੀਤਾ ਕਿ ਏਹੋ ਜਿਹੀ ਸ਼ਕਤੀਵਰ ਕਵਿਤਾ ਹੀ ਸੁੰਨ ਹੁੰਦੇ ਜਾਂਦੇ, ਬੁਝਦੇ ਜਾਂਦੇ ਅੱਜ ਦੇ ਮਨੁੱਖ ਨੂੰ ਝੰਜੋੜ ਸਕਦੀ ਹੈ।

ਸ਼ਮਸ਼ੇਰ ਦੀ ਜਾਂਗਲੀ ਹੇਕ ਇਕ ਹੋਕਾ ਸੀ - 'ਜਾਗਦੇ' ਰਹਿਣ ਦਾ, ਜਿਉਂਦੇ ਰਹਿਣ ਦਾ।

ਤੇ ਅੱਜ ਜਦੋਂ ਅਰਥੀ ਵਿਚ ਪਏ ਸ਼ਮਸ਼ੇਰ ਦੇ ਸ਼ਾਂਤ ਨੂੰ ਦੇਖ ਰਿਹਾ ਸੀ - ਤਾਂ ਇਕ ਦਮ ਇਕ ਭੁਚੰਕਾ ਜਿਹਾ ਪਿਆ - ਜਿਵੇਂ ਪਲ ਦੀ ਪਲ ਉਸ ਦੇ ਚਿਹਰੇ ਤੇ ਉਹੀ ਜਲਾਲ ਪਰਤ ਆਇਆ ਜਿਹੜਾ ਜਾਂਗਲੀ ਹੇਕ ਵਿਚੋਂ ਕਦੇ ਨਿਕਲਿਆ ਸੀ। ਇਉਂ ਮਹਿਸੂਸ ਹੋਇਆ ਜਿਵੇਂ ਉਹ ਜਾਂਗਲੀ ਹੇਕ ਸਥੂਲ ਰੂਪ ਵਿਚ ਸਾਹਮਣੇ ਖੜ੍ਹੀ ਸੀ ਜਿਸਨੂੰ ਮੈਂ ਹੱਥ ਲਾ ਸਕਦਾ ਸੀ - ਉਸ ਬੌਂਦਲਾਹਟ ਵਿਚ ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਅਰਥੀ ਵਿਚ ਪਏ ਸ਼ਮਸ਼ੇਰ ਨੂੰ ਅਲਵਿਦਾ ਕਹਾਂ ਕਿ ਜਾਂਗਲੀ ਹੇਕ ਦੇ ਰੂਪ ਵਿਚ ਖੜ੍ਹੇ ਸ਼ਮਸ਼ੇਰ ਨੂੰ "ਜੀ ਆਇਆਂ" ਆਖਾਂ। • (London, Ontario)

# ਪੰਜਾਬੀ ਲੇਖਕ, ਕ੍ਰੰਤੀ ਅਤੇ ਨਿੱਜਵਾਦ

ਸੁਖਿੰਦਰ

"ਸੜਦੇ ਹੋਏ ਵਣਾਂ ਨੂੰ, ਕੋਈ ਹੀ ਗੌਲਦਾ ਹੈ,
ਲੱਗਦੀ ਹੈ ਲਾਗ ਅੱਗ ਦੀ ਆਪਣੇ ਜਦੋਂ ਪਰਾਂ ਨੂੰ।"

ਡਾ: ਜਗਤਾਰ ਨੇ ਤਾਂ ਇਹ ਸ਼ੇਅਰ ਪਤਾ ਨਹੀਂ ਕਿਹੜੇ ਹਾਲਾਤ ਵੇਖ ਕੇ ਲਿਖਿਆ ਹੋਵੇਗਾ, ਪਰ ਮੌਜੂਦਾ ਹਾਲਤ ਵਿਚ ਪੰਜਾਬੀ ਲੇਖਕਾਂ ਉੱਤੇ ਇਹ ਬੜੀ ਚੰਗੀ ਤਰਾਂ ਢੁਕਦਾ ਹੈ। ਸਾਡੇ ਪੰਜਾਬੀ ਲੇਖਕ, ਜੋ ਕਿ ਵਿਸ਼ਵ ਕ੍ਰਾਂਤੀ ਦੇ ਨਾਹਰੇ ਲਾਉਂਦੇ ਥੱਕਦੇ ਨਹੀਂ ਸਨ (ਭਾਵੇਂ ਅਜੇ ਵੀ ਉਹ ਪ੍ਰਗਤੀਵਾਦੀ ਲੇਖਕ ਕਹਾਉਣ ਵਿਚ ਹੀ ਫ਼ਖ਼ਰ ਸਮਝਦੇ ਹਨ) ਉਨ੍ਹਾਂ ਨੇ ਹੁਣ ਸ਼ਾਇਦ ਹਿੰਦੁਸਤਾਨ ਦੀ ਕ੍ਰਾਂਤੀ ਦੀ ਗੱਲ ਤਾਂ ਕੀ ਕਰਨੀ ਹੈ ਉਹ ਆਪਣੇ ਘਰ ਦੀ ਕ੍ਰਾਂਤੀ ਤੋਂ ਅੱਗੇ ਨਹੀਂ ਤੁਰਦੇ। ਉਨ੍ਹਾਂ ਦਾ ਪ੍ਰਗਤੀਵਾਦ ਵਿਸ਼ਵ-ਵਿਦਿਆਲਿਆਂ ਦੀਆਂ ਕੁਰਸੀਆਂ, ਸੰਸਥਾਵਾਂ ਦੀਆਂ ਪ੍ਰਧਾਨਗੀਆਂ, ਸਰਕਾਰੀ ਅਫ਼ਸਰਾਂ ਨਾਲ ਨੇੜਤਾ, ਇਨਾਮਾਂ ਲਈ ਦੌੜ, ਪ੍ਰਕਾਸ਼ਨ-ਘਰਾਂ ਅਤੇ ਦਫ਼ਤਰਾਂ ਦੀਆਂ ਫਾਈਲਾਂ ਵਿਚ ਗਵਾਚ ਕੇ ਰਹਿ ਗਿਆ ਹੈ।

ਇਸ ਸਭ ਕੁਝ ਦੇ ਦਰਮਿਆਨ ਸਾਡੇ ਹੀ ਲੇਖਕਾਂ ਦੇ ਇਕ ਹਿੱਸੇ ਵੱਲੋਂ ਇਸ ਗੱਲ ਦਾ ਵੀ ਸ਼ੋਰ ਪਾਇਆ ਜਾ ਰਿਹਾ ਹੈ ਕਿ 'ਹੁਣ ਕਵਿਤਾ ਦਾ ਦੌਰ ਖਤਮ ਹੋ ਗਿਆ ਹੈ। ਪਾਠਕ ਪੁਸਤਕਾਂ ਖ੍ਰੀਦਦੇ ਨਹੀਂ ਹਨ।' ਅਜਿਹਾ ਕਹਿਣ ਵਾਲਿਆਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੇਕਰ 'ਹੁਣ ਕਵਿਤਾ ਦਾ ਦੌਰ ਖਤਮ ਹੋ ਗਿਆ ਹੈ' ਤਾਂ ਦਰਅਸਲ ਹੁਣ ਨਾਵਲ, ਕਹਾਣੀ, ਨਾਟਕ, ਤਬਸਰਾ, ਜੀਵਨੀ, ਸਵੈ-ਜੀਵਨੀ ਹਰ ਚੀਜ਼ ਦਾ ਹੀ ਦੌਰ ਖਤਮ ਹੋ ਗਿਆ ਹੈ। ਕਿਉਂਕਿ ਪਾਠਕਾਂ ਨੂੰ (ਸਾਡੇ) ਲੇਖਕਾਂ ਉੱਤੇ ਭਰੋਸਾ ਉੱਠ ਗਿਆ ਹੈ। ਜੇਕਰ ਸਾਡੀਆਂ ਲਿਖੀਆਂ ਪੁਸਤਕਾਂ ਵਿਕਦੀਆਂ ਨਹੀਂ ਹਨ ਤਾਂ ਸਪਸ਼ਟ ਹੈ ਕਿ ਜੋ ਕੁਝ ਅਸੀਂ ਲਿਖ ਰਹੇ ਹਾਂ ਇਹ ਸਭ ਝੂਠ ਹੈ। ਜੋ ਕੁਝ ਪਾਠਕਾਂ ਦੇ ਸਾਹਮਣੇ ਰੋਜ਼ਾਨਾ ਜ਼ਿੰਦਗੀ ਵਿਚ ਵਾਪਰਦਾ ਹੈ ਉਹ ਤਾਂ ਸਾਹਿਤ ਦੇ ਕਿਸੇ ਵੀ ਰੂਪ ਵਿਚ ਪ੍ਰਗਟ ਨਹੀਂ ਕੀਤਾ ਜਾ ਰਿਹਾ। ਲੇਖਕਾਂ ਨੇ ਜਦੋਂ ਖ਼ੁਦ ਮਖੌਟੇ ਪਹਿਨ ਰੱਖੇ ਹਨ ਤਾਂ ਉਨ੍ਹਾਂ ਦੀਆਂ ਲਿਖਤਾਂ ਸਚਾਈ ਕਿਵੇਂ ਪ੍ਰਗਟ ਕਰ ਸਕਦੀਆਂ ਹਨ। ਸਾਡੀਆਂ ਲਿਖਤਾਂ ਖੋਖਲੀਆਂ ਹਨ।

ਅੱਜ ਹਿੰਦੁਸਤਾਨ ਵਿਚ ਜਿੱਥੇ ਆਰਥਿਕ ਇਨਕਲਾਬ ਅਤੇ ਰਾਜਸੀ ਚੇਤਨਤਾ ਦੀ ਲੋੜ ਹੈ, ਉੱਥੇ ਜਾਤਪਾਤ, ਕੁਨਬਾ-ਪਰਵਰੀ, ਆਪਸੀ ਲੁੱਟ-ਖਸੁੱਟ, ਫਿਰਕੂਵਾਦ ਅਤੇ ਨਿੱਜਵਾਦ ਤੋਂ ਵੀ ਉਪਰ ਉੱਠਣ ਦੀ ਲੋੜ ਹੈ। ਪਰ ਕੀ ਸਾਡੇ ਪੰਜਾਬੀ ਲੇਖਕ ਇਨ੍ਹਾਂ ਸਾਰੀਆਂ ਲੋੜਾਂ ਨੂੰ ਇਕ ਸੰਯੁਕਤ ਇਕਾਈ ਵਿਚ ਵੇਖਦੇ ਹਨ? ਸ਼ਾਇਦ ਇਨ੍ਹਾਂ ਸਾਰੀਆਂ ਗੱਲਾਂ ਦਾ ਉੱਤਰ ਨਾਂਹ ਵਿਚ ਹੀ ਮਿਲੇਗਾ। ਸਾਡੇ ਆਪਣੇ ਲੇਖਕ (ਜਿਸ ਵਿਚ ਅਸੀਂ ਸਭ ਸ਼ਾਮਿਲ ਹਾਂ) ਇਸ ਅਣਮਨੁੱਖੀ ਵਰਤਾਰੇ ਵਿਚ ਭਾਈਵਾਲ ਬਣ ਚੁੱਕੇ ਹਨ। ਦਫਤਰਾਂ, ਸਕੂਲਾਂ, ਯੂਨੀਵਰਸਿਟੀਆਂ, ਪ੍ਰਕਾਸ਼ਨ ਘਰਾਂ ਵਿਚ ਜੋ ਕੁਰੱਪਸ਼ਨ ਦਾ ਬੋਲਬਾਲਾ ਹੈ ਅਤੇ ਜਿਸ ਬਾਰੇ ਅਸੀਂ ਲਿਖਦੇ ਨਹੀਂ ਥੱਕਦੇ, ਕੀ ਉਹ ਖ਼ਿਲਾਅ ਵਿਚੋਂ ਜਨਮਦੀ ਹੈ? ਜੇ ਨਹੀਂ ਤਾਂ ਸਾਨੂੰ ਇਸ ਬਾਰੇ ਕਾਗਜ਼ ਕਾਲੇ ਕਰਨ ਦਾ ਕੀ ਹੱਕ ਹੈ?

ਪੰਜਾਬ ਅਤੇ ਆਸਾਮ ਵਿਚ ਅਣਮਨੁੱਖੀ ਵਰਤਾਰੇ ਵਾਪਰ ਰਹੇ ਹਨ। ਫਿਰਕੂਵਾਦ ਦੀ ਅੱਗ ਘਰ ਘਰ ਫੈਲ ਰਹੀ ਹੈ। ਪੰਜਾਬੀ ਲੇਖਕਾਂ ਦੀਆਂ ਕਲਮਾਂ ਨੂੰ ਕੀ ਸੱਪ ਸੁੰਘ ਗਏ ਹਨ? ਕਿੱਥੇ ਹਨ ਉਹ ਪ੍ਰਗਤੀਵਾਦ ਦੇ ਪੈਗੰਬਰ? ਕੀ ਸਾਡੀ ਚੁੱਪ ਦਾ ਇਹੀ ਮਤਲਬ ਤਾਂ ਨਹੀਂ ਕਿ ਅਸੀਂ ਜਾਣੇ ਜਾਂ ਅਣਜਾਣੇ ਇਸ ਅਣਮਨੁੱਖੀ ਅਤੇ ਫਿਰਕੂ ਵਰਤਾਰਿਆਂ ਵਿਚ ਸ਼ਾਮਿਲ ਹਾਂ ਅਤੇ ਇਸ ਬਾਰੇ ਕੁਝ ਬੋਲ ਕੇ ਆਪਣੇ ਮਖੌਟੇ ਲਹਿ ਜਾਣ ਤੋਂ ਡਰਦੇ ਹਾਂ? ਸ਼ਾਇਦ ਇਹੀ ਕਾਰਨ ਹੈ ਕਿ ਸਾਡੀਆਂ ਲਿਖਤਾਂ ਪਿਛਲੇ ਤੀਹ ਚਾਲੀ ਸਾਲਾਂ ਵਿਚ ਵੀ ਪਾਠਕਾਂ ਵਿਚ ਏਨੀ ਕੁ ਚੇਤਨਤਾ ਨਹੀਂ ਜਗਾ ਸਕੀਆਂ। ਸਾਡੇ ਉੱਚ-ਕੋਟੀ ਦੇ ਵਧੇਰੇ ਲੇਖਕਾਂ ਦੀਆਂ ਰਚਨਾਵਾਂ ਖ਼ੂਬਸੂਰਤ ਰੋਮਾਂਟਿਕ ਮਹੱਲਾਂ ਦੀ ਉਸਾਰੀ ਹੈ ਜੋ ਕਿ ਬਾਲ-ਮਨ ਨੂੰ ਤਾਂ ਪਰਚਾ ਸਕਦੀਆਂ ਹਨ, ਪਰ ਧਰਤੀ 'ਤੇ ਤੁਰੇ ਫਿਰਦੇ ਮਨੁੱਖਾਂ ਨਾਲ ਆਪਣਾ ਰਿਸ਼ਤਾ ਜੋੜਨ ਵਿਚ ਅਸਮਰੱਥ ਜਾਪਦੀਆਂ ਹਨ।

ਇਹ ਗੱਲਾਂ ਮਹਿਜ਼ ਸ਼ੋਰ ਪਾਉਣ ਲਈ ਹੀ ਨਹੀਂ ਕਹੀਆਂ ਗਈਆਂ। ਇਨ੍ਹਾਂ ਗੱਲਾਂ ਵਿਚ ਕੌੜੀ ਸਚਾਈ ਵੀ ਹੈ। ਇਸੇ ਲਈ ਇਹ ਗੱਲਾਂ ਕੈਨੇਡਾ, ਇੰਗਲੈਂਡ ਅਤੇ ਹੋਰਨਾਂ ਦੇਸ਼ਾਂ ਵਿਚ ਰਹਿ ਰਹੇ ਪੰਜਾਬੀ ਲੇਖਕਾਂ ਉਤੇ ਵੀ ਪੂਰੀਆਂ ਢੁਕਦੀਆਂ ਹਨ ਬਲਕਿ ਬਦੇਸ਼ੀ ਪੰਜਾਬੀ ਲੇਖਕਾਂ ਉੱਤੇ ਤਾਂ ਸਗੋਂ ਕੁਝ ਵਧੇਰੇ ਹੀ। ਅਸੀਂ ਗੱਤੇ ਦੀਆਂ ਤਲਵਾਰਾਂ ਚਲਾਉਣ ਦੇ ਹੀ ਆਦੀ ਹਾਂ। ਸਾਡੀ ਆਪਣੀ ਜ਼ਿੰਦਗੀ ਅਤੇ ਲਿਖਤਾਂ ਔਰਤ ਅਤੇ ਸ਼ਰਾਬ ਤੋਂ ਅੱਗੇ ਨਹੀਂ ਤੁਰਦੀਆਂ। ਅਸਲ ਵਿਚ ਅਸੀਂ ਜਾਗੀਰੂ ਸੋਚ ਦੇ ਧਾਰਨੀ ਹਾਂ। ਏਸੇ ਕਰਕੇ ਸਮਾਂ ਆਉਣ ਉਤੇ ਮੈਦਾਨੇ-ਜੰਗ ਵਿਚ ਨਿੱਜੀ ਲਾਭਾਂ ਸਾਹਮਣੇ ਸਾਡੇ ਮਖੌਟਿਆਂ ਵਾਂਗ ਸਾਡੇ ਹੱਥਾਂ ਵਿਚਲੀਆਂ ਗੱਤੇ ਦੀਆਂ ਤਲਵਾਰਾਂ ਵੀ ਡਿੱਗ ਪੈਂਦੀਆਂ ਹਨ। ਅਤੇ ਸ਼ਾਇਦ ਏਸੇ ਲਈ ਹੀ ਤੁਹਾਨੂੰ ਮੇਰੇ ਇਸ ਲੇਖ ਵਿਚ ਚਲਾਈਆਂ ਗੱਤੇ ਦੀਆਂ ਤਲਵਾਰਾਂ ਉੱਤੇ ਵੀ ਕਿੰਤੂ/ਸੰਦੇਹ ਕਰ ਸਕਣ ਦਾ ਪੂਰਾ ਪੂਰਾ ਹੱਕ ਹੈ।

● (TORONTO, ONTARIO)

# BIG SALE IN DRIVING LESSON

METROPOLITAN TORONTO

## DRIVING SCHOOL INSTRUCTOR

ਕਾਰ ਸਿੱਖਾਉਣ ਤੇ
ਡਰੈਵਿੰਗ ਟੈਸਟ ਪਾਸ
ਕਰਵਾਉਣ ਦੇ ਮਾਹਿਰ
ਕੁਲਵੰਤ ਸਿੰਘ ਨੂੰ
ਹਮੇਸ਼ਾ ਯਾਦ ਰੱਖੋ



*Kulwant SINGH*

(416) 532-0438

---

# ਬੁੱਕ ਕੀਪਿੰਗ, ਅਕਾਂਊਟਿੰਗ ਅਤੇ ਇਨਕਮ ਟੈਕਸ ਸਬੰਧੀ

ਤਜਰਬੇਕਾਰ ਸਲਾਹ ਮਸ਼ਵਰੇ ਲਈ
ਮਿਲੋ ਜਾਂ ਫੂਨ ਕਰੋ
ਰਣਜੀਤ ਸਿੰਘ ਬੈਂਸ

**REMEMBER**
**FOR ACCOUNTING, BOOKKEEPING**
**INCOME TAX.**
**CALL OR VISIT**

**RANJIT SINGH BAINS**

**BAINS TAX & ACCOUNTING SERVICES**
**10-6679 MAIN STREET., VAN., B.C.**
**321-2132**

---

# DEV AUTO'S REPAIRS & SERVICE

SPECIALIZING IN

* *Domestic & Import Cars*
* *Free Estimates*
* *Fast & Reliable Service*
* *Fast & Quality Repairs*

5484 Tomken Road, Unit #30
Near Dixie & Matheson Blvd.
Mississauga, Ont., L4W 1P2

CALL (416) 629-1022

---

# FOR INCOME TAX NEEDS

## CALL BALL

(INCOME TAX SPECIALISTS)

# (416) 242-5535

# ਜਸਵੰਤ ਸਿੰਘ ਕੰਵਲ ਦੇ ਨਾਉਂ ਖੁੱਲੀ ਚਿੱਠੀ

(23 ਜੁਲਾਈ 1983)

ਸਤਿਕਾਰ ਯੋਗ ਕੰਵਲ ਜੀ,

ਇਕ ਦੋ ਦਿਨ ਹੋਏ ਇੰਗਲੈਂਡ ਵਿਚ ਛਪਦੇ ਪਰਚੇ ਦੇਸ ਪ੍ਰਦੇਸ ਵਿਚ ਛਪੀ ਤੁਹਾਡੀ ਇੰਟਰਵਿਊ ਪੜ੍ਹੀ ਜਿਸ ਨੂੰ ਪੜ੍ਹ ਕੇ ਯਕੀਨ ਨਹੀਂ ਆ ਰਿਹਾ ਕਿ ਜੋ ਕੁਝ ਉਸ ਪਰਚੇ ਵਿਚ ਛਪਿਆ ਉਹ ਤੁਸੀਂ ਕਿਹਾ ਹੋਵੇਗਾ। ਪਰ ਤੁਸੀਂ ਜ਼ਰੂਰ ਹੀ ਉਹ ਕੁਝ ਕਿਹਾ ਹੋਵੇਗਾ ਨਹੀਂ ਤਾਂ ਐਂਵੇ ਦੇਸ ਪ੍ਰਦੇਸ ਵਾਲਿਆਂ ਨੂੰ ਗਲਤ ਛਾਪਣ ਦੀ ਕੀ ਜ਼ਰੂਰਤ ਸੀ।

ਸਮਝ ਨਹੀਂ ਆ ਰਹੀ ਕਿ ਉਹ ਕੰਵਲ ਜਿਸਨੇ ਲਹੂ ਦੀ ਲੋਅ ਵਰਗਾ ਨਾਵਲ ਲਿਖਿਆ, ਜਿਸਨੇ ਸਮਾਜਵਾਦੀ ਸੋਚ ਵਾਲਾ ਹੋਣ ਦਾ ਦਾਅਵਾ ਕੀਤਾ, ਅੱਜ ਕਹਿ ਰਿਹਾ ਹੈ ਕਿ ਭਈਆਂ ਨੂੰ ਪੰਜਾਬ ਵਿਚ ਵੋਟ ਦਾ ਹੱਕ ਨਹੀਂ ਹੋਣਾ ਚਾਹੀਦਾ ਅਤੇ ਕਿ ਭਈਏ ਪੰਜਾਬੀ ਕਲਚਰ, ਜ਼ਬਾਨ ਤੇ ਸਹਿਤ ਨੂੰ ਖਰਾਬ ਕਰ ਰਹੇ ਹਨ।

ਪੰਜਾਬ ਦੇ ਲੋਕ, ਖਾਸ ਕਰਕੇ ਕਿਸਾਨ, ਅੱਜ ਬੜੀ ਅੱਛੀ ਤਰਾਂ ਸਮਝਦੇ ਹਨ ਕਿ ਜੇ ਯੂ. ਪੀ. ਅਤੇ ਬਿਹਾਰ ਤੋਂ ਮਜ਼ਦੂਰ(ਜਿਹਨਾਂ ਨੂੰ ਭਈਏ ਕਿਹਾ ਜਾਂਦਾ ਹੈ) ਪੰਜਾਬ ਵਿਚ ਨਾ ਆਉਣ ਤਾਂ ਫਸਲਾਂ ਦਾ ਕਿੰਨਾ ਬੁਰਾ ਹਾਲ ਹੋਵੇ। ਇਹ ਮਜ਼ਦੂਰ, ਜੋ ਅੱਜ ਪੰਜਾਬ ਦੀ ਆਰਥਿਕਤਾ ਵਿਚ ਬਹੁਤ ਵੱਡਾ ਹਿਸਾ ਪਾ ਰਹੇ ਹਨ, ਜੋ ਸਿਰਫ ਰੋਟੀ ਦੀ ਭਾਲ ਵਿਚ ਆਪਦੇ ਦੇਸ਼ ਦੇ ਇਕ ਸੂਬੇ ਤੋਂ ਦੂਸਰੇ ਸੂਬੇ ਪਹੁੰਚੇ ਹਨ, ਉਹਨਾਂ ਬਾਰੇ ਤੁਸੀਂ ਕਹਿ ਰਹੇ ਹੋ ਕਿ ਉਹਨਾਂ ਨੂੰ ਵੋਟ ਦਾ ਹੱਕ ਨਹੀਂ ਮਿਲਣਾ ਚਾਹੀਦਾ।

ਤੁਹਾਨੂੰ ਜਦੋਂ ਇੰਟਰਵਿਊ ਦੌਰਾਨ ਸਾਥੀ ਲੁਧਿਆਣਵੀ ਨੇ ਭਈਆਂ ਦੇ ਵੋਟ ਦੇ ਹੱਕ ਬਾਰੇ ਸੁਆਲ ਕੀਤਾ ਤਾਂ ਜੁਆਬ ਦਿੰਦਿਆਂ ਤੁਸੀਂ ਕਿਹਾ "......ਤੁਸੀਂ ਲੋਕ ਇਹ ਕਿਉਂ ਨਹੀਂ ਸੋਚਦੇ ਕਿ ਪੰਜਾਬ ਏਸ ਵੇਲੇ minority 'ਚ ਜਾ ਰਿਹੈ। ਪੰਜਾਬੀ ਜ਼ਬਾਨ ਹੀ ਨਹੀਂ ਰਹੇਗੀ। ਪੰਜਾਬੀ ਕਲਚਰ ਹੀ ਨਹੀਂ ਰਹੇਗਾ। ਸਿੱਖਾਂ ਦੀ ਆਈਡੈਂਟਿਟੀ ਹੀ ਖਤਮ ਹੋ ਜਾਵੇਗੀ ......।"

ਕੰਵਲ ਜੀ ਕੀ ਤੁਸੀਂ ਦੱਸ ਸਕਦੇ ਹੋ ਕਿ ਜੇ ਭਈਆਂ ਨੂੰ ਪੰਜਾਬ ਵਿਚ ਵੋਟ ਪਾਉਣ ਦਾ ਹੱਕ ਨਹੀਂ ਮਿਲਣਾ ਚਾਹੀਦਾ ਤਾਂ ਅਸੀਂ ਜੋ ਬਾਹਰਲੇ ਮੁਲਕਾਂ ਵਿਚ ਰਹਿ ਰਹੇ ਹਾਂ ਸਾਨੂੰ ਇਥੇ ਵੋਟ ਪਾਉਣ ਦਾ ਹੱਕ ਕਿਉਂ ਮਿਲਣਾ ਚਾਹੀਦਾ। ਇਥੋਂ ਦੇ ਨਸਲਵਾਦੀ — ਕੂ ਕਲਕਸ ਕਲੈਨ ਵਾਲੇ, ਵੈਸਟਰਨ ਗਾਰਡ, ਅਤੇ ਹੋਰ ਫਾਸ਼ੀ ਵਿਚਾਰਾਂ ਵਾਲੇ ਕਹਿ ਰਹੇ ਹਨ ਕਿ "ਰੰਗਦਾਰ ਲੋਕ ਕੈਨੇਡਾ ਵਿਚ ਆ ਕੇ ਗੰਦ ਪਾ ਰਹੇ ਹਨ .... ਇਥੋਂ ਦੇ ਸਭਿਆਚਾਰ ਨੂੰ ਵਿਗਾੜ ਰਹੇ ਹਨ ਅਤੇ ਸਾਡੀ ਆਈਡੈਂਟਿਟੀ ਖਤਮ ਕਰ ਰਹੇ ਹਨ।" ਸਾਡੀ ਇਹ ਬੜੀ ਖ਼ੁਸ਼ਕਿਸਮਤੀ ਹੈ ਕਿ ਅਜਿਹੇ ਲੋਕ ਸਿਰਫ ਮੁੱਠੀ ਭਰ ਹਨ ਅਤੇ ਕੈਨੇਡਾ ਦਾ ਕੋਈ ਭੀ ਲਿਖਾਰੀ ਇਹਨਾਂ ਨਸਲੀਆਂ ਅਤੇ ਫਾਸ਼ੀਆਂ ਦੇ ਵਿਚਾਰਾਂ ਦੀ ਪ੍ਰੋੜਤਾ ਨਹੀਂ ਕਰਦਾ। ਤੁਹਾਡੀ ਇੰਟਰਵਿਊ ਮੁਤਾਬਿਕ ਤਾਂ ਉਹ ਜਿਹੜੇ ਇਹ ਕਹਿ ਰਹੇ ਹਨ ਕਿ ਰੰਗਦਾਰ ਲੋਕ ਕੈਨੇਡਾ ਦੇ ਸਭਿਆਚਾਰ ਨੂੰ ਵਿਗਾੜ ਰਹੇ ਹਨ ਬਿਲਕੁਲ ਠੀਕ ਹਨ।

ਤੁਸੀਂ 1968 ਵਿਚ ਇੰਗਲੈਂਡ ਦੇ ਬਦਨਾਮ ਅਤੇ ਨਸਲੀ ਸਿਆਸਤਦਾਨ ਈਨੋਕ ਪਾਵਲ ਵਲੋਂ ਕੀਤੀ ਤਕਰੀਰ ਨੂੰ ਜਾਇਜ਼ ਦੱਸ ਰਹੇ ਹੋ ਜੋ ਕਿ ਇੰਗਲੈਂਡ ਵਿਚੋਂ ਰੰਗਦਾਰ ਲੋਕਾਂ ਨੂੰ ਕੱਢਣ ਦੀ ਗੱਲ ਸ਼ਰੇਆਮ ਕਰ ਰਿਹਾ ਹੈ।

ਇੰਟਰਵਿਊ ਵਿਚ ਤੁਸੀਂ ਕਿਹਾ ਕਿ ਅੰਗਰੇਜ਼ਾਂ ਨੇ "ਵੋਟ ਦਾ ਹੱਕ ਥੋਨੂੰ ਹੱਕ ਤਾਂ ਦਿਤਾ ਹੋਇਆ ਚੂੰਕਿ ਤੁਹਾਡੀ ਗਿਣਤੀ ਬਹੁਤ ਹੀ ਥੋੜੀ ਹੈ ..." ਕੀ ਇਸਦਾ ਮਤਲਬ ਹੈ ਕਿ ਜਦੋਂ ਸਾਡੀ ਇਥੇ ਗਿਣਤੀ ਜ਼ਿਆਦਾ ਹੋ ਜਾਵੇਗੀ ਤਾਂ ਇੰਗਲੈਂਡ ਜਾਂ ਕਨੇਡਾ ਦੀਆਂ ਸਰਕਾਰਾਂ ਵਲੋਂ ਸਾਥੋਂ ਵੋਟ ਦਾ ਹੱਕ ਖੋਹਣਾ ਜਾਇਜ਼ ਹੋਵੇਗਾ?

ਤੁਸੀਂ ਬਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਲਾਲਚੀ ਕਿਹਾ — ਅਸੀਂ ਹਿਦੁਸਤਾਨ ਤੋਂ ਬਿਦੇਸ਼ਾਂ ਵਿਚ ਇਸ ਲਈ ਨਹੀਂ ਆਉਂਦੇ ਕਿ ਅਸੀਂ ਲਾਲਚੀ ਹਾਂ ਬਲਕਿ ਰੋਟੀ ਦੀ ਭੁੱਖ ਸਾਨੂੰ ਬਿਦੇਸ਼ਾਂ ਵਿਚ ਲੈ ਆਉਂਦੀ ਹੈ। ਜੇ ਇਹੀ opportunities ਸਾਨੂੰ ਸਾਡੇ ਦੇਸ਼ ਵਿਚ ਮਿਲਣ ਤਾਂ ਕਿਉਂ ਅਸੀਂ ਆਪਦੇ ਭੈਣਾਂ ਭਰਾਵਾਂ, ਰਿਸ਼ਤੇਦਾਰਾਂ ਅਤੇ ਮਿਤਰਾਂ ਨੂੰ ਛੱਡ ਕੇ ਬਿਦੇਸ਼ਾਂ ਵਿਚ ਆਈਏ।

ਤੁਸੀਂ ਹਿੰਦੁਸਤਾਨ ਵਿਚ ਰਹਿੰਦੇ ਹੋ — ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਭੀ ਆਉਂਦੇ ਜਾਂਦੇ ਹੋ — ਤੁਸੀਂ ਇਹ ਅੱਛੀ ਤਰਾਂ ਜਾਣਦੇ ਹੋ ਕਿ ਹਿਦੁਸਤਾਨ ਦੇ ਗਰੀਬਾਂ ਦੀ ਹਾਲਤ ਕਿਸ ਤਰਾਂ ਦਿਨ-ਬ ਦਿਨ ਨਿਘਰਦੀ ਜਾਂਦੀ ਹੈ। ਇਹ ਸਚਾਈ ਕਿਸੇ ਤੋਂ ਲੁਕੀ ਨਹੀਂ ਕਿ ਹਿਦੁਸਤਾਨ ਦੇ ਕਰੋੜਾਂ ਲੋਕ ਅੱਜ ਗਰੀਬੀ ਦੇ ਦਰਜੇ ਤੋਂ ਹੇਠਾਂ ਰਹਿ ਰਹੇ ਹਨ ਅਤੇ ਉਹਨਾਂ ਨੂੰ ਦੋ ਸਮੇਂ ਦੀ ਰੋਟੀ ਭੀ ਨਹੀਂ ਮਿਲਦੀ। ਉਹਨਾਂ ਲਈ ਕਿਹੜੀਆਂ oppertunities ਹਨ? ਇਹ ਮੌਕਾ ਜ਼ਰੂਰ ਮਿਲ ਜਾਂਦਾ ਹੈ ਕਿ ਹਰੇਕ 5 ਸਾਲ ਬਾਅਦ ਇਹ ਫੈਸਲਾ ਕਰਨ ਕਿ ਕਿਹੜੇ ਚੋਰਾਂ ਨੂੰ ਵੋਟ ਪਾਉਣੀ ਹੈ।

ਜਦੋਂ ਸਾਥੀ ਲੁਧਿਆਣਵੀ ਨੇ ਤੁਹਾਨੂੰ ਇੰਟਰਵਿਊ ਵਿਚ ਕਿਹਾ ਕਿ ਭਈਆਂ ਨੂੰ ਕਿਉਂ ਦੋਸ਼ ਦਿੰਦੇ ਹੋ ਤਾਂ ਤੁਸੀਂ ਜੁਆਬ ਦਿਤਾ "ਪਰ ਭਈਏ ਰਲਣਗੇ ਕਿਸ ਨਾਲ? ਉਹ ਸਿਰਫ ਹਿੰਦੂਆਂ ਨਾਲ ਰਲਣਗੇ।" ਕੰਵਲ ਜੀ ਜੇ ਤੁਸੀਂ ਸਮਝਦੇ ਹੋ ਕਿ ਉਹ ਹਿਦੂਆਂ ਨਾਲ ਰਲਣਗੇ ਤਾਂ ਇਸ ਵਿਚ ਕਸੂਰ ਕੀਹਦਾ ਹੈ? ਜਦੋਂ ਅਕਾਲੀ ਲੀਡਰ ਇਹ ਬਿਆਨ ਦੇ ਰਹੇ ਹਨ ਕਿ ਭਈਆਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਹੋਣਾ ਚਾਹੀਦਾ ਤਾਂ ਕੀ ਤੁਸੀਂ ਇਹ ਉਮੀਦ ਕਰਦੇ ਹੋ ਕਿ ਉਹ ਅਕਾਲੀਆਂ ਨਾਲ ਰਲਣ? ਸਾਬਕਾ ਅਕਾਲੀ ਵਿੱਤ ਮੰਤਰੀ ਸ. ਬਲਵੰਤ ਸਿੰਘ ਨੇ ਤਾਂ ਇੰਗਲੈਂਡ ਵਿਚ ਦਿੱਤੇ ਇਕ ਬਿਆਨ ਵਿਚ ਇਥੋਂ ਤੱਕ ਕਹਿ ਦਿਤਾ ਕਿ "ਜੇ ਪੰਜਾਬ ਵਿਚ ਅਕਾਲੀ ਸਰਕਾਰ ਆ ਜਾਵੇ ਤਾਂ ਅਸੀਂ ਕਾਰਖਾਨਿਆਂ ਅਤੇ ਖੇਤੀਬਾੜੀ ਦੇ ਕੰਮਾਂ ਵਿਚ ਪੰਜਾਬੀ ਮਜ਼ਦੂਰ ਨੂੰ ਕੰਮ ਦਿਆਂਗੇ। ਗੈਰ ਪੰਜਾਬੀਆਂ ਨੂੰ ਨਹੀਂ।" ਬਲਵੰਤ ਸਿੰਘ ਦਾ ਸਪਸ਼ਟ ਤੌਰ ਤੇ ਇਸ਼ਾਰਾ ਯੂ. ਪੀ. ਅਤੇ ਬਿਹਾਰ ਵਿਚੋਂ ਆਏ ਮਜ਼ਦੂਰਾਂ ਵੱਲ ਸੀ। ਫਿਰ ਭੀ ਤੁਸੀਂ ਉਮੀਦ ਕਰਦੇ ਹੋ ਕਿ ਉਹ ਅਕਾਲੀਆਂ ਨਾਲ ਰਲਣ?

ਸਾਨੂੰ ਬਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਪਤਾ ਹੈ ਕਿ ਜਦੋਂ ਇਥੋਂ ਦੇ ਕੁਝ ਮੌਕਾ ਪ੍ਰਸਤ ਸਿਆਸਤਦਾਨ ਇਸ ਤਰ੍ਹਾਂ ਦੇ ਬਿਆਨ ਦਿੰਦੇ ਹਨ ਕਿ "ਕਨੇਡੀਅਨ ਵਰਕਰਾਂ ਨੂੰ ਪਹਿਲੀ ਦਿਤੀ ਜਾਵੇ।" ਤਾਂ ਅਸੀਂ ਕਿਸ ਤਰਾਂ ਉਹਨਾਂ ਦਾ ਵਿਰੋਧ ਕਰਦੇ ਹਾਂ ਅਤੇ ਕਿਸ ਤਰ੍ਹਾਂ ਇਥੋਂ ਦੀ ਮਜ਼ਦੂਰ ਜਮਾਤ ਸਾਡੀ ਡੱਟ ਕੇ ਮੱਦਦ ਕਰਦੀ ਹੈ। ਇਥੋਂ ਦੀ ਮਜ਼ਦੂਰ ਜਮਾਤ ਸਮਝਦੀ ਹੈ ਕਿ ਇਸ ਤਰ੍ਹਾਂ ਦੇ ਬਿਆਨ ਸਿਰਫ ਮਜ਼ਦੂਰਾਂ ਵਿਚ ਫੁੱਟ ਪਾਉਣ ਲਈ ਦਿਤੇ ਜਾਂਦੇ ਹਨ ਪੰਜਾਬ ਵਿਚ ਨਾ ਹੀ ਕਾਂਗਰਸੀ ਅਤੇ ਨਾ ਹੀ ਅਕਾਲੀ ਆਮ ਲੋਕਾਂ ਦਾ ਕੁਝ ਸੁਆਰ ਸਕੇ ਹਨ। ਨਾ ਹੀ ਅਕਾਲੀ ਆਮ ਲੋਕਾਂ ਦੀਆਂ ਆਰਥਕ ਮੰਗਾਂ ਲਈ ਲੜਦੇ ਹਨ। ਅਕਾਲੀ ਲੀਡਰ ਆਪਦੇ ਇਹਨਾਂ ਬਿਆਨਾਂ ਰਾਹੀਂ ਪੰਜਾਬੀ ਮਜ਼ਦੂਰਾਂ ਨੂੰ ਇਹ ਦਸਣ ਦੀ ਕੋਸ਼ਿਸ਼ ਕਰਦੇ ਹਨ ਉਹਨਾਂ ਦੀ ਮੁਸ਼ਕਲਾਂ (ਬੇਰੁਜ਼ਗਾਰੀ ਆਦਿ) ਦਾ ਕਾਰਨ ਹੋਰਨਾਂ ਸੂਬਿਆਂ ਵਿਚੋਂ ਆਏ ਮਜ਼ਦੂਰ ਹਨ ਨਾ ਕਿ ਸਾਡੇ ਦੇਸ਼ ਦਾ ਮੌਜੂਦਾ ਢਾਂਚਾ।

ਤੁਸੀਂ ਹੁਣ ਤੱਕ ਆਪਦੀਆਂ ਲਿਖਤਾਂ ਵਿਚ ਮਜ਼ਦੂਰ ਜਮਾਤ ਦੇ ਪੱਖ ਦੀ ਗੱਲ ਕੀਤੀ ਹੈ ਅਤੇ ਮਜ਼ਦੂਰ ਜਮਾਤ ਵਿਰੋਧੀ ਸ਼ਕਤੀਆਂ ਦੀ ਵਿਰੋਧਤਾ ਕੀਤੀ ਹੈ ਅਤੇ ਆਪਣੇ ਆਪ ਨੂੰ ਮਾਰਕਸੀ ਵਿਚਾਰਾਂ ਵਾਲਾ ਲਿਖਾਰੀ ਅਖਵਾਇਆ ਹੈ। ਪਰ ਮੈਨੂੰ ਖੇਦ ਨਾਲ ਕਹਿਣਾ ਪੈ ਰਿਹਾ ਹੈ ਕਿ ਭਈਆਂ ਬਾਰੇ ਦਿਤਾ ਬਿਆਨ ਮੇਰੀ ਸਮਝ ਮੁਤਾਬਿਕ ਮਾਰਕਸਵਾਦ ਵਿਰੋਧੀ ਅਤੇ ਮਜ਼ਦੂਰ ਜਮਾਤ ਵਿਰੋਧੀ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੇ ਬਿਆਨ ਦੀ ਉਮੀਦ ਸਿਰਫ ਕਿਸੇ ਪਿਛਾਂਹ ਖਿਚੂ ਸੋਚਣੀ ਅਤੇ ਸਿਆਸਤਦਾਨ ਵਲੋਂ ਕੀਤੀ ਜਾ ਸਕਦੀ ਹੈ। ਕਿਸੇ ਭੀ ਮਾਰਕਸੀ ਲਈ ਮਜ਼ਦੂਰ ਸਿਰਫ ਮਜ਼ਦੂਰ ਹਨ ਨਾ ਕਿ ਹਿਦੂ ਜਾਂ ਸਿੱਖ।

ਮੈਨੂੰ ਇਹ ਭੀ ਖੇਦ ਨਾਲ ਲਿਖਣਾ ਪੈ ਰਿਹਾ ਹੈ ਕਿ ਇੰਟਰਵਿਊ ਵਿਚ ਤੁਹਾਡੇ ਵਲੋਂ ਦਿਤੇ ਗਏ ਬਿਆਨ ਕੈਨੇਡਾ ਦੇ ਮੁਠੀ ਭਰ ਨਸਲਪ੍ਰਸਤਾਂ ਅਤੇ ਫਾਸ਼ੀਆਂ ਵਲੋਂ ਰੰਗਦਾਰ ਲੋਕਾਂ ਖਿਲਾਫ ਦਿਤੇ ਜਾ ਰਹੇ ਬਿਆਨਾਂ ਨਾਲ ਮਿਲਦੇ ਹਨ।

ਤੁਹਾਡੇ ਇਹਨਾਂ ਬਿਆਨਾਂ ਰਾਹੀਂ ਭਾਰਤੀ ਮਜ਼ਦੂਰਾਂ ਦੀ ਏਕਤਾ ਨੂੰ ਠੇਸ ਪਹੁੰਚੀ ਹੈ। ਜੋ ਕੁਝ ਤੁਸੀਂ ਇੰਟਰਵਿਊ ਵਿਚ ਕਿਹਾ ਉਹ ਬਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਦੇ ਹਿਤਾਂ ਵਿਰੁਧ ਹੈ। ਕੰਵਲ ਸਾਹਿਬ ਤੁਹਾਨੂੰ ਤਾਂ ਇਹ ਪਤਾ ਹੋਣਾ ਚਾਹੀਦਾ ਕਿ ਬਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੇ ਜੋ ਹੱਕ ਪ੍ਰਾਪਤ ਕੀਤੇ ਹਨ ਉਹ ਸਾਨੂੰ ਕਿਸੇ ਨੇ ਬਖਸ਼ੀਸ ਨਹੀਂ ਕੀਤੇ ਬਲਕਿ ਉਹ ਅਸੀਂ ਸਖਤ ਜਦੋ ਜਹਿਦਾਂ ਰਾਹੀਂ ਪ੍ਰਾਪਤ ਕੀਤੇ ਹਨ।

ਤੁਹਾਡੇ ਵਰਗੇ ਅਗਾਂਹਵਧੂ ਅਖਵਾਉਣ ਵਾਲੇ ਲੇਖਕ ਵਲੋਂ ਪਾਵਲ ਵਰਗੇ ਨਸਲੀਆਂ ਨੂੰ ਠੀਕ ਕਹਿਣਾ ਅਤੇ ਬਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਲਾਲਚੀ ਕਹਿਣਾ ਸ਼ੋਭਾ ਨਹੀਂ ਦਿੰਦਾ। ਅਸੀਂ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੇਰਿਕਾ (ਇਪਾਨਾ) ਵਲੋਂ ਉਮੀਦ ਕਰਦੇ ਹਾਂ ਕਿ ਤੁਸੀਂ ਆਪਦੇ ਬਿਆਨਾ ਉਤੇ ਇਕ ਵਾਰ ਫਿਰ ਗੌਰ ਕਰੋਗੇ ਅਤੇ ਆਪਦੇ ਇਹ ਬਿਆਨ ਵਾਪਸ ਲਵੋਗੇ।

ਤੁਹਾਡਾ

ਰਵਿੰਦਰ ਮਾਹਲ (ਪ੍ਰਧਾਨ ਇਪਾਨਾ)

ਸਥਾਈ ਕਾਲਮ:

## ਸਾਹਿੱਤਕ ਖ਼ਬਰ-ਸਾਰ

# ੧. ਗੁਰਸ਼ਰਨ ਸਿੰਘ ਦੇ ਸਨਮਾਨ ਵਿੱਚ ਵਤਨੋਂ ਦੂਰ ਵੱਲੋਂ ਇਕੱਤਰਤਾ

( ਸਾਧੂ )

ਨਾਟਕਕਾਰ ਗੁਰਸ਼ਰਨ ਸਿੰਘ ਆਪਣੇ ਨਾਟਕ ਗਰੁਪ ਨਾਲ ਵੈਨਕੂਵਰ ਆਏ ਹੋਏ ਹਨ। ਵੈਨਕੂਵਰ, ਬੀ. ਸੀ. ਦੇ ਹੋਰਨਾਂ ਸ਼ਹਿਰਾਂ ਵਿਚ ਤੇ ਕੈਨੇਡਾ ਭਰ ਵਿਚ ਉਨ੍ਹਾਂ ਨੇ ਆਪਣੇ ਨਾਟਕ ਪੇਸ਼ ਕਰਨੇ ਹਨ। ਗੁਰਸ਼ਰਨ ਸਿੰਘ ਕਿਉਂਕਿ ਇਕੱਲਾ ਨਾਟਕਕਾਰ ਹੀ ਨਹੀਂ ਸਗੋਂ ਇਕ ਸਿਆਸੀ ਤੇ ਸਾਹਿਤਕ ਹਸਤੀ ਵੀ ਹੈ, ਇਸ ਕਰਕੇ ਸਾਡਾ ਵਿਚਾਰ ਸੀ ਕਿ ਇਹਨਾਂ ਪਹਿਲੂਆਂ ਤੋਂ ਵੀ ਇਥੇ ਵਸਦੇ ਪੰਜਾਬੀ ਲੋਕਾਂ ਨਾਲ ਉਹਨਾਂ ਦੀ ਜਾਣ ਪਛਾਣ ਕਰਾਈ ਜਾਵੇ। ਇਸੇ ਵਿਚਾਰ ਅਧੀਨ ਤੇਈ ਮਈ ਦੀ ਸ਼ਾਮ ਨੂੰ ਉਹਨਾਂ ਨਾਲ ਇਕ ਮਿਲਣੀ ਦਾ ਪ੍ਰਬੰਧ ਕੀਤਾ ਗਿਆ। ਇਸ ਇਕੱਤਰਤਾ ਵਿਚ ਬੜੇ ਛੋਟੇ ਸਮੇਂ ਦੇ ਨੋਟਿਸ ਦੇ ਬਾਵਜੂਦ ਵੀ ਪੰਜਾਹ ਤੋਂ ਵੱਧ ਸਰੋਤਿਆਂ ਨੇ ਹਿਸਾ ਲਿਆ।

ਗੁਰਸ਼ਰਨ ਸਿੰਘ ਨੇ ਆਪਣੀ ਗਲਬਾਤ ਵਿਚ ਵਿਸਥਾਰ ਨਾਲ ਆਪਣੇ ਜੀਵਨ ਵਿਚ ਆਈਆਂ ਤਬਦੀਲੀਆਂ ਬਾਰੇ ਦੱਸਿਆ। ਕਿਉਂਕਿ ਉਹਨਾਂ ਦੇ ਜੀਵਨ ਵਿਚ ਆਈਆਂ ਤਬਦੀਲੀਆਂ ਦਾ ਕਾਰਨ ਪੰਜਾਬ ਵਿਚਲੇ ਬਦਲਦੇ ਹਾਲਾਤ ਹਨ, ਇਸ ਤਰ੍ਹਾਂ ਉਹਨਾਂ ਆਪਣੇ ਜੀਵਨ ਬਾਰੇ ਗੱਲ ਕਰਦਿਆਂ ਪੰਜਾਬ ਦੇ ਇਤਿਹਾਸ ਦੇ ਅਹਿਮ ਨੁਕਤਿਆਂ ਨੂੰ ਵਿਚਾਰਿਆ। ਉਹਨਾਂ ਦੱਸਿਆ ਕਿ 1947 ਸਮੇਂ ਹੋਏ ਫਸਾਦਾਂ ਨੇ ਉਹਨਾਂ ਉਤੇ ਬਹੁਤ ਡੂੰਘਾ ਅਸਰ ਪਾਇਆ। ਉਹ ਇਕ ਹਾਕੀ ਦੇ ਚੰਗੇ ਖਿਡਾਰੀ ਤੇ ਹਸਮੁਖ ਵਿਦਿਆਰਥੀ ਤੋਂ ਬਦਲਕੇ ਇਕ ਗੰਭੀਰ ਸੁਭਾਅ ਵਾਲੀ ਸ਼ਖਸੀਅਤ ਬਣ ਗਏ। ਇਸੇ ਤਰ੍ਹਾਂ 1975 ਵਿਚ ਲੱਗੀ ਐਮਰਜੈਂਸੀ ਦੌਰਾਨ ਸਰਕਾਰ ਨੇ ਉਹਨਾਂ ਦੀਆਂ ਸਰਗਰਮੀਆਂ ਕਰਕੇ ਉਹਨਾਂ ਨੂੰ ਨੌਕਰੀ ਤੋਂ ਲਾਹ ਦਿਤਾ ਤੇ ਕੁਝ ਸਮੇਂ ਲਈ ਜੇਲ੍ਹ ਕਰ ਦਿਤਾ ਤੇ ਇਸ ਦੇ ਨਤੀਜੇ ਵਜੋਂ ਜਿਥੇ ਉਹ ਪਹਿਲਾਂ ਆਪਣੇ ਨਾਟਕ ਵਿਹਲੇ ਸਮੇਂ ਵਿਚ ਹੀ ਕਰਦੇ ਸਨ ਹੁਣ ਉਹ ਆਪਣਾ ਸਾਰਾ ਸਮਾਂ ਇਧਰ ਲਾਉਣ ਲੱਗੇ।

ਪੰਜਾਬੀ ਨਾਟਕ ਦੇ ਖੇਤਰ ਵਿਚ ਉਨ੍ਹਾਂ ਨੇ ਜੋ ਤਬਦੀਲੀਆਂ ਲਿਆਂਦੀਆਂ ਹਨ ਉਹ ਸੱਚਮੁਚ ਹੀ ਹੈਰਾਨ ਕੁਨ ਹਨ। ਉਹਨਾਂ ਦੇ ਆਪਣੇ ਕਹਿਣ ਮੁਤਾਬਕ ਉਹਨਾਂ ਨੇ ਪੰਜਾਬੀ ਰੰਗਮੰਚ ਨੂੰ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਤੇ ਹੋਰ ਬੁਧੀਜੀਵੀਆਂ ਦੇ ਪੰਜੇ ਤੋਂ ਇਕ ਤਰ੍ਹਾਂ ਆਜ਼ਾਦ ਕਰਾਇਆ ਹੈ। ਉਹਨਾਂ ਦੱਸਿਆ ਕਿ ਇਹ ਲੋਕ ਨਾਟਕ ਦੀ ਪੇਸ਼ਕਾਰੀ ਨੂੰ ਇਕ ਬਹੁਤ ਵੱਡਾ ਹਊਆ ਬਣਾ ਕੇ ਰਖਦੇ ਹਨ। ਨਾਟਕ ਨੂੰ ਡਾਇਰੈਕਟ ਕਰਨਾ, ਸਟੇਜ ਦੀ ਤਕਨੀਕ ਤੇ ਰੋਸ਼ਨੀ ਆਦਿ ਦੇ ਕੰਮਾਂ ਨੂੰ ਇਹ ਬੁਧੀਜੀਵੀ ਇਸਤਰ੍ਹਾਂ ਪੇਸ਼ ਕਰਦੇ ਹਨ ਕਿ ਲੋਕ ਸਮਝਣ ਕਿ ਇਹ ਕੰਮ ਖਾਸ ਖਾਸ ਲੋਕ ਹੀ ਕਰ ਸਕਦੇ ਹਨ, ਆਮ ਮਨੁਖ ਦੀ ਸਮਝ ਤੋਂ ਇਹ ਬਾਹਰ ਦੀਆਂ ਗੱਲਾਂ ਹਨ। ਉਹਨਾਂ ਦੱਸਿਆ ਕਿ ਉਹ ਆਪਣੇ ਨਾਟਕਾਂ ਨੂੰ ਬਹੁਤ ਘੱਟ ਡਾਇਰੈਕਟ ਕਰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਜੇ ਐਕਟਰ ਨੂੰ ਆਪਣੇ ਪਾਤਰ ਬਾਰੇ ਪੂਰੀ ਸਮਝ ਆ ਜਾਵੇ ਤਾਂ ਤਕਰੀਬਨ ਹਰ ਐਕਟਰ ਘੱਟੋ ਘੱਟ ਇਸ ਯੋਗ ਹੁੰਦਾ ਹੈ ਕਿ ਖੁਦ ਹੀ ਆਪਣੇ ਆਪ ਨੂੰ ਉਸ ਪਾਤਰ ਮੁਤਾਬਕ ਢਾਲ ਸਕੇ। ਉਹਨਾਂ ਦੇ ਕਹਿਣ ਮੁਤਾਬਕ ਉਹਨਾਂ ਦੇ ਨਾਟਕਾਂ ਦੇ ਡਾਇਰੈਕਟਰ ਲੋਕ ਹਨ। ਉਹ ਆਪਣੇ ਨਾਟਕਾਂ ਬਿਨਾਂ ਮਹੀਨਿਆਂ ਬੱਧੀ ਰੀਹਰਸਲਾਂ ਕੀਤਿਆਂ ਜਾਂ ਤਿਆਰੀ ਕੀਤਿਆਂ ਕਰਦੇ ਹਨ ਤੇ ਜਿਹੜੀਆਂ ਗਲਤੀਆਂ ਪਹਿਲੀ ਪੇਸ਼ਕਾਰੀ ਵਿਚ ਹੁੰਦੀਆਂ ਹਨ ਉਹ ਦੂਜੀ ਪੇਸ਼ਕਾਰੀ ਸਮੇਂ ਦੂਰ ਕਰ ਲਈਆਂ ਜਾਂਦੀਆਂ ਹਨ।

ਗੁਰਸ਼ਰਨ ਹੋਰਾਂ ਦੱਸਿਆ ਕਿ ਉਹ ਸਾਲ ਵਿਚ ਦਸ ਮਹੀਨੇ ਪਿੰਡਾਂ ਵਿਚ ਨਾਟਕ ਕਰਦੇ ਹਨ। ਹਰ ਮਹੀਨੇ ਉਹ ਅਠਾਰਾਂ ਜਾਂ ਵੀਹ ਰਾਤਾਂ ਨਾਟਕ ਪੇਸ਼ ਕਰਦੇ ਹਨ। ਉਹਨਾਂ ਦੱਸਿਆ ਕਿ ਉਹ ਦੁਪਹਿਰ ਵੇਲੇ ਅੰਮ੍ਰਿਤਸਰੋਂ ਬੱਸ ਬੈਠ ਦੇ ਹਨ ਤੇ ਸ਼ਾਮ ਨੂੰ ਜਿਸ ਪਿੰਡ ਨਾਟਕ ਕਰਨਾ ਹੋਵੇ ਉਥੇ ਪਹੁੰਚ ਕੇ ਸਟੇਜ ਵਗੈਰਾ ਲਈ ਜੋ ਵੀ ਕਰਨਾ ਹੋਵੇ-(ਬਹੁਤੀ ਵਾਰੀ ਗੱਡੇ ਖੜੇ ਕਰਕੇ ਹੀ ਕੰਮ ਸਾਰ ਲੈਂਦੇ ਹਨ)- ਕਰਦੇ ਹਨ ਤੇ ਨਾਟਕ ਕਰਕੇ ਰਾਤੋ ਰਾਤ ਵਾਪਿਸ ਅੰਮ੍ਰਿਤਸਰ ਪਹੁੰਚਦੇ ਹਨ ਤੇ ਦੂਜੀ ਦੁਪਹਿਰ ਫਿਰ ਬਸ ਫੜ ਕੇ ਕਿਸੇ ਹੋਰ ਪਿੰਡ ਲਈ ਚੱਲ ਪੈਂਦੇ ਹਨ। ਨਾਟਕ ਲਿਖਣ ਦਾ ਕੰਮ ਤੇ ਦੂਜੇ ਸਾਥੀਆਂ ਨਾਲ ਉਹਨਾਂ ਦੀ ਪੇਸ਼ਕਾਰੀ ਬਾਰੇ ਵਿਚਾਰ ਵਿਟਾਂਦਰਾ ਬੱਸਾਂ ਦੇ ਸਫਰ ਦੌਰਾਨ ਹੀ ਕਰਦੇ ਹਨ। ਜਿਹੜੇ ਲੋਕਾਂ ਨੂੰ ਪੰਜਾਬ ਦੀ ਬਸ ਸਰਵਿਸ ਦਾ ਤਜਰਬਾ ਹੈ ਉਹ ਅੰਦਾਜਾ ਲਾ ਸਕਦੇ ਹਨ ਕਿ ਇਸ ਤਰ੍ਹਾਂ ਰੋਜ਼ ਬੱਸਾਂ ਵਿਚ ਸਫਰ ਕਰਨਾ ਕਿੰਨਾ ਮੁਸ਼ਕਲ ਹੈ। ਸਾਲ ਦੇ ਜਿਹੜੇ ਦੋ ਮਹੀਨੇ ਉਹ ਪਿੰਡਾਂ ਵਿਚ ਨਹੀਂ ਜਾਂਦੇ ਉਸ ਸਮੇਂ ਉਹ ਅੰਮ੍ਰਿਤਸਰ ਵਿਚ ਨਾਟਕ ਮੇਲਾ ਤੇ ਹੋਰ ਇਹੋ ਜਿਹੀਆਂ ਸਰਗਰਮੀਆਂ ਕਰਦੇ ਹਨ।

ਆਪਣੇ ਨਾਟਕ, ਸਮਤਾ, ਤੇ ਕਿਤਾਬਾਂ ਛਾਪਣ ਤੋਂ ਬਿਨਾਂ ਉਹ ਪੰਜਾਬੀ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਹਨ। ਇਹ ਅਦਾਰਾ ਪੰਜਾਬੀ ਵਿਚ ਗੰਦੇ ਗੀਤ ਤੇ ਲਚਰ ਸਾਹਿਤ ਦੇ ਵੱਧ ਰਹੇ ਅਸਰ ਨੂੰ ਰੋਕਣ ਲਈ ਕੰਮ ਕਰ ਰਿਹਾ ਹੈ। ਇਹਦੀ ਕੁਝ ਸਮਾਂ ਪਹਿਲਾਂ ਪੰਜਾਬ ਦੇ ਅਗਾਂਹਵਧੂ ਕਵੀਆਂ ਤੇ ਹੋਰ ਸਿਹਤਮੰਦ ਲੋਕ ਗੀਤਾਂ ਦੀ ਇਕ ਕੈਸਟ ਟੇਪ ਤਿਆਰ ਕੀਤੀ ਹੈ।

ਗੁਰਸ਼ਰਨ ਸਿੰਘ ਨੇ ਆਪਣੀ ਗੱਲਬਾਤ ਦੌਰਾਨ ਕੈਨੇਡਾ ਦੇ ਪੰਜਾਬੀ ਲੇਖਕਾਂ ਨੂੰ ਮੁਖ਼ਾਤਬ ਕਰਦਿਆਂ ਪੰਜਾਬੀ ਕਿਤਾਬਾਂ ਦੀ ਛਪਾਈ ਬਾਰੇ ਗੱਲਬਾਤ ਕੀਤੀ। ਉਹਨਾਂ ਦੱਸਿਆ ਕਿ ਪੰਜਾਬ ਦੇ ਆਮ ਪ੍ਰਕਾਸ਼ਕ ਜਦੋਂ ਕਿਤਾਬ ਛਾਪਦੇ ਹਨ ਤਾਂ ਗਿਣਤੀ ਵਿਚ ਬਹੁਤ ਥੋੜੀ ਛਾਪਦੇ ਹਨ ਤੇ ਉਹਦੀ ਕੀਮਤ ਕਾਫੀ ਜ਼ਿਆਦਾ ਰਖਦੇ ਹਨ। ਇਹ ਕਿਤਾਬ ਛੁੱਟ ਲਾਇਬਰੇਰੀਆਂ ਦੇ ਹੋਰ ਕਿਸੇ ਪਾਠਕ ਦੇ ਸਿੱਧੀ ਹੱਥਾਂ ਵਿਚ ਨਹੀਂ ਪਹੁੰਚਦੀ ਕਿਉਂਕਿ ਪੰਜਾਬੀ ਪਾਠਕ ਪੰਦਰਾਂ ਜਾਂ ਵੀਹ ਰੁਪਏ ਖਰਚ ਕੇ ਕਵਿਤਾ ਜਾਂ ਕਹਾਣੀ ਦੀ ਛੋਟੀ ਜਿਹੀ ਪਰ ਵੱਡੀ ਜਿਲਦ ਵਿਚ ਲਪੇਟੀ ਕਿਤਾਬ ਨਹੀਂ ਖਰੀਦ ਸਕਦੇ ਤੇ ਨਾ ਹੀ ਖਰੀਦਦੇ ਹਨ। ਉਹਨਾਂ ਕਿਹਾ ਕਿ ਉਹ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਕਿਤਾਬਾਂ ਸਾਦੀਆਂ ਛੋਟੇ ਸਾਈਜ਼ ਦੀਆਂ ਛਾਪ ਕੇ ਉਹਨਾਂ ਨੂੰ ਬਹੁਤ ਸਸਤੇ ਭਾਅ ਵੇਚਦੇ ਹਨ। ਤੇ ਉਹ ਸਾਲ ਦੇ ਵਿਚ ਪੰਜਾਬ ਦੇ 188 ਪਿੰਡਾਂ ਵਿਚ ਜਾਂਦੇ ਹਨ ਤੇ ਨਾਲ ਆਪਣੀਆਂ ਕਿਤਾਬਾਂ ਵੀ ਲੈ ਜਾਂਦੇ ਹਨ ਤੇ ਪਿੰਡਾਂ ਦੇ ਲੋਕ ਕਾਫੀ ਗਿਣਤੀ ਵਿਚ ਉਹਨਾਂ ਪਾਸੋਂ ਕਿਤਾਬਾਂ ਖਰੀਦਦੇ ਹਨ।

ਉਹਨਾਂ ਦੀ ਗਲਬਾਤ ਤੋਂ ਬਾਅਦ ਗੁਰਚਰਨ ਰਾਮਪੁਰੀ, ਉਜਲ ਦੋਸਾਂਝ, ਅਜਮੇਰ ਰੋਡੇ ਤੇ ਸਤਿੰਦਰ ਸਿੱਧੂ ਨੇ ਉਹਨਾਂ ਦੇ ਵਿਚਾਰਾਂ ਤੇ ਟਿੱਪਣੀ ਕੀਤੀ ਤੇ ਉਹਨਾਂ ਤੋਂ ਕੁਝ ਸਵਾਲ ਪੁੱਛੇ। ਨਾਟਕ ਗਰੁਪ ਦੇ ਦੂਜੇ ਮੈਂਬਰਾਂ, ਪਰਮਜੀਤ ਸਿੰਘ, ਕੇਵਲ ਸਿੰਘ ਧਾਲੀਵਾਲ ਤੇ ਦਲੀਪ ਕੁਮਾਰ ਭਨੋਟ ਨੇ ਇਨਕਲਾਬੀ ਗੀਤ ਗਾ ਕੇ ਸਰੋਤਿਆਂ ਦਾ ਮਨ ਜਿਤ ਲਿਆ। ਤੇ ਕਵੀ ਸੁਖਪਾਲ ਸਿੰਘ ਨੇ ਆਪਣੀ ਕਿਤਾਬ ਟੱਕਰ ਵਿਚੋਂ 'ਚਿੰਗਾੜੀ' ਨਾਂ ਦੀ ਕਵਿਤਾ ਸੁਣਾਈ। ਸੁਖਪਾਲ ਸਿੰਘ ਪੰਜਾਬੀ ਦੇ ਅਗਾਂਹ ਵਧੂ ਨੌਜਵਾਨ ਕਵੀ ਹਨ। ਕੈਨੇਡਾ ਆਉਣ ਤੋਂ ਪਹਿਲਾਂ ਉਹ ਪੰਜਾਬ ਲੋਕ ਸਭਿਆਚਾਰ ਮੰਚ ਦੇ ਸਕੱਤਰ ਸਨ। ਹੁਣ ਉਹ S.F.U. ਤੋਂ ਪੀ. ਐਚ. ਡੀ. ਕਰ ਰਹੇ ਹਨ।

ਪ੍ਰੋਗਰਾਮ ਦੇ ਅਖੀਰ 'ਤੇ ਸਾਧੂ ਨੇ ਗੁਰਸ਼ਰਨ ਸਿੰਘ ਹੋਰਾਂ ਦਾ ਤੇ ਸਰੋਤਿਆਂ ਦਾ ਵਤਨੋਂ ਦੂਰ ਵਲੋਂ ਧੰਨਵਾਦ ਕੀਤਾ। ਨਾਲ ਹੀ ਉਹਨਾਂ ਇਪਾਨਾ ਦਾ ਵੀ ਧੰਨਵਾਦ ਕੀਤਾ ਜਿਹਨਾਂ ਨੇ ਕੈਨੇਡਾ ਦੇ ਪੰਜਾਬੀਆਂ ਲਈ ਗੁਰਸ਼ਰਨ ਸਿੰਘ ਨੂੰ ਦੇਖਣ ਤੇ ਸੁਣਨ ਦਾ ਮੌਕਾ ਪੈਦਾ ਕੀਤਾ ਹੈ। ਸਾਰੇ ਪ੍ਰੋਗਰਾਮ ਨੂੰ ਸੁਖਵੰਤ ਹੁੰਦਲ ਨੇ ਬੜੀ ਸਿਆਣਪ ਨਾਲ ਸਕੱਤਰ ਵਜੋਂ ਸਿਰੇ ਚੜ੍ਹਾਇਆ।

• (Burnaby, B.C.)

## ੨. ਇਕਬਾਲ ਰਾਮੂਵਾਲੀਆ ਦੇ ਸਨਮਾਨ ਵਿੱਚ ਕਵੀ ਦਰਬਾਰ

( ਸਾਧੂ )

ਟੋਰਾਂਟੋ ਵਿਚ ਰਹਿ ਰਹੇ ਪੰਜਾਬੀ ਦੇ ਅਗਾਂਹਵਧੂ ਕਵੀ ਇਕਬਾਲ ਰਾਮੂਵਾਲੀਆ ਮਾਰਚ ਦੇ ਅਖੀਰ ਵਿਚ ਕੁਝ ਦਿਨਾਂ ਲਈ ਵੈਨਕੂਵਰ ਆਏ। ਉਨ੍ਹਾਂ ਦੇ ਸਨਮਾਨ ਵਜੋਂ 'ਵਤਨੋਂ ਦੂਰ' ਵਲੋਂ 2 ਅਪਰੈਲ 1983 ਦਿਨ ਸ਼ਨਿਚਰਵਾਰ ਨੂੰ ਵੈਨਕੂਵਰ ਵਿਚ ਇਕ ਕਵੀ ਦਰਬਾਰ ਕੀਤਾ ਗਿਆ। ਕਵੀ ਦਰਬਾਰ 'ਲਿਟਲ ਮਾਊਂਟੇਨ ਨੇਬਰਹੁੱਡ ਹਾਊਸ' ਵਿਚ ਸ਼ਾਮ ਦੇ ਸੱਤ ਵਜੇ ਸ਼ੁਰੂ ਹੋਇਆ। ਸਮਾਗਮ ਦੇ ਸ਼ੁਰੂ ਵਿਚ ਅਜਮੇਰ ਰੋਡੇ ਹੋਰਾਂ ਨੇ ਇਕਬਾਲ ਦੀ ਜਾਣ ਪਛਾਣ ਵੈਨਕੂਵਰ ਦੇ ਸਾਹਿਤਕਾਰਾਂ ਤੇ ਸ੍ਰੋਤਿਆਂ ਨਾਲ ਕਰਵਾਈ। ਪ੍ਰੋਗਰਾਮ ਦਾ ਆਰੰਭ ਇਕਬਾਲ ਨੇ ਆਪਣੀਆਂ ਨਜ਼ਮਾਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਅੰਦਾਜ਼ 'ਚ ਪੇਸ਼ ਕਰਕੇ ਕੀਤਾ। ਇਸ ਪਿੱਛੋਂ ਵੈਨਕੂਵਰ ਤੇ ਆਸ ਪਾਸ ਰਹਿ ਰਹੇ ਮੱਖਣ ਟੁੱਟ, ਮੇਤਾ ਸਿੰਘ ਗਰੇਵਾਲ, ਅਜਮੇਰ ਰੋਡੇ, ਹਰੀ ਪ੍ਰਕਾਸ਼ ਸ਼ਰਮਾ, ਮਹਿੰਦਰ ਸੂਮਲ, ਚਰਨ ਸਿੰਘ, ਅਮਰਜੀਤ ਚਾਹਲ, ਸਾਧੂ, ਦਰਸ਼ਨ ਗਿੱਲ, ਸੁਰਜੀਤ ਕਲਸੀ, ਹਰਦੇਵ ਵੜੈਚ, ਜਸਵੰਤ ਮਾਂਗਟ, ਸਤਿੰਦਰ ਸਿੰਘ ਸਿੱਧੂ, ਸੁਖਵੰਤ ਹੁੰਦਲ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਤਕਰੀਬਨ ਸਾਰੀਆਂ ਰਚਨਾਵਾਂ ਹੀ ਉਚ ਪੱਧਰ ਦੀਆਂ ਸਨ। ਬਹੁਤੀਆਂ ਰਚਨਾਵਾਂ ਕੈਨੇਡਾ ਵਿਚ ਰਹਿ ਰਹੇ ਭਾਰਤੀ ਮਨੁੱਖ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਮੁਖਾਤਬ ਸਨ। ਇਨ੍ਹਾਂ ਵਿਚ ਖੇਤ ਮਜ਼ਦੂਰਾਂ ਦੀ ਜਦੋਜਹਿਦ ਤੋਂ ਲੈ ਕੇ ਬੁਧੀਜੀਵੀਆਂ ਦੀਆਂ ਉਲਝਣਾਂ ਨੂੰ ਸ੍ਰੋਤਿਆਂ ਸਾਹਮਣੇ ਰੱਖਿਆ ਗਿਆ। ਸ੍ਰੋਤਿਆਂ ਵਲੋਂ ਕਵੀਆਂ ਦੀ ਪੂਰੀ ਹੌਸਲਾ ਅਫਜ਼ਾਈ ਹੋਈ। ਸ੍ਰੋਤਿਆਂ ਤੇ ਕਵੀਆਂ ਵਿਚ ਸੰਬੰਧ ਬਹੁਤ ਨੇੜਤਾ ਵਾਲਾ ਅਤੇ ਨਿੱਘਾ ਸੀ। ਵੈਨਕੂਵਰ ਵਾਲਿਆਂ ਨੇ ਇਕਬਾਲ ਨੂੰ ਪਹਿਲੀ ਵਾਰੀ ਸੁਣਿਆ ਸੀ। ਉਹਦੀ ਕਵਿਤਾ ਦਾ ਨਵੇਂਆਪਨ ਤੇ ਉਹਦਾ ਕਵਿਤਾ ਕਹਿਣ ਦਾ ਦਾ ਅੰਦਾਜ਼ ਹਰ ਇਕ ਉਪਰ ਆਪਣੀ ਵਿਲੱਖਣਤਾ ਦਾ ਪ੍ਰਭਾਵ ਛੱਡ ਗਿਆ।

ਕਵੀ ਦਰਬਾਰ ਵਲੋਂ ਗੁਰਸ਼ਰਨ ਸਿੰਘ ਨਾਟਕਕਾਰ ਨੂੰ ਸਰਕਾਰ ਵਲੋਂ ਪਾਸਪੋਰਟ ਨਾ ਦਿੱਤੇ ਜਾਣ ਕਰਕੇ ਸਰਕਾਰ ਵਿਰੁੱਧ ਰੋਸ ਮਤਾ ਪਾਸ ਕੀਤਾ ਗਿਆ ਗੁਰਸ਼ਰਨ ਸਿੰਘ ਹੋਰਾਂ ਦਾ ਮਈ ਵਿਚ ਕੈਨੇਡਾ ਆਉਣ ਦਾ ਪ੍ਰੋਗਰਾਮ ਹੈ ਤੇ ਉਨ੍ਹਾਂ ਨੂੰ 'ਇਪਾਨਾ' ਨੇ ਇਥੇ ਆਉਣ ਦਾ ਸੱਦਾ ਦਿੱਤਾ ਹੈ। ਪ੍ਰੋਗਰਾਮ ਦੇ ਅੰਤ ਤੇ ਸੁਰਜੀਤ ਕਲਸੀ ਦੀ ਅੰਗਰੇਜ਼ੀ ਵਿਚ ਛਪੀ ਪੁਸਤਕ 'Speaking to the Winds' ਦੀ ਸ੍ਰੋਤਿਆਂ ਨਾਲ ਜਾਣ ਪਛਾਣ ਕਰਾਈ ਗਈ। ਇਸ ਸਾਰੇ ਪ੍ਰੋਗਰਾਮ ਨੂੰ ਸੁਖਵੰਤ ਹੁੰਦਲ ਨੇ ਬੜੀ ਕਾਮਯਾਬੀ ਨਾਲ ਸਿਰੇ ਚੜ੍ਹਾਇਆ।

● (Burnaby, B.C.)

## ੩. ਨੋਟ

ਖ਼ਿਮਾ ਮੰਗਦੇ ਹਾਂ ਕਿ 'ਸਾਹਿੱਤਕ ਖ਼ਬਰ-ਸਾਰ' ਵਿੱਚ ਪ੍ਰਕਾਸ਼ਤ ਹੋਣ ਵਾਲੀਆਂ ਕਈ ਮਹੱਤਵਪੂਰਨ ਟਿੱਪਣੀਆਂ :

- ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਕੈਨੇਡਾ-ਫੇਰੀ
- ਜਸਵੰਤ ਸਿੰਘ ਕੰਵਲ ਦੀ ਇੰਗਲੈਂਡ ਵਿੱਚ ਪ੍ਰਕਾਸ਼ਤ ਹੋਈ ਇੰਟਰਵਿਊ ਬਾਰੇ ਸਾਡੇ ਪ੍ਰਭਾਵ
- ਵਿਸ਼ਵ ਪੰਜਾਬੀ ਟਰੱਸਟ ਦੇ ਪੁਰਸਕਾਰ ਬਾਰੇ ਸਾਡੇ ਮੁਢਲੇ ਸ਼ੰਕੇ

ਜੋ ਇਸ ਵਾਰ ਪ੍ਰਕਾਸ਼ਤ ਹੋਣ ਲਈ ਤਿਆਰ ਕੀਤੀਆਂ ਗਈਆਂ ਸਨ, ਹੱਥ-ਲਿਖਤ ਦੀਆਂ ਸਾਡੀਆਂ ਸੀਮਾਵਾਂ ਕਾਰਨ ਹੁਣ ਅਗਲੇ ਅੰਕ ਵਿੱਚ ਪ੍ਰਕਾਸ਼ਤ ਕੀਤੀਆਂ ਜਾਣਗੀਆਂ।

(ਸੁਰਿੰਦਰ ਧੰਜਲ)

■

## ਅਗਲੇ ਅੰਕ ਵਿੱਚ :

* ਗੁਰਸ਼ਰਨ ਸਿੰਘ ਸਪਲੀਮੈਂਟ ( ਸੁਰਿੰਦਰ ਧੰਜਲ, ਸਾਟ ਭਿੰਡਰ, ਨੁਜ਼ਹੱਤ ਸਦੀਕੀ )
* ਵੈਨਕੂਵਰ 'ਸੱਥ' ਦਾ ਦੂਜਾ ਵਿਸ਼ੇਸ਼ ਲੇਖ (ਪੰਜਾਬੀ ਆਵਾਸੀ ਤੇ ਉਨ੍ਹਾਂ ਨੂੰ ਮਿਲਦੇ ਕੰਮ)
* ਵਤਨੋਂ ਦੂਰ ਦੀ ਵੈਨਕੂਵਰ ਬਰਾਂਚ ਵਲੋਂ ਜਸਵੰਤ ਸਿੰਘ ਕੰਵਲ ਨਾਲ ਵਿਸ਼ੇਸ਼ ਮੁਲਾਕਾਤ (ਅਤੇ ਟਿੱਪਣੀਆਂ)
* ... ... ... ਦੀਆਂ ਪੰਜ ਕਵਿਤਾਵਾਂ
* ਕੈਨੇਡਾ, ਇੰਗਲੈਂਡ ਤੇ ਹਿੰਦੁਸਤਾਨ ਦੇ ਲੇਖਕਾਂ ਦੀਆਂ ਕਹਾਣੀਆਂ / ਕਵਿਤਾਵਾਂ

## ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਗੀਤਾਂ ਦਾ ਰਿਕਾਰਡ "ਛੱਟਾ ਚਾਨਣਾ ਦਾ" ਰਲੀਜ਼

ਪੰਜਾਬ ਦੇ ਮਸ਼ਹੂਰ ਡਰਾਮਾ ਗਰੁੱਪ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਗੀਤਾਂ ਦਾ ਰਿਕਾਰਡ "ਛੱਟਾ ਚਾਨਣਾ ਦਾ" ਜਿਸਦੀ ਰਿਕਾਰਡਿੰਗ ਵੈਨਕੂਵਰ ਵਿਚ ਹੋਈ ਸੀ, ਰਲੀਜ਼ ਹੋ ਗਿਆ ਹੈ। ਰਿਕਾਰਡ ਦੀ ਪਹਿਲੀ ਕਾਪੀ ਇਪਾਨਾ ਦੇ ਪ੍ਰਧਾਨ ਹਰਿੰਦਰ ਮਾਹਲ ਨੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਸੰਚਾਲਕ ਸ. ਗੁਰਸ਼ਰਨ ਸਿੰਘ ਨੂੰ ਵਾਟਰਲੂ(ਓਨਟੇਰੀਓ) ਵਿਚ ਅੰਮ੍ਰਿਤਸਰ ਨਾਟਕ ਕਲਾ ਵਲੋਂ ਕੀਤੇ ਗਏ ਡਰਾਮਿਆਂ ਦੇ ਪ੍ਰੋਗਰਾਮ ਵਿਚ 10 ਜੁਲਾਈ ਵਾਲੇ ਦਿਨ ਭੇਂਟ ਕੀਤੀ।

ਇਹ ਰਿਕਾਰਡ ਜੋ ਕਿ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੇਰਿਕਾ (ਇਪਾਨਾ) ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟਿਨ) ਵਲੋਂ ਤਿਆਰ ਕਰਵਾਇਆ ਗਿਆ ਹੈ। ਭਾਰਤੀ ਇਨਕਲਾਬੀ ਗੀਤਾਂ ਦਾ ਦੂਸਰਾ ਰਿਕਾਰਡ ਹੈ। ਇਹਨਾਂ ਵਲੋਂ ਦੋਨਾਂ ਜਥੇਬੰਦੀਆਂ ਵਲੋਂ 1979 ਵਿਚ ਪੰਜਾਬ ਦੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੇ ਗੀਤਾਂ ਦਾ ਰਿਕਾਰਡ ਭੀ ਬਣਵਾਇਆ ਗਿਆ ਸੀ।

ਰਿਕਾਰਡ ਦਾ ਨਾਉਂ "ਛੱਟਾ ਚਾਨਣਾ ਦਾ" ਸੁਰਿੰਦਰ ਗਿੱਲ ਦੇ ਪ੍ਰਸਿੱਧ ਗੀਤ "ਛੱਟਾ ਚਾਨਣਾ ਦਾ ਦੇ ਦੇਈ ਜਾਣਾ" ਤੇ ਅਧਾਰਤ ਹੈ। ਰਿਕਾਰਡ ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰਾਂ ਪਰਮਜੀਤ ਸਿੰਘ, ਕੇਵਲ ਧਾਲੀਵਾਲ, ਅਤੇ ਦਲੀਪ ਭਨੋਟ ਨੇ 7 ਸਮੂਹ ਗੀਤ ਗਾਏ ਹਨ ਅਤੇ ਕਲਾ ਕੇਂਦਰ ਦੇ ਮੁਖ ਗੀਤਕਾਰ ਪਰਮਜੀਤ ਸਿੰਘ ਨੇ ਦੋ ਗੀਤ ਇਕੱਲਿਆਂ ਗਾਏ ਹਨ। ਗੀਤਾਂ ਨੂੰ ਸੁਰ-ਬੰਦ ਪਰਮਜੀਤ ਸਿੰਘ ਨੇ ਕੀਤਾ ਹੈ ਅਤੇ ਢੋਲਕ ਤੇ ਸਾਥ ਦਿੱਤਾ ਹੈ ਵੈਨਕੂਵਰ ਦੇ ਕਲਾਕਾਰ ਪਿਆਰੇ ਲਾਲ ਨੇ।

ਰਿਕਾਰਡ ਦੀ ਕੀਮਤ 8 ਡਾਲਰ ਹੈ ਅਤੇ ਇਪਾਨਾ ਤੋਂ ਮੰਗਵਾਇਆ ਜਾ ਸਕਦਾ ਹੈ। ਡਾਕ ਰਾਹੀਂ ਮੰਗਵਾਉਣ ਲਈ ਕੀਮਤ 9 ਡਾਲਰ ਹੈ। ਰਿਕਾਰਡ ਮੰਗਵਾਉਣ ਲਈ ਹੇਠ ਲਿਖੇ ਐਡਰੈਸ ਤੇ ਲਿਖੋ :-

IPANA<br>
P.O. Box 69646, STN. 'K'<br>
Vancouver, B.C. V5K 4W7

## ਮਰਗਾਰੀਟੇ

(ਗੁਰਚਰਨ ਰਾਮਪੁਰੀ)

ਗਿੱਲੀ ਸੜਕ ਤੋਂ ਤਰਦੇ
ਸਾਵਣ 'ਚ ਨੀਲੇ ਅੰਬਰ
ਕੁਝ ਲੋਕ ਤਾਣ ਛਤਰੀ
ਵਹਿਲੀਜ਼ ਪਾਰ ਕਰਦੇ।

ਉਹ ਅੱਖੀਆਂ ਝੁਕਾ ਕੇ
ਤੁਰਦੇ ਰਾਹੀ ਨੂੰ ਨਿੱਤ ਹੀ ਪਰਣਾਮ ਕਰਨ ਵਾਲੇ
ਮੈਮਾਨ-ਨੀਨ ਅੱਖੂੰ।

ਕੱਲ੍ਹ ਰਾਤ ਦੇ ਸਮੇਂ ਹੀ
ਗੋਰੀ ਉਨ੍ਹਾਂ ਦੇ ਨੇੜੇ
ਕੱਲ੍ਹ ਨੂੰ ਦੁਪਹਿਰ ਵੇਲੇ
ਗੋਰੀ ਦੇ ਫਿਰ ਉਹ ਨੇੜੇ
ਮਹਿਲੀਂ ਉਨ੍ਹਾਂ ਦੇ ਗੇੜੇ।
• (North Vancouver, B.C.)

## ਬੇਕਾਰ ਹੋਇਆ ਇਨਕਲਾਬ

- 1982 ਦੀ ਬੇਕਾਰੀ ਤੇ ਰੀਸੈਸ਼ਨ ਦੇ ਨਾਂ -
(ਰਜਿੰਦਰ ਰਵੀ)

ਬਹੁਤੇ ਅਰਸਾ ਲੱਗਿਆ
ਅੰਗਾਂ ਦੇ ਵਿੱਚ -
ਸਰਦ ਸਿੱਕ
ਰੀੜ੍ਹ ਦੀ ਹੱਡੀ ਦੇ ਵਿੱਚ,
ਪੁੰਗਰਾਇਆ,
ਜ਼ਿਹਨ ਅੰਦਰ ਆਫ਼ਤਾਬ !
ਬੇਕਾਰ ਬੈਠੇ ਹਾਂ ਅਸੀਂ,
ਸਾਡੇ ਬਿਨਾ,
ਬੇਕਾਰ ਹੋਇਆ ਇਨਕਲਾਬ !

ਵੈੱਲਫੇਅਰ, ਬੇਕਾਰ-ਭੱਤਾ,
ਪੀਆਂ ਜ਼ਹਿਰ
ਰੀਂਗਦੇ ਨੇ ਹੋਰ ਵਿੱਚ!

ਖੁੱਲ੍ਹ ਕੇ, ਜੀ ਸਕਦੇ ਨਹੀਂ,
ਆਪ ਮਰ ਸਕਦੇ ਨਹੀਂ!

ਨਜ਼ਰ ਵਿੱਚ ਆਕਾਸ਼ ਹੈ,
ਸਾਗਰ ਸਮਾਨ ਪਿਆਸ ਹੈ!
ਬੂੰਦ ਮਿਲਦੀ ਹੈ, ਅਸੀਂ
ਫਿਰ ਵੀ ਜਰ ਸਕਦੇ ਨਹੀਂ!
ਸੁੱਕ ਗਈ ਨਾਲੀ ਦੇ ਕੀੜੇ
ਕੁਝ ਵੀ ਕਰ ਸਕਦੇ ਨਹੀਂ!

ਫਿਰ ਵੀ ਉਸਰਨ, ਛੁਹਣ ਅੰਬਰ
ਕੋਠੀ ਕੋਠੀ, ਕਿਤੇ ਕਿਤੇ ਇਮਾਰਤਾਂ!
ਲੋਗ ਬਣ ਨਗਰੀ ਤੇ ਪਸਰੀ,
ਲੋਗ ਬਾਲਾਂ ਦੀ, ਘਰਾਂ ਦੀ ਮੋਰਗੇਜ਼!

ਅੱਖ ਮੀਟੇਂ, ਸਿਆਹ ਪਰਦਾ ਝੂਲਦਾ,
ਪਾਰਦਰਸ਼ ਸੋਚੀ ਦੇ ਨਜ਼ਰੀਂ ਪੈ ਗਈ
ਵਾੜ ਕੰਡਿਆਲੀ 'ਚ ਬਿਜਲੀ ਦੌੜਦੀ।

ਰੱਤ ਸਾਰੀ 'ਚੋਂ ਨਚੋੜਨ ਚਾਹੁੰਦੀ -
ਵਾੜ ਪਿੱਛੇ, ਲੋਕ ਕੁਝ ਰਸਦੇ ਪਏ,
ਕਰ ਰਹੇ ਮਨਮਾਨੀਆਂ, ਖਰਮਸਤੀਆਂ -
ਸਿਉਂਕ ਵਾਂਗ ਅੰਦਰ ਹੀ ਅੰਦਰ ਖਾ ਗਈ -
ਬੇਬਸੀ ਦੀ ਚੇਤਨਾ, ਸਭ ਹਸਤੀਆਂ।

ਅੱਜ ਮਾਰੀ,
ਚੁੱਪ ਧਾਰੀ ਸ਼ਾਸ਼ਕਾਂ!

ਪੂਜਨ ਕਰ ਕਰ, ਜੀਤ ਹਰ ਬੇਕਾਰ ਹੋਈ,
ਮੌਨ-ਧਾਰੀ ਆਪਣੇ, ਸੱਤੇ ਜਵਾਬ!

ਬੇਕਾਰ ਬੈਠੇ ਹਾਂ ਅਸੀਂ,
ਸਾਡੇ ਬਿਨਾ,
ਬੇਕਾਰ ਹੋਇਆ ਇਨਕਲਾਬ!
• (New Aiyansh, B.C.)

## ਜ਼ਿੰਦਗੀ

(ਸੁਰਿੰਦਰ ਧੰਜਲ)

ਦੁਨੀਆਂ ਦੀ ਭੀੜ ਤੋਂ ਉਕਤਾ ਕੇ
ਜਦ ਵੀ ਕੋਈ ਇਕੱਲਤਾ ਵੱਲ ਨਸਦਾ ਹੈ
ਇਕਾਂਤ ਦੀ ਕਾਲੂਨੀ 'ਚ ਰੁੱਖ ਵਾਂਗ ਗਿੜਦਾ ਹੈ।
ਇਕੱਲਤਾ ਦੇ ਸ਼ੋਰ 'ਤੋਂ ਤੰਗ ਆ ਕੇ
ਜਦ ਦੁਨੀਆਂ ਦੀ ਭੀੜ 'ਚ ਪਰਤਦਾ ਹੈ
ਚੱਕੀ ਦੇ ਪੁੜਾਂ 'ਚ ਪਿਸਦੇ ਦਾਣਿਆਂ 'ਚ ਸ਼ਾਮਲ ਹੋ ਜਾਂਦਾ ਹੈ।

ਜ਼ਿੰਦਗੀ ਦੀ ਕਿਸ਼ਤੀ
ਨਾ ਇਕੱਲਤਾ ਦੀ ਸ਼ਾਂਤ ਝੀਲ 'ਚ ਤਰਦੀ ਹੈ
ਨਾ ਭੀੜ ਦੇ ਹੜ੍ਹ-ਆਏ ਦਰਿਆ 'ਚ

ਜ਼ਿੰਦਗੀ ਦੇ ਸਾਹਮਣੇ
ਇੱਕ ਨਹੀਂ, ਕਿੰਨੀਆਂ ਹੀ ਸ਼ਾਂਤ ਝੀਲਾਂ ਨੇ
ਇੱਕ ਨਹੀਂ, ਕਿੰਨੇ ਹੀ ਹੜ੍ਹ-ਆਏ ਦਰਿਆ ਨੇ

ਜਿਉਂਦੇ ਤਾਂ ਸਿਰਫ਼ ਓਹੀ ਨੇ
ਜੋ ਸ਼ਾਂਤ ਝੀਲਾਂ ਅਤੇ ਹੜ੍ਹ-ਆਏ ਦਰਿਆਵਾਂ ਵਿਚਕਾਰ
ਆਪਣੇ ਆਪ ਨਾਲੋਂ ਕੋਈ ਟੁਕੜਾ ਲਾਹ
ਨਵੀਂ ਕਿਸ਼ਤੀ ਵਰਗਾ ਕੁਝ ਉਸਾਰਦੇ ਨੇ
ਪਾਣੀਆਂ ਦੀ ਹਿੱਕ 'ਤੇ ਉਤਾਰਦੇ ਨੇ
• (Grande Prairie, Alberta)

# ਖੇਤ ਮਜ਼ਦੂਰਾਂ ਦੀ ਅਰਦਾਸ

ਸਾਧੂ

ਅਸੀਂ ਜਿਹੜੇ ਸਿੰਘ ਤੇ ਸਿੰਘਣੀਆਂ
ਫਾਰਮਰ ਦੀਆਂ ਸੜੀਆਂ ਕੈਬਨਾਂ ਵਿਚ ਰਹਿੰਦੇ ਹਾਂ
ਅਸੀਂ ਜਿਹੜੇ ਭੁਜੰਗੀ ਤੇ ਭੁਜੰਗਣਾਂ
ਠੇਕੇਦਾਰ ਦੀਆਂ ਤੂੜੀਆਂ ਵੈਨਾਂ 'ਚ ਸਫਰ ਕਰਦੇ ਹਾਂ
ਹੇ ਸਾਡੇ ਬਾਜਾਂ ਵਾਲੇ ਗੁਰੂ
ਅਸੀਂ ਅਜੇ ਕੁਝ ਦੇਰ ਲਈ
ਤੇਰੇ ਸਿੰਘ ਨਹੀਂ ਹਾਂ।

ਇਹ ਕੋਈ ਪੱਕਾ ਬੇਦਾਵਾ ਨਹੀਂ ਹੈ
ਨਾ ਹੀ ਤੇਰੀ ਜੋਤ ਤੋਂ ਨਾਬਰ ਸਾਡੀ ਹੋਂਦ
ਅਸੀਂ ਹਾਂ ਸਿਰਫ ਅਜੇ
ਮਜਬੂਰੀ ਦੇ ਪਿੰਜਰੇ 'ਚ
ਪਰਾਈ ਧਰਤ ਤੇ ਸਾਹ ਲੈਣਾ ਸਿਖ ਰਹੇ ਹਾਂ

ਉਂਜ ਤੂੰ ਜਾਣੀ ਜਾਣ ਏਂ
ਅਸੀਂ ਹਰ ਵਰ੍ਹੇ ਕਿੰਨੇ ਅਖੰਡਪਾਠ ਕਰਾਉਂਦੇ ਹਾਂ
ਤੇਰੀ ਯਾਦ ਵਿਚ ਬਣਦੇ ਅਸਥਾਨਾਂ ਲਈ
ਕਿੰਨੇ ਖੁਲ ਦਿਲ ਨਾਲ ਮਾਇਆ ਚੜ੍ਹਾਉਂਦੇ ਹਾਂ
ਕੁਲੀ, ਗੁੱਲੀ ਤੇ ਜੁੱਲੀ ਦਾ ਮਸਲਾ ਇੰਨਾ ਗੰਭੀਰ ਹੈ ਪਰ
ਕੰਮ ਦਾ ਭੰਨਿਆਂ ਸਰੀਰ
ਨੀਂਦ 'ਚ ਵੀ ਸੂਰਜ ਦਾ ਸੁਪਨਾ ਨਹੀਂ ਲੈਂਦਾ
ਇਸ ਲਈ ਬਾਜਾਂ ਵਾਲਿਆਂ
ਤੇਰੀ ਯਾਦ ਤਾਂ ਹਿੱਕ ਨਾਲ ਲਾਈ ਫਿਰਦੇ ਹਾਂ
ਪਰ ਤੇਰੀ ਸਿਖਿਆ ਤੇ ਚਲਣੋਂ ਅਜੇ ਅਸਮਰੱਥ ਹਾਂ।

ਅਸੀਂ ਸਭ ਵੇਖਦੇ ਹਾਂ, ਸਮਝਦੇ ਹਾਂ
ਕਿਵੇਂ ਇਹ 'ਮਾਲਕ' ਤੇਰਾ ਹੀ ਨਾਂ ਵਰਤ

ਨਿਤ ਸਾਨੂੰ ਚਕਮਾਂ ਦਿੰਦੇ ਹਨ
ਕਿਵੇਂ ਸਾਡੀਆਂ ਬੁੱਢੀਆਂ ਹੱਡੀਆਂ ਨਾਲ
ਕਿਲ੍ਹਿਆਂ ਵਰਗੇ ਘਰ ਉਸਾਰਦੇ ਹਨ
ਸਾਨੂੰ ਪੁਰਾਣੇ ਤਬੇਲਿਆਂ 'ਚ ਡੱਕ
ਸਾਡਾ ਘੋੜਿਆਂ ਜਿੰਨਾ ਵੀ ਖਿਆਲ ਨਹੀਂ ਰੱਖਦੇ
ਮੱਛਰ ਭਰੀਆਂ ਗੰਦੀਆਂ ਕੈਬਿਨਾਂ 'ਚ ਰੱਖ ਕੇ
ਬਜਾਉਂਦੇ ਹਨ
ਸਾਡੇ ਕੰਨਾਂ 'ਚ ਅਹਿਸਾਨ ਦਾ 'ਆਰਕੈਸਟਰਾ'
ਤੇ ਸਾਡੇ ਤੋੜੇ ਹਰ 'ਫਲੈਟ' 'ਚੋਂ'
ਕੈਬਿਨਾਂ ਦਾ ਕਰਾਇਆ ਵੀ ਮਾਰ ਜਾਂਦੇ ਹਨ

ਹੇ ਬਾਜਾਂ ਵਾਲਿਆ
ਵਿਸਾਖੀ ਵਾਲੇ ਦਿਹਾੜੇ ਦੀ ਰੂਹ
ਅਜੇ ਸਾਡੇ ਅੰਦਰੋਂ ਮਰੀ ਨਹੀਂ
ਅਸੀਂ ਆਪਣੇ ਹੱਕਾਂ ਦਾ ਝੰਡਾ ਝੁਲਾਉਣਾ ਹੈ
ਤੇਰੀ ਦਿੱਤੀ ਹੋਈ ਤੇਗ ਨੂੰ ਹੱਥ ਪਾਉਣਾ ਹੈ

ਪਰ ਅਜੇ ਜਦੋਂ ਯੂਨੀਅਨ ਵਾਲੇ ਦਰ ਖੜਕਾਉਣ
ਅਸੀਂ ਮਾਲਕ ਦੇ ਗੁੱਸੇ ਤੋਂ ਡਰੀਏ
ਹੁੰਗਾਰਾ ਭਰਨ ਦੀ ਕਦੀ ਜੁਅਰਤ ਨਾ ਕਰੀਏ
ਜੇ ਕਿਤੇ ਮਿਲ ਪੈਣ ਅਚਾਨਕ
ਤਾਂ ਮਾਲਕ ਦਾ ਸਿਖਾਇਆ ਗੀਤ ਗਾਈਏ

ਪਰ ਅੰਦਰੋਂ ਅਸੀਂ ਤੇਰੀ ਕਰੀਏ ਅਰਦਾਸ
ਹੇ ਬਾਜਾਂ ਵਾਲਿਆ
ਇਹ ਯੂਨੀਅਨ ਵਾਲੇ ਸਾਨੂੰ ਗਲਤ ਨਾ ਸਮਝ ਲੈਣ ਕਿਤੇ
ਤੂੰ ਇਹਨਾਂ ਨੂੰ
ਸਾਡੀਆਂ ਅੱਖਾਂ 'ਚ ਸਹਿਕਦੀ ਕਹਾਣੀ ਪੜ੍ਹਨ ਦਾ ਬਲ ਬਖਸ਼ੀਂ।

● (Burnaby, B.C.)

# ਜੰਗਬੰਦੀ ਤੋਂ ਬਾਅਦ

## ਇਕਬਾਲ ਰਾਮੂਵਾਲੀਆ

ਬਰੂਦੀ ਧੁੰਦ 'ਚ ਕਿੰਨਾ ਵੀ ਸੰਭਲ ਕੇ ਤੁਰੀਏ
ਚਰਬੀ ਦੇ ਚਿੱਕੜ 'ਚ ਕਿਤੇ ਵੀ ਤਿਲਕ ਸਕਦੇ ਹਾਂ
ਖ਼ੂਨ ਦੀ ਦਲਦਲ 'ਚ ਕਿਤੇ ਵੀ ਧਸ ਸਕਦੇ ਹਾਂ
ਮਲਬੇ 'ਚ ਖਿਲਰੇ ਅੰਗਾਂ 'ਚ ਠੇਡਾ ਖਾਣ ਤੋਂ
ਕਿੰਝ ਬਚਾਂਗੇ ਭਲਾ ?

ਕਿਸੇ ਵੀ ਕਦਮ ਮੂੰਹ ਭਾਰ ਡਿੱਗ ਸਕਦੇ ਹਾਂ
ਰੁੱਝੀਆਂ ਹੋਈਆਂ ਗਿਰਝਾਂ ਦੇ ਝੁੰਡਾਂ ਦੇ ਆਸ ਪਾਸ
ਜਿੱਥੇ ਮੱਖੀਆਂ ਦੀ ਭਿਣਭਿਣਾਹਟ
ਕਿਸੇ ਵੀ ਸੰਗ ਨੂੰ ਪਾਣੀ ਪਾਣੀ ਕਰ ਸਕਦੀ ਹੈ।
ਬਰੂਦੀ ਧੁੰਦ 'ਚ ਕਿੰਨਾ ਵੀ ਸੰਭਲ ਕੇ ਤੁਰੀਏ...

ਸੰਭਲ ਸੰਭਲ ਕੇ ਤੁਰਦਿਆਂ ਕਿੱਥੇ ਪਹੁੰਚਾਂਗੇ ਭਲਾ ?
ਕਿੰਝ ਲੱਭਾਂਗੇ ਲਾਪਤਾ ਘਰਾਂ ਦੇ ਸਿਰਨਾਵੇਂ ?
ਤੇ ਮਲਬਾ ਬਣੇ ਸਕੇ ਸਬੰਧੀਆਂ ਦੇ ਨਕਸ਼ ਕਿੰਝ ਪਛਾਣਾਂਗੇ ?
ਹਰ ਮਲਬਾ ਇਕੋ ਤਰ੍ਹਾਂ ਉਦਾਸ ਤੇ ਖਾਮੋਸ਼ ਹੁੰਦਾ ਹੈ!
ਫੁੱਲੀ ਹੋਈ ਹਰ ਲਾਸ਼
ਇਕੋ ਤਰ੍ਹਾਂ ਆਕੜਦੀ ਤੇ ਮੁਸ਼ਕਦੀ ਹੈ
ਲਹੂ ਦੇ ਕਿਸੇ ਵੀ ਚਾਹਲੇ 'ਚੋਂ ਉੱਠਦੀ ਬੁਸਾਂਦ 'ਚ
ਉੱਨੀ ਇੱਕੀ ਦਾ ਵੀ ਫਰਕ ਨਹੀਂ ਹੁੰਦਾ

ਫਰਕ ਸਿਰਫ ਜੀਂਦਿਆਂ 'ਚ ਹੁੰਦਾ ਹੈ,
ਲਾਸ਼ ਤਾਂ ਬੱਸ ਲਾਸ਼ ਹੁੰਦੀ ਏ
ਸਿਰਨਾਵੇਂ ਵਸਦੀਆਂ ਥਾਵਾਂ ਦੇ ਹੁੰਦੇ ਨੇ
ਮਲਬਾ ਤਾਂ ਬਸ ਮਲਬਾ ਹੁੰਦਾ ਏ!

● (Toronto, Ontario)

# ਡੰਡੌਤ-ਬੰਦਨਾ

## ਸੁਖਿੰਦਰ

ਪਰਤ ਆ
ਮੇਰੀ ਆਵਾਜ਼
ਤੂੰ ਜਿੱਥੇ ਕਿਤੇ ਵੀ ਗੁੰਮ ਹੈਂ
ਇਤਿਹਾਸ ਦੀ ਹਨ੍ਹੇਰੀ ਕੋਠਰੀ ਵਿਚ

ਸ਼ਹਿਰ ਵਿਚ ਜੰਗਲ ਉੱਤਰ ਆਇਆ ਹੈ
ਹਾਥੀ ਚਿੰਘਾੜਦੇ ਹਨ ਦਿਨ ਦਿਹਾੜੇ
ਪੂਛਾਂ ਨੂੰ ਅੱਗ ਲਾਈ ਫਿਰਦੇ ਹਨ ਲੰਗੂਰ
ਕੁੱਤਿਆਂ ਦੀਆਂ ਜੀਭਾਂ ਲਮਕ ਆਈਆਂ ਹਨ
ਗਿੱਦੜ ਨੀਲੂ ਰਾਜੇ ਬਣ ਗਏ ਹਨ
ਸੜਕਾਂ 'ਤੇ ਰੀਂਗਦੇ ਫਿਰਦੇ ਹਨ ਜ਼ਹਿਰੀਲੇ ਸੱਪ
ਕੰਨਾਂ 'ਚ ਫਿਰ ਢਲ ਰਿਹਾ ਹੈ ਸਿੱਕਾ
ਦਗਦੀਆਂ ਸੀਖਾਂ ਸੰਗ ਸੜ ਰਹੇ ਨੇ ਵਿਚਾਰੇ ਨੈਣ
ਸੁਨਹਿਰੀ ਗੁੰਬਦਾਂ, ਮੀਨਾਰਾਂ, ਖਿੜਕੀਆਂ, ਦਰਵਾਜ਼ਿਆਂ 'ਚੋਂ ਉੱਠਦੀਆਂ
ਤਲਵਾਰਾਂ, ਬਰਛੀਆਂ, ਤੀਰਾਂ ਦੀਆਂ ਨੋਕਾਂ 'ਤੇ ਟੰਗੇ ਝੂਲਦੇ ਹਨ
ਮਾਸੂਮ ਬਾਲਾਂ ਦੇ ਜਿਸਮ, ਅੱਖਾਂ, ਹੱਥ, ਪੈਰ
ਪਵਿੱਤਰ ਕਿਤਾਬੀ ਢੇਰ ਤੋਂ ਉੱਠੀਆਂ ਗਿਰਝਾਂ
ਮੰਡਰਾਉਂਦੀਆਂ ਹਨ ਨੀਲੇ ਅਸਮਾਨ ਵਿਚ
ਧਰਤੀ ਉੱਤੇ ਤੂਰ ਰਹੇ
ਮਨੁੱਖੀ ਅਕਾਰਾਂ ਦੇ ਅੰਗਾਂ 'ਤੇ ਨਜ਼ਰਾਂ ਟਿਕਾਈ

ਹਰ ਤਰਫ਼, ਬਾਜ਼ਾਰਾਂ ਚੌਰੱਸਤਿਆਂ 'ਚ
ਜਗਦੀਆਂ ਬੁਝਦੀਆਂ ਨੀਓਨ ਲਾਈਟਾਂ ਦੇ ਵਾਂਗ
ਬਹੁ-ਰੰਗੇ ਨੁਮਾਇਸ਼ੀ ਸ਼ਬਦਾਂ ਦਾ ਭਾਰੀ ਸ਼ੋਰ ਹੈ

ਸ਼ਬਦ ਆਉਂਦੇ ਹਨ
ਪੈਰਾਂ 'ਚ ਘੁੰਗਰੂ ਬੰਨ੍ਹ
ਫਰਸ਼ ਨੂੰ ਥਪਥਪਾਉਂਦੇ
ਛਨਣ, ਛਨਣ ਕਰਦੇ
ਜਿਸਮ ਦੇ ਹਜ਼ਾਰ ਆਸਣ ਬਣਾ
ਦੇਵੀ ਦੇਵਤਿਆਂ ਨੂੰ ਡੰਡੌਤ-ਬੰਦਨਾ ਕਰ
ਆਪਣੀਆਂ ਮਧੁਰ ਆਵਾਜ਼ਾਂ 'ਚ
ਸੁਰ ਅਲਾਪਦੇ —

ਕੁਰਸੀਆਂ ਦੇ ਗੀਤ ਲਓ
ਸੁਰ ਲਓ, ਸੰਗੀਤ ਲਓ
ਪੁਸਤਕਾਂ ਦੀਆਂ ਭੂਮਕਾਵਾਂ
ਜੀਵਨੀ, ਸਵੈ-ਜੀਵਨੀ, ਮਰਸੀਏ
ਨਾਵਲ ਕਹਾਣੀ ਤਬਸਰਾ
ਹਰ ਚੀਜ਼ ਦਾ ਇੱਕੋ ਹੀ ਭਾਅ
ਪਹਿਨ ਕੇ ਹਰ ਇਕ ਮੁਖੌਟਾ
ਕਰ ਸਕਦੇ ਹਾਂ ਅਸੀਂ
ਨਾਟਕ ਦੀ ਹਰ ਇਕ ਅਦਾ

ਪਰ ਅਜੇ ਵੀ ਮੱਥਾ
ਤਿਲਕ ਨੂੰ ਤਰਸਦਾ
ਰਾਜਨੀਤੀ, ਧਰਮ, ਵਿਦਿਆ, ਸਭਿਆਚਾਰ
ਹੋਣਗੇ ਇਨ੍ਹਾਂ ਦੇ ਵੀ ਕੋਈ ਅਸੂਲ
ਪਰ ਅਜਿਹੀ ਵਸਤ ਨ ਕੋਈ
ਮਿਲ ਸਕੇਗੀ ਇਸ ਬਾਜ਼ਾਰ
ਹਰ ਤਰ੍ਹਾਂ, ਹਰ ਰੰਗ ਦਾ ਰੱਬ
ਮੰਡੀ ਦੀ ਹੈ ਬੱਸ ਇਕ ਨਿਰੀ ਵਸਤ
ਉਹ ਹੋਰ ਲੋਕ ਹੋਣਗੇ
ਜੋ ਖਲ੍ਹਾ ਵਿਚ ਡੱਬਦੇ ਹਨ
ਸਪੇਸ ਸ਼ਟਲ ਜਾਂ ਸਪੂਤਨਿਕ
ਅਣਜਿੱਤੀਆਂ ਧਰਤੀਆਂ ਜਿੱਤਣ ਲਈ
ਆਤਮਾ ਦਾ ਦੀਵਾ ਬੁਝਾਓ
ਅੰਦਰਲੇ ਆਦਮੀ ਨੂੰ ਸੁਲਾ
ਆਪਣੇ ਅੰਦਰ ਜਾਨਵਰ ਜਗਾਓ
ਜਾਨਵਰ ਤੇ ਟੇਕ ਰੱਖੋ
ਜਾਨਵਰ ਦਾ ਸਿਰ, ਪੂਛ ਤੇ ਕੁਝ ਹੋਰ ਹੱਡ
ਚੁਟਕੀ ਕੁ ਭਰ ਜ਼ਰਦਾ, ਤੰਬਾਕੂ
ਬੰਨ੍ਹ ਸਕਦਾ ਹੈ ਤੁਹਾਡਾ ਨੁੱਕ
ਜਾਨਵਰ ਅੰਦਰ, ਜਾਨਵਰ ਲਈ
ਮੁਕਤੀ ਦੇ ਰਾਹ ਅਮੁੱਕ !

• (TORONTO, ONTARIO)

---


RUPTURE (ਰਪਚਰ)

ਸੰਪਾਦਕ: ਸੁਖਿੰਦਰ
ਐਸੋਸੀਏਟ ਸੰਪਾਦਕ: ਇਕਬਾਲ ਰਾਮੂਵਾਲੀਆ

South-Asian modern art and literature ਦੇ ਅੰਗਰੇਜ਼ੀ ਤ੍ਰੈਮਾਸਕ ਪੱਤਰ ਰਪਚਰ ਦਾ ਪਹਿਲਾ ਅੰਕ 'ਕੈਨੇਡੀਅਨ ਪੰਜਾਬੀ ਕਵਿਤਾ ਅੰਕ' ਅਗਸਤ 1983 ਵਿੱਚ ਪ੍ਰਕਾਸ਼ਤ ਹੋ ਗਿਆ ਹੈ। ਅਗਲੇ ਤਿੰਨ ਅੰਕ ਹੋਣਗੇ:

– ਪਾਕਿਸਤਾਨੀ ਪੰਜਾਬੀ ਕਵਿਤਾ ਅੰਕ
– ਨਵ ਪ੍ਰਗਤੀਵਾਦੀ ਪੰਜਾਬੀ ਕਵਿਤਾ ਅੰਕ
– ਪਰਦੇਸੀ ਪੰਜਾਬੀ ਚਿਤਰਕਾਰ

ਚੰਦਾ:
ਵਿਅਕਤੀਗਤ: ਸਾਲਾਨਾ (30 ਡਾਲਰ)
ਸੰਸਥਾਵਾਂ: ਸਾਲਾਨਾ (40 ਡਾਲਰ)

ਪਤਾ:
The Editor, RUPTURE
Box 732, Postal Station 'A'
Toronto, Ontario, Canada.
M5W 1G2.

## ਸੀਤਲ ਅਮਨ-ਸੁਰ

("ਸੂਫ਼ੀ" ਅਮਰਜੀਤ)

ਅਮਨ ਦੀ ਸੀਤਲ-ਸੁਰ
ਮੇਰੇ ਕੰਨਾਂ ਦੀਆਂ
ਕਨਪਟੀਆਂ ਦੇ ਕੋਲ
ਜਦੋਂ ਹੈ ਪੁੱਜਣ ਲਗਦੀ
ਕੋਈ ਪਾਗਲ
ਖਰੂਦੀ ਚੰਘਾੜ ਮਾਰ ਦੇਵੇ

ਅਜੀਬ ਘੋਲ ਹੈ
ਸੁਖਾਵੀਂ ਸੁਰ ਅਤੇ ਚੰਘਾੜ ਦਾ

ਫਿਰ ਉਹ ਸੀਤਲ ਸੁਰ
ਮੇਰਿਆ ਨੈਣਾਂ ਦੇ ਸਾਹਵੇਂ
ਕੱਥਾਕਲੀ ਨਾਚ ਨੱਚਦੀ
ਹਵਾ ਵਿਚ ਸੁਗੰਧੀਆਂ ਘੋਲਦੀ
ਆ ਪਰਗਟ ਹੋਵੇ ਜਦੋਂ
ਤਾਂ ਇਕ ਮਹਿਖਾਸੁਰ
ਤਾਂਡਵ ਨਾਚ ਦੇ ਸੋਹਲੇ ਗਾਉਂਦਾ
ਪਹਾੜ ਵਾਂਗ ਆ ਸਾਕਾਰ ਹੋਵੇ

ਅਜੀਬ ਘੋਲ ਹੈ
ਜੀਵਨ ਨਾਚ ਦਾ
'ਤੇ ਮੌਤ ਨਾਚ ਦਾ

ਫਿਰ ਉਹ ਸੀਤਲ ਅਮਨ-ਸੁਰ
ਹਵਾ ਵਿਚ ਮਿਲ ਗਈ
ਨੀਲੱਤਣਾਂ 'ਚ ਲਹਿ ਗਈ
ਜਨਸਮੂਹ ਦੇ ਸੁਆਸਾਂ 'ਚ ਲਹਿ ਗਈ

ਹੁਣ ਇਸ ਨਿੱਕੀ ਜਿਹੀ ਧਰਤ ਦੀਆਂ
ਚੌਹ ਕੂੰਟਾਂ 'ਚੋਂ
ਪਰਚੰਡ ਸੰਗੀਤਕ ਗੂੰਜ
ਹੈ ਆ ਰਹੀ !
ਅਮਨ !
ਅਮਨ !!
ਖਰੂਦੀ ਚੰਘਾੜ ਦਾ
ਡਰਾਉਣਾ ਸ਼ੋਰ ਵੀ ਹੈ ਆ ਰਿਹਾ
ਕੰਨਾਂ 'ਚ ਅਜੀਬ
ਆਵਾਜ਼ਾਂ ਨੇ ਪੈ ਰਹੀਆਂ
ਜੀਵਨ ?
ਮੌਤ ?
ਅਮਨ ?
ਜੰਗ ?
ਮੈਂ ਲੋਚਦਾਂ
ਸੀਤਲ ਅਮਨ-ਸੁਰ ਹੀ ਸੁਣਾਂ।

• (SURREY B. C )

## ਕਵਿਤਾ

( ਕਸ਼ਮੀਰਾ ਸਿੰਘ ਚਮਨ )

ਬਾਬਾ ਤੇਰੇ ਘਰ ਆਵਾਂ ਜੇ ਸੱਚ ਕਹਿਣੇ ਤੋਂ ਡਰ ਲਗਦਾ ਏ।
ਚੁੱਪ ਰਹਾਂ ਜੇ ਸੱਚੇ ਸਾਈਆਂ ਜੀਭ ਮੇਰੀ ਨੂੰ ਜਰ ਲਗਦਾ ਏ।

ਮੂੰਹੋਂ ਆਈ ਬਾਤ ਨਾ ਰੁਕਦੀ ਕਹਿਣ ਬਿਨਾ ਮੈਂ ਰਹਿ ਨਹੀਂ ਸਕਦਾ।
ਹੋ ਗਈ ਹੱਦ ਸਹਿਣ ਦੀ ਹੁਣ ਤੇ ਰਹਿ ਨਹੀਂ ਸਕਦਾ ਸਹਿ ਨਹੀਂ ਸਕਦਾ।

ਤੇਰਾ ਸੀ ਉਪਦੇਸ਼ ਅਸਾਂ ਨੂੰ ਨਿਵ ਕੇ ਰਹਿਣਾ ਮਿੱਠਾ ਕਹਿਣਾ।
ਸੇਵਾ ਸਿਦਕ ਸਬਰ ਸ਼ੁਕਰਾਨਾ ਇਹ ਸੀ ਹਰ ਗੁਰਸਿੱਖ ਲਈ ਗਹਿਣਾ।

ਪਰ ਅੱਜ ਤੇਰੇ ਘਰ ਦੇ ਸੇਵਕ ਸੱਜਣ ਠੱਗ ਦੇ ਸਾਨੀ ਜਾਪਣ।
ਬਗਲਾਂ ਦੇ ਵਿਚ ਤਿੱਖੀਆਂ ਛੁਰੀਆਂ ਮੁੱਖੋਂ ਹਉਮੈ ਰਾਗ ਅਲਾਪਣ।

ਅਖਵਾਵਣ ਇਹ ਸੇਵਕ ਤੇਰੇ, ਬਣ ਬੈਠੇ ਹਨ ਵਾਢੂ ਕੁੱਤੇ।
ਦਰ ਆਇਆਂ ਦਾ ਕਰਨ ਨਿਰਾਦਰ, ਨਾਮ ਵਿਹੂਣੇ ਘੁਰਕਣ ਸੁੱਤੇ।

ਵੋਟਾਂ ਬਦਲੇ ਵਰਤ ਰਹੇ ਹਨ ਡਾਂਗਾਂ ਡਾਲਰ ਅਤੇ ਡਰਾਵੇ।
ਹੱਥੀਂ ਲੈ ਪਸਤੌਲ ਕਟਾਰਾਂ ਆਏ ਦਿਨ ਇਹ ਕਰਨ ਵਖਾਵੇ।

ਜਦ ਮੈਂ ਆਵਾਂ ਦਰ ਤੇਰੇ ਤੇ, ਪਏ ਡਰਾਵਣ ਇਹ ਵੱਢ ਖਾਣੇ।
ਇਹ ਕੀ ਜਾਨਣ ਤੇਰੀ ਸਿੱਖੀ, ਅਕਲੋਂ ਅੰਨ੍ਹੇ ਅੱਖੋਂ ਕਾਣੇ।

ਬਾਹਰੀ ਰੂਪ ਇਹਨਾਂ ਦਾ ਸੰਦਰ, ਅੰਦਰੋਂ ਸੱਖਣੇ ਦਿਲ ਦੇ ਕਾਲੇ।
ਇਹ ਹਨ ਚੌਧਰ ਦੇ ਵਣਜਾਰੇ, ਇਹ ਨਹੀਂ ਸਿੱਖੀ ਦੇ ਮਤਵਾਲੇ।

ਮਿਹਰ ਹੋਵੇ ਜੇ ਤੇਰੀ ਸਤਿਗੁਰ ਤੂੰ ਕਾਗਾਂ ਨੂੰ ਹੰਸ ਬਣਾਵੇਂ।
ਮਿਹਰ ਹੋਵੇ ਜੇ ਤੇਰੀ ਨਾਨਕ ਦਇਆ ਧਰਮ ਦੀ ਗੰਗ ਵਗਾਵੇਂ।

ਚਮਨ ਤੇਰੇ ਦੀ ਮਹਿਕ ਨੂੰ ਦਾਤਾ ਫੜ ਕੇ ਜਿਹਨਾਂ ਪਟਾਰੀ ਪਾਇਆ।
ਇਹ ਤਾਂ ਸੇਵਕ ਹੋ ਨਹੀਂ ਸਕਦੇ ਇਹ ਕੀ ਦਾਤਾ ਖੇਡ ਰਚਾਇਆ।

• (CALGARY, ALBERTA)

## ਸਾਡਾ ਪਿੰਡ-ਤੇਰਾ ਸ਼ਹਿਰ

( ਜੋਗਿੰਦਰ ਸ਼ੀਆਂ)

ਸਾਡੇ ਪਿੰਡ ਤਾਂ ਚੰਨ ਵੀ ਚੜ੍ਹਨੋਂ ਹਟ ਗਿਆ,
ਤੇਰੇ ਸ਼ਹਿਰ ਚਾਨਣ ਕਰਨ ਬਿਜਲੀਆਂ।
ਸਾਡੇ ਪਿੰਡ ਤਾਂ ਜੋਬਨ ਸੁੱਕ ਗਿਆ ਬਹਾਰ ਨੂੰ,
ਤੇਰੇ ਸ਼ਹਿਰ ਪੱਤਝੜ ਨੂੰ ਵੀ ਉੱਡਣ ਤਿਤਲੀਆਂ।
ਤੇਰੇ ਸ਼ਹਿਰ ਤਾਂ ਕਬਰਾਂ ਵਿਚ ਵੀ ਲੋਕ ਨੱਚਦੇ,
ਸਾਡੇ ਪੈਣੋਂ ਹਟਗੀਆਂ ਮਹਿਫ਼ਲਾਂ 'ਚ ਕਿੱਕਲੀਆਂ।
ਤੇਰੇ ਸ਼ਹਿਰ ਭੀੜ ਦਿਨ ਵਾਂਗ ਰਹਿੰਦੀ ਰਾਤਾਂ ਨੂੰ,
ਸਾਡੇ ਪਿੰਡ ਤਾਂ ਦਿਨੇ ਵੀ ਹਾੜ ਬੋਲਦਾ।
ਤੇਰੇ ਹਾਏ ਕਹਿਣ ਤੇ ਵਖ਼ਤ ਪੈ ਜਾਏ ਸ਼ਹਿਰ ਨੂੰ,
ਸਾਡੇ ਤਾਂ ਮਰ ਜਾਣ ਤੇ ਵੀ ਨਾਂ ਕੋਈ ਕਵਾੜ ਖੋਲ੍ਹਦਾ।
ਸਾਡੇ ਵਲੋਂ ਪੱਤਝੜ ਕਹਿ ਦਿਉ ਬਹਾਰਾਂ ਨੂੰ,
ਸਾਡਾ ਬਾਗ਼ ਬੇਸ਼ਕ ਹੋਰ ਉਜਾੜ ਦਿਉ।
ਸਾਡੇ ਦਿਲ ਵਿਚ ਥਾਂ ਬਥੇਰੀ ਫਿਰ ਵੀ ਤੇਰੇ ਲਈ,
ਸਾਨੂੰ ਬੇਸ਼ਕ ਪੈਰਾਂ ਹੇਠ ਲਿਤਾੜ ਦਿਉ।

• ( FORT NELSON, B.C.)

# ਵਤਨ ਫੇਰੀ

## ਮਿੱਤਰ ਰਾਸ਼ਾ

ਅਸੀਂ ਯਾਦਾਂ ਦੇ ਸਮੁੰਦਰ 'ਚੋਂ
ਇਕ ਬੂੰਦ ਪੀਣ ਆਏ
ਬੂੰਦ ਪੀਣ ਦਈਂ ਨੀ ਮਾਏ
ਅਸੀਂ ਬੜੇ ਤ੍ਰਿਹਾਏ

ਅਸੀਂ ਹੰਸ ਨਹੀਂ
ਜੋ ਲਾ ਉਡਾਰੀ
ਚੁਗਣ ਆਏ
ਮੋਤੀਆਂ ਦੀ ਕਿਆਰੀ
ਵਿਮਾਨ ਦੇ ਪਰਾਂ ਨਾਲ ਉੱਡ
ਦਾਣਾਂ ਕੁਣਕਾ ਚੁਗਣ ਆਏ
ਬੀਤੇ ਦੇ ਬਲੌਰੀ ਰੰਗਾਂ 'ਚ
ਲਿਸ਼ਕੇ ਯਾਦਾਂ ਦਾ
ਸੱਤ ਰੰਗੀ ਸ਼ੀਸ਼ਾ
ਕਿਤੇ ਇਹ ਸ਼ੀਸ਼ਾ
ਤਿੜਕ ਨਾ ਜਾਏ
ਇਹ ਸ਼ੀਸ਼ਾ ਤੱਕਿਆਂ
ਨੈਣੀਂ ਸਾਡੇ
ਬਹਿਸ਼ਤ ਫੇਰਾ ਪਾਏ

ਸਰਘੀ ਦਾ ਅਸਾਂ
ਸੂਰਜ ਤੱਕਣਾਂ
ਰਾਤ ਦੇ ਤੱਕਣੇਂ ਤਾਰੇ
ਉਹਨਾਂ ਗਲੀਆਂ ਦੀ
ਜ਼ਿਆਰਤ ਕਰਨੀ
ਜਿਨ੍ਹਾਂ ਗਲੀਆਂ 'ਚ
ਗੱਲਾਂ ਸਨ ਕਰਦੇ
ਸਾਡੇ ਮਾਸੂਮ ਇਸ਼ਾਰੇ
ਜਿਨ੍ਹਾਂ ਗਲੀਆਂ ਨੂੰ
ਚੇਤੇ ਕਰ
ਸਾਡਾ ਚਿੱਤ ਚੋਰੀ ਹੋ ਜਾਏ

ਜਿਸ ਫ਼ਿਜ਼ਾਂ 'ਚ
ਸਾਡੇ ਬੋਲ ਗਵਾਚੇ
ਦੱਬੇ ਪਏ ਸੁੱਚੇ ਹਾਸੇ
ਓਸ ਫ਼ਿਜ਼ਾਂ 'ਚ ਘੁੰਮਦਿਆਂ
ਨੈਣਾਂ ਹੰਝੂ ਛਲਕਾਏ

ਅਸੀਂ ਯਾਦਾਂ ਦੇ ਸਮੁੰਦਰ 'ਚੋਂ
ਇਕ ਬੂੰਦ ਪੀਣ ਆਏ
ਬੂੰਦ ਪੀਣ ਦੇਈਂ ਨੀ ਮਾਏਂ
ਅਸੀਂ ਬੜੇ ਤ੍ਰਿਹਾਏ।

• (OTTAWA, ONTARIO)

# ਇਕ ਕਵਿਤਾ

## ਚਰਨ ਸਿੰਘ

ਤੂੰ ਕੋਈ ਬਾਜ਼ ਨਹੀਂ,
ਚਿੜੀਆਂ ਦਾ ਹੈ ਚੋਗਾ।
ਬੇਖਬਰ !
ਹਸਤੀਏ-ਪੱਤਾ ਹੀ ਸ਼ਜਰ ਹੈ।
ਇਕ ਬੂੰਦ ਸਮੁੰਦਰ ਹੈ,
ਇਕ ਜ਼ਰਾ ਤੂਫਾਨ ਹੈ।

ਤੇਰਾ ਹੀ ਚਿਹਰਾ ਹੈ,
ਤੇਰਾ ਹੀ ਦਰਪਣ ਹੈ।
ਤੇਰੀ ਹੀ ਸੂਲੀ ਤੇ,
ਤੇਰੀ ਹੀ ਗਰਦਨ ਹੈ।

ਤੇਰਾ ਹੀ ਪਿੱਛਾ ਸੀ,
ਤੇਰੇ ਜੋ ਅੱਗੇ ਹੈ।
ਤੇਰੇ ਹੀ ਮਾਹੁਰੇ ਦਾ,
ਤੇਰੇ ਤੇ ਅਸਰ ਹੈ।
ਤੇਰੇ ਹੈ ਸਾਵੇਂ ਅੱਜ,
ਤੇਰਾ ਜੋ ਹਸ਼ਰ ਹੈ।

ਕਲ੍ਹ ਸ਼ਾਮ ਜੋ ਚੁਲ੍ਹਿਆਂ 'ਚੋਂ,
ਇਕ ਸਰਦ ਉਬਾਸੀ ਸੀ।
ਅੱਜ ਗੁਬਾਰ ਬਦਲ ਗਈ,
ਦਾਵਾਨਲ ਬਣਿਆ ਹੈ।

ਬਸਤੀ ਦਾ ਪਸੀਨਾ ਹੀ,
ਹਨ ਤਾਜ ਦੀਆਂ ਨੀਹਾਂ।
ਇਸ ਤਾਜ ਦੇ ਸਾਏ 'ਚ,
ਬਸਤੀ ਦੀ ਹਥੇਲੀ ਤੇ
ਇਕ ਜੰਗਲ ਉਘਿਆ ਹੈ।
ਇਹ ਕਿਸ ਦੀ ਮਿਹਨਤ ਸੀ ?
ਕਿਸ ਦਾ ਸਰਮਾਇਆ ਹੈ ?
ਏ !

ਰੋਸ਼ਨ ਫ਼ਾਨੂਸਾ !!
ਬਸਤੀ ਦਾ ਹਨੇਰਾ ਵੀ,
ਤੇਰੇ 'ਚੋਂ ਹੀ ਆਇਆ ਹੈ।
ਖੇਤਾਂ ਵਿਚ ਬੀਜ ਦਿਉ,
ਹਾੜੀ ਤਲਵਾਰਾਂ ਦੀ।
ਧਰਤੀ ਨੂੰ ਲੋਕਾਂ ਨੂੰ
ਪੌਣਾਂ ਥੀਂ ਸੁਣਾਇਆ ਹੈ।
('ਮਿੱਟੀ 'ਚ ਉੱਗਰੇ ਅੱਖਰ' ਵਿੱਚੋਂ)

• (RICHMOND, B.C.)

# ਕੌਲ 'ਕਰਾਰ

## ਜਸਵੰਤ ਮਾਂਗਟ

ਕੌਲ 'ਕਰਾਰ ਕਰੇ
ਦੁੱਖ ਹੋਵੇ
ਮਿੱਤਰ ਕੌਲ ਤੁੜੇਂਦੇ

ਰਾਤ ਮਘੇਂਦੀ
ਉਹ ਗਲ ਲਗਦੇ
ਰੋ ਰੋ ਮੋਹ ਜਤੇਂਦੇ
ਕੋਰਾ ਜਿਸਮ
ਕੁਆਰੇ ਚਾਅ ਹਨ
ਰੀਝਾਂ ਨਾਲ ਹੰਢੇਂਦੇ
ਪਤਲੇ ਹੋਠ ਗੁਲਾਬੀ-ਪੱਤੀਆਂ
ਸ਼ਿਕਰੇ ਯਾਰ ਚਬੇਂਦੇ
ਧੁਖਦੀ ਅਗਨੀ
ਹੋਰ ਬਲੇਂਦੇ
ਸਾਡੇ ਤਨ ਡਾਹ ਦੇਂਦੇ
ਸਾਡਾ ਜੋਬਨ ਪੀ ਪੀ
ਪਾਪੀ
ਤਨ ਦੀ ਤਰੇਹ ਮਟੇਂਦੇ
ਪਿੰਜਰ ਛੂੰਡ ਉਹ
ਟਿੱਭਦੇ ਵਤਨੀਂ
ਮੁੜ ਨਾ ਨਜ਼ਰ ਕਰੇਂਦੇ
ਕੱਚੇ ਕੌਲ ਤਰੇਂਦੇ ਹੰਝੀਂ
ਖੁਰਦੇ ਡੁਬ ਮਰੇਂਦੇ
ਜਿੰਦ ਬਿਰਹਾ ਦੇ
ਫਾਹ ਲਗੇਂਦੀ
ਕੱਚਿਆਂ ਦੋਸ਼ ਨਾ ਦੇਂਦੇ
ਮੈਂਡਾ ਯਾਰ ਮਿਲਾਓ
ਸਈਓ
ਹਿਜ਼ਰ ਦੇ ਬਾਣ ਸਤੇਂਦੇ

ਕੌਲ 'ਕਰਾਰ ਕਰੇ
ਦੁੱਖ ਹੋਵੇ
ਮਿੱਤਰ ਕੌਲ ਤੁੜੇਂਦੇ।
(ਛਪ ਰਹੀ ਪੁਸਤਕ 'ਸਿੱਪੀਆਂ' ਵਿੱਚੋਂ)

• (VANCOUVER, B.C.)

## ਸੂਹਾ ਸੂਰਜ
(ਜਰਨੈਲ ਸਿੰਘ)

ਸੱਚ ਨੂੰ ਬੇਸ਼ੱਕ ਸੂਲੀ ਦੇ ਗਲ ਪਾਵੇ
ਸਫ਼ਰਨਾਮੇਂ ਜਿਹਾ ਗੀਤ ਤਾਂ ਗਾਵੇ
ਤੰਤ-ਤਮਾਸ਼ਾ ਸੁਣ ਸੁਣ ਜਾਣੇ
ਲੋਕ ਤਾਂ ਕੰਨੋਂ ਬੋਲੇ-ਹੋਏ।

ਸਹਿਮੀਆਂ ਸਹਿਮੀਆਂ ਗਲੀਆਂ ਅੰਦਰ
ਸਹਿਮੇਂ ਪੰਛੀ ਕੁੱਖੀਂ ਛੁੱਪ ਗਏ
ਹਾਕਮ ਲੋਕੀਂ ਖ਼ੰਜਰ ਲੈ ਕੇ
ਖ਼ੂਨ ਵਹਾਉਂਦੇ ਬੋਲੇ ਹੋਏ।

ਕਾਲੇ ਧਨ ਦੀ ਮੱਸਿਆ ਨਾਹ ਕੇ
ਮੂੰਹੋਂ ਰਾਮ ਰਹੀਮ ਪੁਕਾਰਨ
'ਬਾਬੂ' ਪੈਸਾ ਨਾਨਕ ਧਾਇਆ
ਧਰਮ ਕਰਮ ਸਭ ਛੁੱਪ ਖਲੋਏ।

ਕੂੜ ਕੱਪਟ ਦੀ ਛਾਂ ਮਾਣਕੇ
ਆ ਤੱਕੀਏ 'ਤੇ ਧਹਿੰਦੇ ਲੋਕੀਂ
ਨਾਹਰੇ, ਮੋਹਲੇ, ਭੇਟਾਂ ਜਾਣੇ
ਆਜ਼ਾਦੀ ਦੇ ਨਗ਼ਮੇਂ ਹੋਏ।

ਕੋਈ ਨਾ ਹੱਕ ਤੇ ਧਰਦਾ ਜਿਗਰਾ
ਕੋਈ ਨਾ ਦਿੱਲ ਤੁਸਾਡੇ ਕਹਿੰਦਾ
ਉਹ ਤਾਂ ਖੱਦਰ-ਖ਼ਾਨਾਂ ਦੇ ਸੰਗ ਉੱਧਲੀ
ਕਾਹਨੂੰ ਫ਼ੀਮੀਆਂ ਸ਼ੁੰਮਰ ਛੋਹੇ ?

ਕਾਨ੍ਹ ਘਨੱਈਆ ਬਣੇ ਵਪਾਰੀ
ਤਨ ਮੰਦਰ ਨੂੰ ਕੋਈ ਨਾ ਪੁੱਛਦਾ
ਪਿਰਲੇ ਮੰਦਰ ਲੱਖਾਂ ਲੋਕੀਂ
ਮੂਰਤੀਆਂ ਨਾਲ ਧਨ ਧਨ ਢੋਏ।

ਪੁੱਤ ਇੰਦਰਾਣੀ ਬਾਪਿਆ ਰਾਜਾ
ਧੋਤੀਆਂ ਟੰਗ ਦਰਬਾਰੀ ਨੱਠੇ
ਤਿਲਕ ਲਗਾਉਂਦੇ ਉਹਦੇ ਮੱਥੇ
ਛਤਰ ਝੁਲਾਉਂਦੇ ਕਮਲੇ ਹੋਏ।

ਲੋਕਾਂ ਦਾ ਧਨ ਚੋਰੀ ਕਰਦਿਆਂ
ਉਮਰ ਬਤਾਈ ਸਾਰੀ
ਚਿੱਟੇ ਭੇਸ਼ਨ, ਕਾਲੇ ਬਗਲੇ
ਕੈਸੇ ਸਾਡੇ ਨੇਤਾ ਹੋਏ?

ਛੱਪਰ ਢਾਹੇ, ਕੁਹਿ ਕੁਹਿ ਸਾੜੇ
ਫਿਰ ਗਲਾਂ ਦੇ ਪੈ ਗਏ
ਹਰ ਇਕ ਮੂੰਹ ਤੇ ਲੱਗਾ ਜੰਦਰਾ
ਬਾਹੀਂ ਸੰਗਲ ਲੱਥੇ ਹੋਏ।

ਸਲੀਮ! ਹੱਟ ਦੇ ਦੋਹੀਂ ਪਾਸੀਂ
ਕੋਹ ਰਕੀਬਾਂ ਆਪਹਿਆਂ ਨੂੰ
ਲਾਵੇ ਦੇ ਪਹਾੜਾਂ ਦੀ ਚੁੱਪ ਤਾਂ
ਕਬਰਾਂ ਵਰਗੀ ਚੁੱਪ ਨਾ ਹੋਏ।

ਅਗਨ ਦੇਸ਼ ਦੀ ਉਹੋ ਨਾਰੇ
ਭੱਠੀ ਅੰਦਰ ਲੋਹ ਪੰਘਾਰੇ
ਦਾਤੀਆਂ ਹਥੌੜੇ ਕਰੋ ਇਕੱਠੇ
ਆਸ਼ੀਂ ਜੇਰੀ ਬੱਦਲ ਹੋਏ।

ਖ਼ੂਨ ਦਿੱਤਿਆਂ ਆਏ ਆਜ਼ਾਦੀ
ਕਹਿ ਗਏ 'ਗ਼ਦਰੀ ਬਾਬੇ'
ਫਜ਼ ਸੰਗੀਨਾਂ, ਕੱਟ ਹਨ੍ਹੇਰਾ
ਸੂਹਾ ਸੂਰਜ ਰੌਸ਼ਨ ਹੋਏ।

• ( Vancouver, B.C.)

## ਆਜ਼ਾਦੀ
(ਦਲਜਿੰਦਰ)

ਮੈਂ ਜਾਣਦਾ ਹਾਂ
ਕਲੰਡਰ 'ਚੋਂ ਤਾਰੀਖ
ਕਿਵੇਂ ਨਿਕਲ ਜਾਂਦੀ ਹੈ।
ਇਸ ਦਿਨ ਦੇ ਅਰਥ
ਉਹ ਲੋਕ ਜਾਣਦੇ ਹਨ
ਜਿਨ੍ਹਾਂ ਨੂੰ ਆਜ਼ਾਦੀ ਮਿਲੀ ਹੈ

ਇਸ ਦਿਨ ਦੇ ਅਰਥ
ਸਰਕਾਰੀ ਦਫ਼ਤਰਾਂ ਤੱਕ
ਸੀਮਤ ਹਨ-
ਜਿੱਥੇ ਅੱਜ ਜਾਮ ਖੜਕਣਗੇ
ਤੇ ਅਫ਼ਸਰਾਂ ਦੇ ਬੱਚੇ
ਕਿਸੇ ਪਿਕਚਰ ਦਾ 'ਈਵਨਿੰਗ ਸ਼ੋ' ਵੇਖਣਗੇ
ਪਰ ਮੈਂ ਜਾਣਦਾ ਹਾਂ
ਆਜ਼ਾਦੀ ਇੱਕ ਮ੍ਰਿਗ ਤ੍ਰਿਸ਼ਨਾ ਹੈ
ਇਹ ਚਾਂਦੀ ਦੀ ਸ਼ੀਲਡ ਉੱਤੇ
ਪਿੱਤਲ ਦੀ ਝਾਲ ਹੈ
ਤੇ ਮੈਂ ਪਿੱਤਲ ਪਛਾਣ ਸਕਦਾ ਹਾਂ!

ਆਓ ਦੋਸਤੋ
ਅੱਜ ਤੁਹਾਨੂੰ ਸਮਾਂ ਕਹਿੰਦਾ ਹੈ:
ਇਸ ਤਾਰੀਖ ਦੀ ਲਾਲ ਜਿਲਦ
ਕਿਸੇ ਹੋਰ ਤਾਰੀਖ ਉੱਤੇ ਚੜ੍ਹਾ ਦੇਈਏ
• (Calgary, Alberta)

## ਤੋਰ

(ਦਰਸ਼ਨ ਗਿੱਲ)

ਸਾਦਗੀ ਵਿੱਚ ਝਲਕਦੀ ਹੈ ਜ਼ਿੰਦਗੀ।
ਸ਼ਿੰਗਾਰ ਹੁੰਦਾ ਹੁਸਨ ਦੇ ਲਈ ਖੁਦਕਸ਼ੀ।

ਤੜਪਦਾ ਹੈ ਤਾਂ ਉਹਨੂੰ ਤੜਪਣ ਦਿਓ,
ਤੜਪ ਉਹਦੀ ਹੈ, ਉਹਦੀ ਬੇਚਾਰਗੀ।

ਕਲਪ ਰਹੇ ਨੇ ਕੁਝ ਦੋਸਤ ਮਿਰੇ,
ਮੰਨੀ ਕਿਉਂ ਨਾ ਮੈਂ ਕਰੇ ਅਧੀਨਗੀ।

ਤੁਰ ਰਿਹਾ ਹਾਂ, ਤੁਰਦਾ ਰਿਹਾਂ ਹਮੇਸ਼,
ਤੁਰਦੇ ਰਹਿਣਾ ਆਦਮੀ ਦੀ ਬੰਦਗੀ।

ਗੱਲ ਕਰਦੇ ਨੇ ਸਦਾ ਉਹ ਸ਼ੀਲ ਦੀ,
ਜਿਨ੍ਹਾਂ 'ਚ ਨਾ ਆਈ ਕਦੇ ਰਵਾਨਗੀ।

● (Vancouver, B.C.)

## ਨਸਲਵਾਦੀ-ਇੱਕ ਤਸਵੀਰ

(ਸਟੀਫ਼ਨ ਗਿੱਲ)

ਇਹ ਸਵੇਰ ਨੂੰ ਸਤਾਉਣ ਵਾਲੇ ਝੱਖੜ
ਪੱਤਿਆਂ ਵਿੱਚ ਰਹਿਣ ਵਾਲੇ ਕੀੜੇ
ਬਦਬੂਦਾਰ ਗਿੱਧਾਂ
ਇੰਨੇ ਠੰਢੇ ਕਿ ਕੋਈ ਛੂਹ ਵੀ ਨਾ ਸੱਕੇ

... ਦੇ ਪਿਆਸੇ
ਅਜਨਬੀਆਂ ਤੋਂ ਡਰਨ ਵਾਲੇ
ਡਰਪੋਕ ਤੇ ਭਜਾਉਣ ਵਾਲੇ
ਇਹ ਮੁਸਕਾਉਂਦੇ ਸ਼ਾਈਲੌਕ
ਸੜਦੀਆਂ ਕਬਰਾਂ ਵਿੱਚ ਬੈਠੇ ਨੇ

ਹਰ ਟਾਪੂ ਦੂਜਿਆਂ ਤੋਂ ਦੂਰ
ਇਹ ਨਸਲਵਾਦੀ
ਨਫ਼ਰਤਾਂ ਦੇ ਪਥਰੀਲੇ ਤੋਦੇ
ਉਹਨਾਂ ਦਿਲਾਂ ਵਿੱਚ ਤੈਰਦੇ ਨੇ
ਜਿੱਥੇ ਅਗਿਆਨਤਾ ਦੇ ਤੇਰ ਨੇ

● (Cornwall, Ontario)

## ਗੋਰਖ-ਧੰਦਾ

(ਰਜਿੰਦਰ)

ਤੂੰ ਮੈਨੂੰ ਪੁਰਜ਼ਾ ਪੁਰਜ਼ਾ ਲੰਗਾਰ ਸੁੱਟਿਆ ਹੈ
ਛੂੰਛੀ ਤਰ, ਟੰਗੀ ਤਰ
ਮਾਸ ਦੀਆਂ ਬੋਟੀਆਂ
ਖਿੰਡ ਪੁੰਡ ਗਈਆਂ ਨੇ ਹਰਾਸੀਆਂ ਹੋਈਆਂ।
ਦੇਖ, ਇਨ੍ਹਾਂ ਵਿੱਚ ਹਰਕਤ ਹੈ
ਬੇਹੋਸ਼ ਅਹਿੱਲ ਨਹੀਂ ਪਈਆਂ,
ਇਸ ਪਰਾਏ ਕਮਰੇ ਵਿੱਚ
ਕੰਧਾਂ ਨਾਲ,
ਛੱਤ ਹੇਠ
ਫਰਸ਼ ਉੱਤੇ ਧੜਕਦੀਆਂ
ਤੇ ਹਵਾ ਵਿੱਚ ਮੰਡਲਾ ਰਹੀਆਂ ਨੇ !!
ਇਹ ਉਧੜ ਦੁਧੜਾ ਖਲੇਰਾ
ਸਮੇਟਣਾ ਹੋਏਗਾ
ਗੋਰਖਧੰਦੇ ਦੇ ਇਹਨਾਂ
ਲਹੂ ਲੁਹਾਣ ਟੁਕੜਿਆਂ ਨੂੰ
ਮੁੜ ਆਪਣੀ ਥਾਂ ਜੜਨਾ ਪਏਗਾ,
ਇਹਨਾਂ ਪੁਰਜ਼ਿਆਂ ਨੂੰ ਜੋੜਕੇ
ਫਿਰ ਇਕ ਸਾਬਤ ਔਰਤ ਦਾ
ਕਲਬੂਤ ਘੜਨਾ ਪਏਗਾ
ਜਿਸਦੇ ਨਕਸ਼ ਸਿਆਣੇ ਜਾ ਸਕਣ
ਜਿਸਦਾ ਮੁਹਾਂਦਰਾ ਪਛਾਣਿਆ ਜਾ ਸਕੇ।

● (Toronto, Ontario)

## ਮੇਰ ਤੇਰ

(ਹਰਦੇਵ ਸਿੰਘ)

ਨਾਂ ਮੈਂ ਉਹਨਾਂ ਦਾ, ਨਾਂ ਉਹ ਮੇਰੇ
ਪਰ ਤਦ ਵੀ ਲੋਕਾਂ ਦੇ ਨੇੜੇ ਜਾਕੇ
ਉਹਨਾਂ ਨੂੰ ਗਲਵੱਕੜੀ ਪਾ ਕੇ
ਪਿਆਰ-ਮੁਹੱਬਤ ਕਰਨਾਂ ਚਾਹਵਾਂ

ਆਓ ਸਾਰੇ, ਬਿਨਾਂ ਤੇਰ ਤੋਂ, ਬਿਨਾਂ ਮੇਰ ਤੋਂ
ਠੱਲ੍ਹੀਏ, ਤਰੀਏ, ਮੈਂ ਅਸਮਾਨੀਂ ਤਾਰੀਆਂ ਲਾਈਏ
ਮੈਂ ਅਸਗਾਹ ਸਮੁੰਦਰ 'ਚ ਠਿੱਲ੍ਹਣਾ ਚਾਹਾਂ
ਬਿਨਾਂ ਕਿਸੇ ਨਾਲ ਇੱਕਮਿੱਕ ਹੋਇਆਂ
ਬਿਨਾਂ ਏਸ ਤੋਂ ਮੁਨਕਰ ਹੋਇਆਂ.
ਜਿੱਥੇ ਹੋਵਾਂ, ਜਿਸ ਕੋਲ ਹੋਵਾਂ
ਓਸੇ ਜੋਤ ਸੰਗ ਜੋਤ ਸਮਾਵਾਂ

ਮੈਨੂੰ ਜੇ ਇਸ ਤੋਂ ਵਰਜੋਗੇ
ਤਦ ਵੀ ਮੈਂ ਤਾਂ
ਮੈਂ ਵਰਗਾ ਹਾਂ।

● (Willowdale, Ontario)

## ਵੰਗਾਰ

(ਹਰਦੇਵ ਵਿਰਕ)

ਕਿਧਰੇ ਫਰਾਂਸ ਜਾਂ ਚਿੱਲੀ ਵਿੱਚ
ਬਿਫਰਿਆਂ ਪੋਪਾਂ ਦੀ ਅੰਨ੍ਹੀ ਵਹਿਸ਼ਤ ਵੇਖਕੇ ਤਾਂ ਨਹੀਂ ਮਾਯੂਸ ਹੋ ਗਿਆ?
ਪਰ ਸਾਥੀ ਮਾਯੂਸ ਨਾ ਹੋ!
ਕਿਊਬਾ, ਵੀਅਤਨਾਮ, ਨਿਕੋਰਾਗੋਆ ਦੇ ਸਾਥੀ
ਤੇਰੀ ਮਾਯੂਸੀ ਨੂੰ ਇੱਕ ਜੁਝਾਰੂ ਜੋਸ਼ ਵਿੱਚ ਵੇਖਣ ਲਈ ਉਤਾਵਲੇ ਨੇ।
ਉਨ੍ਹਾਂ ਲੈਨਿਨ ਦੀਆਂ ਪੈੜਾਂ ਲੱਭ ਕੇ
ਤੇਰੀ ਮੰਜ਼ਲ ਤੇਰੇ ਹੋਰ ਕਰੀਬ ਲੈ ਆਂਦੀ ਏ।
ਸੋ ਉੱਠ,
ਵੇਲੇ ਦੀ ਨਜ਼ਾਕਤ ਦੀ ਪਛਾਣ ਕਰ –
ਜਿਨ੍ਹਾਂ ਸਮੇਂ ਨੂੰ ਜਾਣਿਆ,
ਉਨ੍ਹਾਂ ਅੱਗੇ ਕੋਈ ਔਰੰਗਾ ਜਾਂ ਨਾਦਰ ਸ਼ਾਹ ਰੋੜਾ ਨਹੀਂ ਬਣਿਆ
ਅਤੇ ਨਾ ਹੀ ਗੋਰਾ ਸਿੰਘ ਹੌਂਡੇ 'ਤੇ ਹਸਤੀਆਂ ਖ਼ਤਮ ਕਰਨ ਵਾਲੇ
ਫਰੰਗੀ ਥਿਰ ਰਹੇ।
ਉਂਞ ਇਸ ਤਰ੍ਹਾਂ ਲਗਦੈ
ਜਿਵੇਂ ਗੁਰੂ ਗੋਬਿੰਦ ਦੀ ਚੰਡੀ ਦੀ ਵਾਰ ਦਾ ਅਨੁਵਾਦ
ਐਲਸਲਵਾਡੋਰ ਦੇ ਗੁਰੀਲਿਆਂ ਪਹਿਲਾਂ ਕਰ ਲਿਐ,
ਜਿਹੜੇ ਅੱਜ ਊਧਮ ਸਿੰਘ ਦੇ ਬੰਬ ਦਾ ਧਮਾਕਾ ਬਣਕੇ –
ਰੇਗਨ ਦੇ ਵਾਈਟ ਹਾਊਸ ਦੀਆਂ ਕੰਧਾਂ ਉਡਾ ਕੇ –
ਬਣਾ ਰਹੇ ਨੇ ਮਜ਼ਦੂਰ ਦੇ ਉੱਜਲ ਭਵਿੱਖ ਲਈ ਕਾਨੂੰਨ।

• (Edmonton, Alberta)

---

## ਲਾਵਾਰਸ

(ਤੇਜੀ ਨਿੱਜਰ)

ਖੂਹਾਂ ਕੋਲੋਂ ਵਿੱਛੜੀਆਂ ਟਿੰਡਾਂ
ਨਸਾਰ ਨਾ ਵਹਿੰਦੇ ਪਾਣੀ
ਗੇੜਾ ਸੁਣਦੀ ਸਾਂਝ ਗੁਆਚੀ
ਕਰਜ਼ੇ ਹੋ ਗਏ ਹਾਣੀ।

ਅੱਜ ਭੜੋਲੀ ਨਾ ਪੁੱਛਣ ਪਾਥੀਆਂ
ਨਾ ਰਿੱਝਣ ਤੌੜੀ ਦਾਲਾਂ
ਪਿੰਡ ਮੇਰੇ ਅੱਜ ਸ਼ਹਿਰੀਂ ਤੁਰ ਗਏ
ਉਜੜੀਆਂ ਨਹਿਰਾਂ ਖਾਲਾਂ।

ਧੂੰਏਂ ਓਹਲੇ ਲੁਕ ਬੈਠੇ ਨੇ
ਦਾਤਣ ਭਰੇ ਸਵੇਰੇ
ਬੁੱਲ੍ਹਾਂ ਕੋਲੋਂ ਖੁੱਸੇ ਹਾਸੇ
ਕੌਣ ਬੰਸਰੀਆਂ ਛੇੜੇ।

ਕੁੱਕੜਾਂ ਕੋਲੋਂ ਖੋਹੀਆਂ ਬਾਂਗਾਂ
ਦੱਸਣ ਖੁੱਡੇ ਖਾਲੀ
ਤੋੜ ਸੁੱਟੀ ਲੋਹੇ ਦੇ ਬਲਦਾਂ
ਮੇਰੀ ਹਲ ਪੰਜਾਲੀ।

ਕਣਕਾਂ ਦੀ ਥਾਂ ਪੋਹਲੀ ਉੱਗੀ
ਖੂਹਾਂ ਦੇ ਵਿੱਚ ਰੇਤਾ
ਤਿਸਕੇ ਗਾਉਂਦੇ ਗਾਉਂਦੇ ਭੁੱਲਿਆ
ਮਾਂ ਬੋਲੀ ਦਾ ਚੇਤਾ।

ਸੱਖਣੇ ਅੱਜ ਤ੍ਰਿੰਞਣ ਸਾਡੇ
ਨਾ ਕਿਸੇ ਚਰਖੀ ਡਾਹੀ
ਕੱਟਣ ਅੱਜ ਮੁਟਿਆਰਾਂ ਤੁਰੀਆਂ
ਗੰਦਲਾਂ ਦੀ ਥਾਂ ਕਾਹੀ।

ਸਾਨੂੰ ਕਿਸੇ ਨਾ ਲੁੱਟਿਆ ਜਾਣੇ
ਲੁੱਟਿਆ ਸਾਡੇ ਚਾਵਾਂ
ਸੁੱਕਿਆਂ ਰੁੱਖਾਂ ਕੋਲੋਂ ਭਾਲਣ
ਰੁੱਤਾਂ ਵਰਗੀਆਂ ਛਾਵਾਂ।

ਦੀਹਦੀ ਛੱਤ 'ਤੇ ਟੰਗੇ ਮਾਪੇ
ਬੇਬੀ ਸਿਟਿੰਗ ਕਰਦੇ
ਰਾਤੀਂ ਸੌਣ ਲਈ ਇੱਕੋ ਮੰਜੀ
ਸ਼ਰਮੋ ਸ਼ਰਮੀ ਮਰਦੇ।

ਬਣੇ ਮਜ਼ਦੂਰ ਤੇ ਤੋੜਨ ਫਲੀਆਂ
ਅੱਜ ਮੁਰੱਬਿਆਂ ਦੇ ਮਾਲਕ
ਸੜਕਾਂ ਦੇ ਵਿੱਚ ਰੁਲਦੇ ਫਿਰਦੇ
ਅੱਜ ਸੜਕਾਂ ਦੇ ਪਾਲਕ।

ਗੋਬਿੰਦ ਵਰਗਾ ਬਾਪ ਅਸਾਡਾ
ਗੁਜਰੀ ਵਰਗੀ ਮਾਤਾ
ਵਿੱਚ ਪਰਦੇਸਾਂ ਰੁਲਣ ਲਾਵਾਰਸ
ਵੇਖਣ ਲੋਕ ਤਮਾਸ਼ਾ।

• (Kitchener, Ontario)

## ਮਾਂ ਪੁੱਛੇਗੀ

ਮਹਿੰਦਰ ਸੂਮਲ

ਮਾਂ ਪੁੱਛੇਗੀ ਕੀ ਦੱਸਾਂਗੇ
ਉਮਰ ਗੁਆਕੇ ਮੁੜ ਆਏ ਹਾਂ
ਪੱਛਮ ਦੇ ਵਰ੍ਹਿਆਂ ਨਾਲ ਲੱਦੀ
ਜੂਨ ਹੰਢਾ ਕੈ ਮੁੜ ਆਏ ਹਾਂ
ਫਿਕਰਾਂ ਦੇ ਸਾਗਰ ਵਿਚ ਡੁੱਬੇ
ਗੋਤੇ ਖਾਕੇ ਮੁੜ ਆਏ ਹਾਂ
ਲੱਭਣ ਗਏ ਜਾਂ ਨਵੇਂ ਸਵੇਰੇ
ਮਹਿਕ ਦੀ ਵਾਦੀ ਸੱਜਰੇ ਖੇੜੇ
ਪਰ ਕਿਸ਼ਤਾਂ ਦੀਆਂ ਡੂੰਘੀਆਂ ਪੈੜਾਂ
ਦੇਹੀ ਪਾਕੇ ਮੁੜ ਆਏ ਹਾਂ
ਚਿੱਟੇ ਰੰਗ ਦੀ ਮੈਲੀ ਅੱਖ ਨੇ
ਸਾਡਾ ਰੰਗ ਬਾਜ਼ਾਰੀਂ ਭੰਡਿਆ
ਸਾਥੋਂ ਸਾਡਾ ਪਿੱਛਾ ਮੰਗਿਆ
ਤਿੱਖੇ ਮੇਹਣੇ ਵਿੰਨ੍ਹਦੇ ਜਾਂਦੇ
ਸੀਨੇ ਲਾਕੇ ਮੁੜ ਆਏ ਹਾਂ
ਕੱਚ ਕੁਆਰੀਆਂ ਸੁੱਚੀਆਂ ਲਗਰਾਂ
ਬੁੱਢੇ ਰੁੱਖ ਦੀ ਝੋਲੀ ਪਾਈਆਂ
ਕੁਝ ਡਾਲਰ ਦੇ ਅਫਰੇਵੇਂ ਨੇ
ਚੀਥੜ ਚੀਥੜ ਮੌਤ ਸਵਾਈਆਂ
ਕੁਝ ਕੰਜਕਾਂ ਦੇ ਮੱਘਦੇ ਪਿੰਡੇ
ਕਬਰੀਂ ਪਾਕੇ ਮੁੜ ਆਏ ਹਾਂ
ਦੇ ਨਾ ਹੋਈ ਗੁੜ੍ਹਤੀ ਮਾਏ
ਤੇਰੀ ਮਿੱਠ ਬੋਲੀ ਦੀ ਸਾਥੋਂ
ਤੇਰੇ ਲਾਲਾਂ ਦੀ ਨੀ ਮਮਤਾ
ਆਪ ਗੁਆਕੇ ਮੁੜ ਆਏ ਹਾਂ
ਤੇਰੀ ਉਮਰ ਤਾਂ ਕਾਲੀ ਹੋਈ
ਸਾਡੀ ਉਮਰ ਵੀ ਠੰਡੀ ਹੋਈ
ਮਨ ਦੇ ਰੋਗੀ ਝੂਠੇ ਬੈਦਾਂ
ਨਬਜ਼ ਵਿਖਾਕੇ ਮੁੜ ਆਏ ਹਾਂ
ਬੀਤੇ ਦੇ ਪਛਤਾਵੇ ਵਰਗੀ
ਡਾਲਰ ਦੇ ਉਦਰੇਵੇਂ ਵਰਗੀ
ਜੂਨਾਂ ਦੇ ਪਰਛਾਵੇਂ ਵਰਗੀ
ਪੀੜ ਚੋਂ ਉਠੇ ਲਾਵੇ ਵਰਗੀ
ਜਿੰਦ ਹੰਢਾ ਕੇ ਮੁੜ ਆਏ ਹਾਂ
ਮਾਂ ਪੁੱਛੇਗੀ ਕੀ ਦੱਸਾਂਗੇ
ਉਮਰ ਗੁਆਕੇ ਮੁੜ ਆਏ ਹਾਂ

• (VANCOUVER, B.C.)

## ਪਾਣੀਪਤ

ਤ੍ਰਿਲੋਚਨ ਸਿੰਘ ਗਿੱਲ

ਤਿੰਨਾਂ ਵੱਡੇ ਯੁੱਧਾਂ ਦੇ ਇਤਿਹਾਸ ਥਾਂ
ਜਿਥੇ ਵਾਰੀ ਵਾਰੀ ਦਿੱਲੀ ਦੀਆਂ ਸਰਕਾਰਾਂ ਹਾਰੀਆਂ
ਮੈਨੂੰ ਇਸ ਗੱਲ ਦਾ ਅਫ਼ਸੋਸ ਹੈ,
ਪੰਜਾਬ ਵੱਲੋਂ ਆਏ ਜ਼ਾਬਰਾਂ ਨੇ
ਦਿੱਲੀ ਵਾਲਿਆਂ ਨੂੰ ਹਰਾਇਆ
ਤੇ ਦੇਸ਼ ਮਿਧਦੇ ਤੁਰੇ ਗਏ
ਤੇ ਫੇਰ
ਜਦੋਂ ਜੰਗ ਹਿੰਦ ਪੰਜਾਬ ਦਾ ਹੋਣ ਲੱਗਾ

ਪੂਰਬੋਂ ਆਇਆਂ ਜ਼ਾਬਰਾਂ
ਪੰਜਾਬ ਦੇਸ਼ ਨੂੰ ਮਿਧ ਧਰਿਆ
ਜਿਵੇਂ ਹਾਰਿਆ ਜੁਆਰੀਆ,
ਡਿਗਿਆ ਸਿਰ ਨਹੀਂ ਚੁਕਦਾ
ਜਾਂ ਅਸਮਾਨੀ ਲਗੀ ਨਿਗਾਹ
ਬੱਲੇ ਨਹੀਂ ਡਿਗਣ ਦਿੰਦਾ
ਜਿਵੇਂ ਵਰਤਮਾਨ ਹਾਰ ਨੂੰ ਮੰਨਣਾ ਨਾ ਚਾਹੇ
ਇਵੇਂ ਪੰਜਾਬ ਪਾਣੀਪਤ ਦੀ ਚੌਥੀ ਲੜਾਈ ਹਾਰ
ਪੰਜਵੀਂ ਲਈ ਤਿਆਰ ਹੋ ਰਿਹਾ ਹੋਵੇ,
ਇਹ ਆਪਣੇ ਆਪੇ ਵਿਚ ਕਦੋਂ ਤੇ ਕਿਵੇਂ ਆਵੇਗਾ,
ਪੈਰਾਂ ਤੇ ਖੜੋ,
ਆਪਣੇ ਇਲਾਕਿਆਂ ਨੂੰ
ਆਪਣੇ ਵਿਚ ਸਮੋਵੇਗਾ।
ਸਾਰੇ ਪਾਣੀਪਤ ਸਟੇਸ਼ਨ
ਸਾਰੇ ਦੇ ਸਾਰੇ ਪੰਛੀ
ਬਸ ਪੰਜਾਬੀ ਚਹਿ ਚਹਾ ਰਹੇ ਨੇ
ਕੋਈ ਹੋਰ ਆਵਾਜ਼ ਚਾਹਿਆਂ ਵੀ ਨਹੀਂ ਸੁਣਦੀ

'ਆਹ ਨਾਗਪੁਰੀ ਸੰਤਰੇ'
'ਠੰਡਾ ਪਾਣੀ ਪੀਓ ਜੀ',
'ਭਾਈਆ ਜੀ ਕੀ ਹਾਲ ਹੈ'
'ਪੱਗਾਂ ਤੇ ਲਾਹੌਰੀਆਂ ਟੋਪੀਆਂ ਨੇ'
ਤੁਸੀਂ ਇਸਨੂੰ ਮਾਂ ਦੀ ਝੋਲੀ
ਕਦੋਂ ਤੇ ਕਿਵੇਂ ਪਾਵੋਗੇ ?

• ( TORONTO, ONTARIO)

# ਉੱਤਰੀ ਧਰੁਵ

## ਜਗਦੇਵ ਜਟਾਣਾਂ

ਉੱਤਰੀ ਧਰੁਵ ਦਾ ਵਸ਼ਿੰਦਾ
ਹੋਵੇਗਾ ਕਿੰਨਾਂ ਵਚਿਤਰ
ਛੇ ਮਹੀਨੇ ਦਾ ਦਿਨ ?
ਕਿਵੇਂ ਗੁਜ਼ਾਰਦਾ ਹੋਵੇਗ਼ਾ
ਇੰਨਾਂ ਲੰਮਾ ਸਮਾਂ
ਕੰਮ ਕਾਰ ਵਿਚ ?
ਕਿੰਝ ਬੀਤਦੀ ਹੋਵੇ
ਛੇ ਮਹੀਨੇ ਦੀ
ਕਾਲੀ ਬੋਲੀ ਰਾਤ ?
ਕੀ ਉਹ ਮਨੁੱਖ ਹਨ
ਕੁੰਭਕਰਨ ਦੇ ਨਿੱਕੇ ਵੱਡੇ ਭਰਾ ?
ਕਿਹੋ ਜਿਹੇ ਹੋਣਗੇ
ਉਹਨਾਂ ਦੇ ਮੂੰਹ-ਮੁਹਾਂਦਰੇ ?
ਹੱਥ ਵਿਚ ਫੜ੍ਹਨ ਨਾਲ
ਬਰਫ਼ ਦੀ ਨਿੱਕੀ ਜਿਹੀ ਡਲੀ
ਸਾਰੇ ਸਰੀਰ ਵਿਚ
ਛਿੜ ਜਾਂਦੀ ਹੈ ਕੰਬਣੀ,
'ਤੇ ਉਹ ਕਿਵੇਂ ਰਹਿੰਦੇ ਹੋਣਗੇ
ਬਰਫ਼ ਦਿਆਂ ਘਰਾਂ ਵਿਚ
ਇਹ ਸੋਚਾਂ ਦਾ ਤਾਣਾ ਪੇਟਾ
ਪਾਈ ਰੱਖਦਾ ਸੀ ਉਲਝਣ ਵਿਚ।
ਬਰਫ਼ ਦੀ ਠੰਡਕ ਦਾ
ਕਰ ਕਿਆਸ
ਸਰੀਰ ਵਿਚ ਫਿਰ ਜਾਂਦੀ ਸੀ
ਇਕ ਸੀਤ ਲਹਿਰ
ਮਹਿਬੂਬ ਦੇ ਅਣਜਾਣੇ
ਪਹਿਲੇ ਸਪੱਰਸ਼ ਵਾਂਗ।
ਸਮੇਂ ਦੇ ਚੱਕਰ ਵਿਚ
ਪੱਤਝੜ ਦੇ ਪੱਤੇ ਵਾਂਗ
ਘੁੰਮਦਾ ਘੁੰਮਾਉਂਦਾ
ਅੱਜ ਖੁਦ ਉਸੇ ਧਰਤ ਦਾ
ਬਣ ਗਿਆ ਹਾਂ ਵਾਸੀ —
ਜੋ ਕਦੀ
ਅਲਾਦੀਨ ਦੇ ਚਿਰਾਗ਼ ਦੇ ਕਿੱਸੇ
ਜਾਂ ਕਿਸੇ ਪਰੀ ਦੇਸ਼ ਦੀਆਂ
ਮਨਘੜਤ ਕਹਾਣੀਆਂ ਤੋਂ ਵੱਧ
ਕੁਝ ਵੀ ਨਹੀਂ ਸੀ ਲੱਗਿਆ
ਇਹ ਲਗਦਾ ਸੀ
ਕੋਰਾ ਮਿਥਿਹਾਸ
ਮਨ ਨੇ ਕਦੀ ਵੀ ਇਸ ਸੱਚ ਦੀ
ਨਾ ਭਰੀ ਸੀ ਹਾਮੀ
ਕਿਉਂਕਿ ਇਹ ਸੱਚ ਨਹੀਂ ਸੀ ਜਾਪਦਾ।
ਪਰ ਅੱਜ —
ਕੁਝ ਵੀ ਨਹੀਂ ਓਪਰਾ,
ਵਚਿੱਤਰ ਜਾਂ ਅਜੀਬ
ਕੁੱਤਿਆਂ ਦਾ ਰੇਹੜੀਆਂ ਨੂੰ ਖਿੱਚਣਾ
ਇਨਸਾਨਾਂ ਦਾ ਉਸ ਵਿਚ ਸਫ਼ਰ ਕਰਨਾਂ
ਜੋ ਕਦੀ ਲੱਗਿਆ ਸੀ
ਹਾਸੋ-ਹੀਣਾਂ ਤੇ ਅਚੰਭਾ ਜਨਕ
ਅੱਜ ਸਭੋ ਕੁਝ ਹੈ
ਆਮ ਜਿਹਾ ਹੋ ਗਿਆ
ਨਾ ਦਿਨ ਵੱਡਾ
ਨਾ ਰਾਤ ਛੋਟੀ
ਨਾ ਮਹਿਸੂਸ ਹੋਵੇ
ਬਰਫ਼ ਦੀ ਠੰਡਕ
ਹੁਣ ਤਾਂ —
ਲੋਹੜੇ ਦੀ ਬਰਫ਼ (ਸਨੋ) ਵਿਚ ਵੀ
ਨਿੱਘ ਹਾਂ ਮਾਣ ਰਿਹਾ!
ਉਸੇ ਧਰਤ ਨੂੰ ਛਾਣ ਰਿਹਾ!!

• (FORT NELSON, B.C.)

# ਗ਼ਜ਼ਲ

## ਨਰਿੰਦਰ ਜੌਹਲ

ਕਿਸੇ ਦੇ ਕਹਿਣ ਤੇ ਮੈਂ ਝੂਠੇ ਨੂੰ ਸਿਜਦਾ ਨਹੀਂ ਕਰਦਾ।
ਮੈਂ ਪੱਥਰ ਨੂੰ ਸਮਝ ਕੇ ਰੱਬ ਕਦੀ ਪੂਜਾ ਨਹੀਂ ਕਰਦਾ।

ਜੇ ਛੱਡ ਕੇ ਜਾਣਾ ਚਾਹੁੰਦਾ ਏਂ ਤਾਂ ਜਾ ਸਕਦੈਂ ਖੁਸ਼ੀ ਦੇ ਨਾਲ,
ਮੈਂ ਤੇਰੇ ਤੇ ਕਿਸੇ ਵੀ ਕਿਸਮ ਦਾ ਸ਼ਿਕਵਾ ਨਹੀਂ ਕਰਦਾ।

ਕਰਾਂ ਮੈਂ ਸਿਫ਼ਤ ਕੀ ਉਸਦੀ ਉਹ ਬੰਦਾ ਬਹੁਤ ਉੱਚਾ ਹੈ,
ਕਦੀ ਆਪਣੇ ਤੋਂ ਨੀਵੇਂ ਦੀ ਵੀ ਉਹ ਲਾਹ ਪਾਹ ਨਹੀਂ ਕਰਦਾ।

ਬਿਨਾਂ ਗੱਲ ਤੋਂ ਤੇਰਾ ਥਾਂ ਥਾਂ ਤੇ ਝੁਕ ਜਾਣਾ ਇਹ ਦਸਦਾ ਹੈ,
ਤੇਰੇ ਵਿਚ ਅਣਖ ਵਾਲੇ ਦਾ ਲਹੂ ਦੌਰਾ ਨਹੀਂ ਕਰਦਾ।

ਜੋ ਖੌਰੂ ਬਹੁਤ ਪੱਟਦਾ ਏ ਉਹੀ ਕਮਜ਼ੋਰ ਹੁੰਦਾ ਹੈ,
ਕੋਈ ਤਕੜਾ ਤਾਂ ਆਪਣੇ ਜ਼ੋਰ ਦਾ ਦਾਅਵਾ ਨਹੀਂ ਕਰਦਾ।

ਮੇਰੇ ਚੁੱਪ ਹੋਣ ਦਾ ਮਤਲਬ ਇਹ ਨਹੀਂ ਕਿ ਡਰਦਾ ਹਾਂ ਤੇਥੋਂ,
ਮੇਰੀ ਭਲਮਾਣਸੀ ਹੈ ਇਹ ਕਿ ਮੈਂ ਝਗੜਾ ਨਹੀਂ ਕਰਦਾ।

ਜਿਹਦੇ ਕਰਕੇ ਕਿਸੇ ਅੱਗੇ ਕਦੀ ਝੁਕਣਾ ਪਵੇ ਉਸਨੂੰ,
ਤੇਰਾ 'ਜੌਹਲ' ਤਾਂ ਏਦਾਂ ਦਾ ਕੋਈ ਧੰਦਾ ਨਹੀਂ ਕਰਦਾ।

• (EDMONTON, ALBERTA)

# ਨਸੀਹਤ

ਹਰਜਿੰਦਰ ਚੀਮਾਂ

ਹੋ ਰਹੇ ਨਸਲੀ ਵਿਤਕਰੇ ਵਿਰੁਧ
ਅਵਾਜ਼ ਉਠਾਉਣ ਵਾਲਿਓ,
ਜਰਾ ਆਪਣੇ ਹੀ ਅੰਦਰ
ਝਾਕ ਕੇ ਵੇਖੋ ਕਿ ਤੁਹਾਨੂੰ
ਕੀ ਇਖਲਾਕੀ ਹੱਕ ਹੈ
ਕਿ ਅੱਜ ਤੁਸੀਂ ਵੀ
ਨਸਲੀ ਵਿਤਕਰੇ ਵਿਰੁਧ
ਅਵਾਜ਼ ਉਠਾ ਸਕੋ।
ਕੀ ਕਦੀ ਆਪਣੀ ਪੀੜ੍ਹੀ ਹੇਠ ਵੀ
ਫੇਰ ਕੇ ਵੇਖਿਆ ਸੋਟਾ
ਜੋ ਖੁਦ ਜਾਤ-ਪਾਤ ਦੇ ਹਾਮੀ
ਕਰਦੇ ਰਹੇ ਹੋ ਨਸਲੀ ਵਿਤਕਰੇ ?
ਕੀ ਯਾਦ ਹੈ ਉਹ ਦਿਨ
ਜਦੋਂ ਦਿਹਾੜੀ ਦੀ ਹੱਡ-ਭੰਨਵੀਂ
ਮਿਹਨਤ ਤੋਂ ਪਿਛੋਂ
ਕੋਈ ਦਰਵੇਸ਼ ਤੁਹਾਡੇ ਦਰ ਤੋਂ
ਆਇਆ ਸੀ ਮੰਗਣ
ਆਪਣੀ ਮਿਹਨਤ ਦਾ ਫਲ
ਤਾਂ ਸੁੱਕੀਆਂ ਰੋਟੀਆਂ ਤੇ ਗੱਠਾ
ਦੇਹ ਮਾਰਿਆਂ ਸੀ ਉਸਦੇ
ਬਿਆਈ ਪਾਟੇ ਹੱਥਾਂ ਤੇ
ਛੂੱਟ ਦੀ ਦੂਰੀ ਤੋਂ ?
ਯਾਦ ਹੈ ਉਹ ਸਮਾਂ
ਜਦੋਂ ਲਾਗੀ, ਮਜ਼ਹਬੀ, ਚੂੜੇ, ਚਮਾਰ
ਝਿਊਰ, ਸਾਂਹਸੀ ਅਤੇ ਲੁਹਾਰ
ਆਦਿਕ ਨਾਵਾਂ ਨਾਲ
ਕਰਦੇ ਰਹੇ ਮਨੁੱਖ ਦੀ ਪਛਾਣ
ਦਿੰਦੇ ਰਹੇ ਹੋ ਦੂਰੋਂ ਦੁਰਕਾਰ।
ਤੇ ਅੱਜ ਜਦੋਂ ਹੈ
ਆਪਣੀ ਵਾਰੀ ਆਈ
ਤਾਂ ਨਸਲਵਾਦ ਦਾ ਹੋਕਾ ਦੇ ਕੇ
ਕਿਓਂ ਕਾਂਵਾਂ ਰੌਲੀ ਪਾਈ ?
ਅਜ਼ੇ ਤਾਂ ਹੋਈ ਹੈ ਸਿਰਫ ਸ਼ੁਰੂਆਤ
ਅਜੇ ਤੁਹਾਨੂੰ ਉਸ ਪੀੜ ਦਾ
ਕਿਥੋਂ ਅਹਿਸਾਸ
ਜੋ ਉਹਨਾਂ ਲੋਕਾਂ ਨੇ (ਰਹਿ)
ਆਪਣੀ ਹੀ ਮਾਂ-ਭੂਮੀ ਤੇ
ਸਦੀਆਂ ਲਈ ਹੰਢਾਈ।
ਇਹ ਤਾਂ ਸੀ ਦੋਸਤੋ।
ਇਨਸਾਨਾਂ ਦੀ ਖੰਡ
ਆਓ, ਨਿਕੇ ਜਿਹੇ ਦੇਸ਼ ਨੂੰ ਵੀ
ਦੇਈਏ ਹੱਦਾਂ ਵਿਚ ਵੰਡ।
ਕਿਸੇ ਨੂੰ ਮਝੈਲ ਤੇ ਕਿਸੇ ਨੂੰ ਜੰਗਲੀ ਕਹੀਏ,
ਕਿਸੇ ਨੂੰ ਮਲਵੱਈ ਤੇ ਕਿਸੇ ਨੂੰ ਦੁਆਬੀਏ,
ਕਿਸੇ ਨੂੰ ਪੂਰਬੀਏ ਤੇ ਕਿਸੇ ਨੂੰ ਸੱਦੀਏ ਭੱਈਏ।
ਜਦ ਵੀ ਉਹ ਯੂ. ਪੀ. ਤੋਂ ਪੰਜਾਬ ਆਏ,
ਸਾਡੇ ਹੀ ਲੋਕਾਂ ਨੇ ਮੱਥੇ ਤੇ ਵੱਟ ਪਾਏ।
ਸੋਚਿਆ ਸੀ ਇਹ ਭੁੱਖ ਨੰਗ ਦੇ ਮਾਰੇ,
ਸਾਡੇ ਹੱਥਾਂ ਦੀ ਰੋਟੀ ਨੂੰ ਖੋਹਣ ਆਏ।
ਤੇ ਫੇਰ ਅੱਜ ਵੀ
ਤੁਹਾਡੇ ਕੋਲੋਂ
ਆਉਂਦੀ ਹੈ ਬੋਅ
ਨਸਲੀ ਜ਼ਹਿਰ ਦੀ
ਇਕ ਪਾਸੇ ਮਲਵੱਈਆਂ ਦੀ ਬੋਲੀ
ਤੇ ਦੂਜੇ ਪਾਸੇ ਦੁਆਬੀ,
ਜਿਹੜੀ ਕਿ ਦਿੰਦੀ ਹੈ
ਖਾਨਦਾਨੀ ਗੁਣਾਂ ਦੀ ਗਵਾਹੀ।
ਲੜਦੇ ਹੋ ਅੰਦਰ-ਰਾਤੀ
ਆਪਣੇ ਹੀ ਸੰਗ
ਉਪਰੋਂ ਦਿੰਦੇ ਹੋ ਏਕੇ ਦੀ ਸਫ਼ਾਈ।
ਜਦੋਂ ਆਪ ਹੀ ਹੋ
ਨਸਲੀ ਫੁੱਟ ਦਾ ਸ਼ਿਕਾਰ
(ਤਾਂ) ਫਿਰ ਗੋਰਾਂ ਨੂੰ ਕਾਹਦਾ ਦੋਸ਼
ਅਪਣੀ ਹੀ ਗਲਤੀ ਕਰੋ ਸਵੀਕਾਰ
ਆਓ, ਫੇਰ ਰਲਕੇ ਕਸਮ ਖਾਈਏ
ਯਤਨਾਂ ਨੂੰ ਬਰਾਬਰ ਦੇ ਭਾਈਵਾਲ ਬਣਾਈਏ
ਤੇ ਫਿਰ ਦੇਈਏ,
ਮਨੁੱਖਤਾ ਦੀ ਸਾਂਝ ਦਾ ਹੋਕਾ
ਕਿ ਫਿਰ ਕੋਈ ਸ਼ੈਤਾਨ,
ਨਾ ਕਰ ਸਕੇ
ਰੰਗਾਂ ਤੇ ਨਸਲਾਂ ਤੋਂ
ਕਿਸੇ ਮਨੁੱਖ ਦੀ ਪਛਾਣ
ਸਭਨਾ ਨੂੰ ਸਮਝੀਏ ਇਕ ਜਾਨ
ਸਭਨਾ ਨੂੰ ਦੇਈਏ
ਇਕੋ-ਜਿਹਾ ਮਾਣ।

• (FORT NELSON, B. C.)

(ਨੁਜ਼ਹੱਤ ਸਦੀਕੀ ਉੱਤਰੀ ਅਮਰੀਕਾ(ਟੋਰਾਂਟੋ)ਵਿੱਚ ਰਹਿ ਰਹੀ ਪੱਛਮੀ ਪੰਜਾਬ ਦੀ ਪ੍ਰਸਿੱਧ ਕਵਿਤਰੀ ਹੈ । ਨੁਜ਼ਹੱਤ ਸਦੀਕੀ ਮੂਲ ਤੌਰ ਤੇ ਉਰਦੂ ਦੀ ਲੇਖਕਾ ਹੈ । ਉਸ ਦੀਆਂ ਰਚਨਾਵਾਂ ਪਾਕਿਸਤਾਨ ਦੀਆਂ ਪ੍ਰਸਿੱਧ ਪਤ੍ਰਿਕਾਵਾਂ 'ਫਨੂਨ' (ਲਹੌਰ), ਇਮਰੋਜ਼, (ਮੁਲਤਾਨ), 'ਸਭਰਸ' (ਕਰਾਂਚੀ) ਅਤੇ ਟੋਰਾਂਟੋ ਵਿਚ 'ਇਮਰੋਜ਼' ਅਤੇ The Toronto South Asian Review ਵਿੱਚ ਛਪ ਚੁੱਕੀਆਂ ਹਨ । ਲਹੌਰ ਰੇਡੀਓ ਅਤੇ ਟੋਰਾਂਟੋ ਦੇ ਟੀ. ਵੀ. ਤੋਂ ਉਸ ਦੇ ਕਵਿਤਾ ਪਾਠ ਪ੍ਰਸਾਰਿਤ ਹੋ ਚੁੱਕੇ ਹਨ । ਆਪਣੀ ਮਾਂ ਬੋਲੀ ਪੰਜਾਬੀ ਨਾਲ ਮੋਹ ਹੋਣ ਕਰਕੇ ਇਸ ਲੇਖਕ ਜੋੜੀ, ਨੁਜ਼ਹੱਤ ਸਦੀਕੀ ਅਤੇ ਸਲੀਮ ਸਦੀਕੀ ਨੇ ਹੁਣ ਪੰਜਾਬੀ ਵਿੱਚ ਵੀ ਲਿਖਣਾ ਸ਼ੁਰੂ ਕੀਤਾ ਹੈ । 'ਵਤਨੋਂ ਦੂਰ' ਦੇ ਪਾਠਕਾਂ ਲਈ ਅਸੀਂ ਇਨ੍ਹਾਂ ਦੀਆਂ ਕੁਝ ਰਚਨਾਵਾਂ ਛਾਪਣ ਦੀ ਖੁਸ਼ੀ ਲੈ ਰਹੇ ਹਾਂ)

ਲਿੱਪੀ ਰੂਪਾਂਤਰਕਾਰ : ਸੁਖਿੰਦਰ

# ਨੁਜ਼ਹੱਤ ਸਦੀਕੀ ਦੀਆਂ ਤਿੰਨ ਕਵਿਤਾਵਾਂ

## ਵੇਲੇ ਦੀ ਗੱਲ

ਵੇਲਾ ਪੁਰਵਾਈ ਦਾ ਬੁੱਲ੍ਹਾ ਜਿਹੜਾ ਦਰਦ ਜਗਾ ਕੇ ਉੱਡ ਪੁੱਡ ਜਾਵੇ
ਘੱਲੋ ਭਾਵੇਂ ਲੱਖ ਸੁਨੇਹੜੇ ਉਹ ਮੁੜ ਪਰਤ ਨ ਆਵੇ
'ਤੇ ਦਿਲ ਦੇ ਲੇਖਾਂ ਵਿਚ ਲਿਖਿਆ ਏ ਉਸ ਮੂਰਖ ਦਾ ਦੁੱਖ ਸਹਿਣਾ
ਮੈਂ ਖੁਸ਼ਬੂ ਹਾਂ ਰਾਂਝਣ ਮੈਂ ਤੇਰੇ ਕੋਲ ਸਦਾ ਨਹੀਂ ਰਹਿਣਾ
ਇਸ ਤੋਂ ਪਹਿਲਾਂ ਜੇ ਅਸੀਂ ਵੇਲੇ ਦੇ ਸ਼ਹੁ ਵਿਚ ਰੁੜ੍ਹ ਜਾਈਏ
ਦਰਦ ਤੋਂ ਅੱਖ ਚੁਰਾ ਕੇ ਰਾਂਝਣ ਆਪਣਾ ਪਿਆਰ ਹੰਢਾਈਏ
ਕਦੋਂ ਤਾਈਂ ਅਸਾਂ ਆਸਾਂ ਬੀਜ ਕੇ ਅੱਥਰੂ ਵੱਢਦੇ ਰਹਿਣਾ
ਮੈਂ ਖੁਸ਼ਬੂ ਹਾਂ ਰਾਂਝਣ ਮੈਂ ਤੇਰੇ ਕੋਲ ਸਦਾ ਨਹੀਂ ਰਹਿਣਾ
ਮੈਂ ਹਾਰ ਸ਼ਿੰਗਾਰ ਦਾ ਬੂਟਾ ਪਿਆਰ ਦੇ ਫੁੱਲਾਂ ਦੀ ਬਰਖਾ ਬਰਸਾਵਾਂ
ਤੇਥੋਂ ਮੇਰਾ ਰੂਪ ਏ ਤੇਰੀ ਤਾਂਘ ਦਾ ਮੈਂ ਪਰਛਾਵਾਂ
ਮੇਰੀਆਂ ਸਧਰਾਂ ਦਾ ਤੂੰ ਗਹਿਣਾ ਰਾਂਝਣ ਹੋਰ ਕੀ ਕਹਿਣਾ
ਮੈਂ ਖੁਸ਼ਬੂ ਹਾਂ ਰਾਂਝਣ ਮੈਂ ਤੇਰੇ ਕੋਲ ਸਦਾ ਨਹੀਂ ਰਹਿਣਾ
ਪਲ ਦੀ ਪਲ ਮੇਰੀ ਜੋਤ ਏ ਰਾਂਝਣ ਮੈਂ ਤੇ ਟੁੱਟਦਾ ਤਾਰਾ
ਹਿਜ਼ਰ ਫਰਾਕ ਦੇ 'ਨ੍ਹੇਰੇ ਵਿਚ ਬੱਸ ਇਕ ਪਲ ਦੀ ਪਲ ਮੇਰਾ ਲਿਸ਼ਕਾਰਾ
ਫੇਰ ਮੈਂ ਤੇਰੇ ਵਿਸਰਦੇ ਖਾਬਾਂ ਦੇ ਓਹਲੇ ਹੋ ਬਹਿਣਾ
ਮੈਂ ਖੁਸ਼ਬੂ ਹਾਂ ਰਾਂਝਣ ਮੈਂ ਤੇਰੇ ਕੋਲ ਸਦਾ ਨਹੀਂ ਰਹਿਣਾ

## ਅਸਾਂ ਤਾਂ ਹੋ ਗਏ ਝੱਲੇ

ਦੁਨੀਆਂ ਭਰ ਦੇ ਦੁੱਖਾਂ ਦੀ ਪੰਡ ਸਿਰ ਤੇ ਰੱਖ ਕੇ
ਉੱਤੋਂ ਇਸ਼ਕ ਦਾ ਜ਼ਹਿਰ ਵੀ ਚੱਖ ਕੇ
ਵੇਖੋ ਖੁਸ਼ੀਆਂ ਲੱਭਣ ਚੱਲੇ
ਲੋਕੋ ਅਸਾਂ ਤਾਂ ਹੋ ਗਏ ਝੱਲੇ
ਕਹਿਣ ਨੂੰ ਦਰਦੀ ਵਸਦੇ ਨੇ ਸਾਡੇ ਆਸੇ ਪਾਸੇ ਵੇਖੋ
ਸਾਡੀ ਅੱਖ ਵਿਚ ਅੱਥਰੂ ਵੇਖੋ ਉਹਨਾਂ ਦੇ ਹਾਸੇ ਵੇਖੋ
ਕੋਈ ਨਹੀਂ ਜਿਹੜਾ ਦਰਦ ਵੰਡਾਵੇ ਸਾਡਾ ਦੁੱਖ ਵੀ ਝੱਲੇ
ਲੋਕੋ ਅਸਾਂ ਤਾਂ ਹੋ ਗਏ ਝੱਲੇ
ਕਿਸੇ ਨਾ ਮੁੜ ਕੇ ਤੱਕਿਆ ਸਾਨੂੰ ਕਿਸੇ ਨਾ ਦਿਲ ਦੀਆਂ ਪੁਛੀਆਂ

ਦਰਦ ਭਨਾਂ ਦੀਆਂ ਲਹਿਰਾਂ ਉੱਠਣ ਸਾਡੇ ਸਿਰ ਤੋਂ ਉੱਚੀਆਂ
ਕੱਚੇ ਘੜੇ ਤੇ ਬਹਿ ਕੇ ਰੁੜ੍ਹ ਗਏ ਸਾਡੇ ਜਿਹੇ ਸਭ 'ਕੱਲੇ
ਲੋਕੋ ਅਸਾਂ ਤਾਂ ਹੋ ਗਏ ਝੱਲੇ
ਜਿੰਦ ਥਲਾਂ ਵਿਚ ਸੱਸੀ ਵਾਂਗ ਕਿਸੇ ਨਹੀਂ ਕੋਲ ਨਿਭਾਇਆ
ਹਿਜ਼ਰ ਦਾ ਔਖਾ ਪੈਂਡਾ ਕਰਮਾਂ ਵਾਲਿਆਂ ਤੋੜ ਮੁਕਾਇਆ
ਕੀ ਹੋਇਆ ਜੇ ਰਾਹ ਵਿਚ ਸਾਨੂੰ ਲੱਗ ਗਏ ਰੋਗ ਕੁਵੱਲੇ
ਲੋਕੋ ਅਸਾਂ ਤਾਂ ਹੋ ਗਏ ਝੱਲੇ
ਰੂਹ ਪਖੇਰੂ ਇਸ ਕਲਬੂਤ ਦੇ ਪਿੰਜਰੇ ਦੇ ਵਿਚ ਫੜਕੇ
ਲਹੂ ਦੇ ਹੰਝੂ ਵੱਗਦੇ ਨੇ ਇਨ੍ਹਾਂ ਦਰਦਾਂ ਨਾਲ ਦਿਲ ਧੜਕੇ
ਜਾਨ ਪਈ ਕੁਰਲਾਂਦੀ ਏ ਏਹਨਾਂ ਸਾਹਾਂ ਦੀ ਆਰੀ ਦੇ ਥੱਲੇ
ਪਹਿਲਾਂ ਉਹਦੀ ਤਾਂਘ ਸੀ ਹੁਣ ਤੇ ਕੁਝ ਨਹੀਂ ਸਾਡੇ ਪੱਲੇ
ਲੋਕੋ ਅਸਾਂ ਤਾਂ ਹੋ ਗਏ ਝੱਲੇ

## ਇਕਲਾਪਾ

ਇਕਲਾਪਾ ਮੇਰੇ ਨਾਲ ਹੀ ਜੰਮਿਆ
ਤੇ ਨਾਲ ਹੀ ਪਲ ਕੇ ਜਵਾਨ ਹੋਇਆ
ਪਰ ਜਦੋਂ ਤਾਈਂ ਮੈਂ ਆਪਣੀ ਮਾਂ ਦੇ ਪਿਆਰ
ਦੀ ਬੁੱਕਲ ਦੇ ਵਿਚ ਲੁਕੀ ਹੋਈ ਸਾਂ
ਮੈਨੂੰ ਪਤਾ ਹੀ ਨਹੀਂ ਸੀ ਦੁਨੀਆਂ ਵਿਚ ਕੀ 'ਨ੍ਹੇਰ ਪਿਆ ਏ
ਮੇਰੀ ਮਾਂ ਦੇ ਮੱਥੇ ਦਾ ਚਾਨਣ
ਜਦੋਂ ਮੇਰੇ ਵਿਹੜੇ ਵੱਸਦਾ ਸੀ
ਤੇ ਇਕਲਾਪਾ ਖਬਰੇ ਕਿਹੜੀ ਨੁੱਕਰ ਵਿਚ ਮੂੰਹ ਸਿਰ ਢੱਕ ਕੇ ਸੁੱਤਾ ਪਿਆ ਸੀ
ਫੇਰ ਜਦੋਂ ਮੇਰੀ ਫੁੱਲਾਂ ਵਰਗੀ ਜਿੰਦ ਤੋਂ
ਉਹ ਖੁਸ਼ਬੂ ਚੁੱਪ ਚੁਪੀਤੀ ਓੱਡ ਗਈ
ਤੇ ਮੈਂ ਪਹਿਲੀ ਵਾਰੀ ਸੂਲਾਂ ਦੇ ਡੰਗ ਦਿਲ ਤੇ ਖਾਧੇ
ਉਸ ਦਿਨ ਹਿਜਰ ਹਨ੍ਹੇਰਾ ਪਹਿਲੀ ਵਾਰੀ ਮੇਰੇ ਵਿਹੜੇ ਵੜਿਆ
ਤੇ ਇਕਲਾਪਾ ਖਬਰੇ ਕਿਹੜੇ ਕੋਨੇ ਤੋਂ
ਅੱਖਾਂ ਮਲਦਾ ਮੇਰੇ ਸਾਹਮਣੇ ਆਣ ਖਲੋਤਾ
ਮੈਂ ਦੁਨੀਆਂ ਵੱਲੇ ਆਸਾਂ ਲਾਈਆਂ ਪਰ ਓਥੇ ਕੀ ਸੀ
ਤੇ ਦੂਜੇ ਪਾਸੇ ਇਕਲਾਪੇ ਦੀਆਂ ਖੁੱਲ੍ਹੀਆਂ ਬਾਹਾਂ
ਅੱਖਾਂ ਵਿਚ ਬੁਲਾਵੇ
ਮੈਂ ਫਿਰ ਓਹਦੇ ਹੱਥਾਂ ਦੇ ਵਿਚ ਆਪਣੇ ਸੱਜਰੇ ਹੱਥ ਫੜਾਏ
ਤੇ ਵੇਲੇ ਦੇ ਔਖੇ ਪੈਂਡੇ ਤੇ ਨੀਵੀਂ ਪਾ ਕੇ ਟੁਰ ਪਈ
ਉਸ ਵੇਲੇ ਮੈਨੂੰ ਕੰਡਿਆਂ ਤੇ ਟੁਰਨ ਦਾ ਵਲ ਵੀ ਨਹੀਂ ਸੀ
ਰਾਹ ਵਿਚ ਦੁਨੀਆਂ ਜੱਥੇ ਬੰਨ੍ਹ ਕੇ ਆਵੇ
ਮੈਨੂੰ ਕੱਲਿਆਂ ਵੇਖ ਡਰਾਵੇ
ਮੇਰੇ ਸਿਰ ਤੇ ਵੇਲੇ ਦਾ ਸੂਰਜ ਜਿਵੇਂ ਕਹਿਰ ਪਿਆ ਵਰਸਾਵੇ
ਪਰ ਮੈਂ ਨੀਵੀਂ ਪਾ ਕੇ ਟੁਰਦੀ ਗਈ
ਕਿਉਂ ਜੋ ਇਕਲਾਪੇ ਨੇ ਪਹਿਲੇ ਦਿਨ ਹੀ ਦੱਸਿਆ ਸੀ
ਤੂੰ ਹੁਣ ਕੱਲਿਆਂ ਰਹਿਣਾ ਸਿਖਣਾ ਏ
ਤੂੰ ਦੁਨੀਆਂ ਕੋਲੋਂ ਨਹੀਂ ਡਰਨਾ
ਤੂੰ ਇਸ ਬੇ-ਫੈਜ਼ ਕੁਵੱਲੀ ਦੁਨੀਆਂ ਕੋਲੋਂ ਨਹੀਂ ਹਰਨਾ
ਮੈਂ 'ਕੱਲਾ ਰਹਿਣਾ ਸਿਖ ਲਿਆ
ਮੇਰੀ ਦੁਨੀਆਂ ਵਿਚ ਕੋਈ ਬਾਹਰੋਂ ਨਹੀਂ ਸੀ ਆਂਦਾ ਜਾਂਦਾ

ਮੈਂ ਤੇ ਮੇਰਾ ਇਕਲਾਪਾ ਸੀ
ਜਿਹਦੇ ਨਾਲ ਮੈਂ ਚੰਬੇ ਦੀ ਖੁਸ਼ਬੂ ਸੁੰਘੀ
ਬਰਸਾਤਾਂ ਵਿਚ ਪੀਂਘਾਂ ਝੂਟੀਆਂ
ਚੰਨ ਦੇ ਚਾਨਣ ਵਿਚ ਖਬਰੇ ਕਿਹੜੀਆਂ ਕਿਹੜੀਆਂ ਸੱਧਰਾਂ ਦੇ ਘੁੰਡ ਚੁੱਕੇ
ਮੇਰੀ ਇਸ ਦੁਨੀਆਂ ਵਿਚ ਜੋ ਅੱਖੀਆਂ ਅੰਨ੍ਹੀਆਂ ਕਰਨ ਵਾਲਾ ਕੋਈ ਚਾਨਣ ਨਹੀਂ ਏ
ਤੇ ਕੋਈ ਨਵਾਂ ਹਨ੍ਹੇਰਾ ਵੀ ਨਹੀਂ ਏ
ਮੈਂ ਤੇ ਮੇਰਾ ਇਕਲਾਪਾ ਇਕ ਦੂਜੇ ਦੇ ਆਦੀ
ਇਕ ਦੂਜੇ ਦੇ ਸੰਗੀ ਸਾਥੀ
ਤੇ ਹੁਣ ਤੂੰ ਆਪਣੇ ਪਿਆਰ ਦਾ ਚਾਨਣ ਲੈ ਕੇ
ਮੇਰੇ ਬੂਹੇ ਆਣ ਖਲੋਤਾ ਏਂ
ਮੈਂ ਡਰਦੀ ਹਾਂ ਮੇਰਾ ਇਕਲਾਪਾ ਵੀ ਮੈਨੂੰ ਛੱਡ ਕੇ ਦੂਰ ਨ ਜਾਵੇ
ਮੈਂ ਸੋਚਦੀ ਹਾਂ
ਤੂੰ ਦੁਨੀਆਂ ਦਾ ਪਰਛਾਵਾਂ
ਤੂੰ ਘਟਦਾ ਵਧਦਾ ਰਹੇਂਗਾ
ਤੇਰੇ ਲਈ ਮੈਂ ਆਪਣਾ ਸਾਥੀ ਛੱਡ ਦਿਆਂ ਤੇ
ਮੇਰੇ ਪਿਆਰ ਦੀ ਖੱਟੀ
ਤੇਰਾ ਹਿਜ਼ਰ ਹਨ੍ਹੇਰਾ
ਮੇਰੇ ਕੋਲੋਂ ਫਿਰ ਸਾਂਭ ਨਹੀਂ ਹੋਣਾ।

• (SCARBOROUGH,ONTARIO)

# ਦੋ ਗ਼ਜ਼ਲਾਂ

## ਸਲੀਮ ਸਦੀਕੀ

੧.

ਦੁਨੀਆਂ ਗੁੰਝਲਦਾਰ ਬੁਝਾਰਤ, ਜਿਹਦਾ ਸਿਰ ਨ ਪੈਰ।
ਜਿਹੜਾ ਵੇਲਾ ਸੌਖਾ ਲੰਘੇ ਉਹਦੀ ਮੰਗੋ ਖੈਰ।

ਨ ਕੋਈ ਦਿਲ ਦਾ ਮਹਿਰਮ ਲੱਭਾ, ਨ ਹੀ ਆਇਆ ਚੈਨ,
ਦਿਲ ਦਾ ਖਾਲੀ ਠੂਠਾ ਲੈ ਕੇ, ਫਿਰਾਂ ਹਾਂ ਚਾਰ ਚੁਫੇਰ।

ਵਿਚ ਥਲਾਂ ਦੇ ਜਾਨ ਨਿਮਾਣੀ, ਲੱਭਦੀ ਪਿਆਰ ਦਾ ਰੁੱਖ,
ਦਿਲ ਦੇ ਅੰਦਰ ਭਾਂਬੜ ਬਲਦਾ, ਤੇ ਸੂਰਜ ਨਾਲ ਵੈਰ।

ਸੱਜਣਾਂ ਦੇ ਨਾਲ ਕੌਲ ਨਿਭਾਣਾ, ਕਿਸੇ ਕਿਸੇ ਦਾ ਲੇਖ,
ਕੱਲ੍ਹ ਦੇ ਸੱਜਣ ਅੱਜ ਦੇ ਦੁਸ਼ਮਣ, ਕੈਸਾ ਪਿਆ ਹਨ੍ਹੇਰ।

ਵਾਂਗ ਸ਼ੁਦਾਈਆਂ ਕੂਕਾਂ ਮਾਰਨ. ਵਿਚ ਬੇਲੇ ਦੇ ਕੂੰਜਾਂ,
ਰਾਂਝੇ ਦਾ ਉਹ ਦਿਲ ਪਰਚਾਵਣ, ਉੱਡਣ ਚਾਰ ਚੁਫੇਰ।

ਮਾਰੋ ਝਾਤੀ ਦਿਲ ਦੇ ਅੰਦਰ, ਜੇ ਲੱਭਣਾ ਜੇ ਮੀਤ,
ਤੇ ਹੰਝੂਆਂ ਦੀ ਜੋਤ ਜਗਾਓ, ਤਾਂ ਜੇ ਚੜ੍ਹੇ ਸਵੇਰ।

ਸੁੰਨਾਂ ਵੇਹੜਾ ਸਿਖਰ ਦੁਪਹਿਰ ਤੇ ਖੱਜੀਆਂ ਦੀ ਛਾਂ,
ਕੋਈ ਨ ਆਇਆ ਮਨ ਪਰਚਾਵਨ ਕਿੰਨੀ ਹੋ ਗਈ ਦੇਰ।

ਸਾਡੇ ਲੇਖਾਂ ਦੀਆਂ ਲੀਕਾਂ ਖਿੱਚੀਆਂ ਕਿਸਨੇ ਦੱਸੋ,
ਕਿਸ ਨੇ ਧਰਤੀ ਮਾਂ ਨੂੰ ਵੰਡਿਆ ਕਿਸਨੇ ਘੋਲਿਆ ਜ਼ਹਿਰ।

ਕੰਮ ਕਵੱਲੇ ਤੇ ਰਾਹ ਅਵੱਲੇ, ਅਕਲ ਦਾ ਘਾਟਾ ਲੋਕੋ,
ਫੇਰ ਨ ਜ਼ਹਿਰ ਦਾ ਬੂਟਾ ਉੱਗੇ, ਫੁੱਟ ਪਵੇ ਨ ਵੈਰ।

੨.

ਵੱਡੀਆਂ ਗੱਲਾਂ ਨਿੱਕੀਆਂ ਗੱਲਾਂ, ਗੱਲਾਂ ਨੇ ਬੱਸ ਗੱਲਾਂ।
ਗੱਲਾਂ ਨੇ ਕਦ ਤੋੜ ਚੜ੍ਹਾਇਆ, ਗੱਲਾਂ ਨੇ ਬੱਸ ਗੱਲਾਂ।

ਲੇਖਾਂ ਦੀ ਸੂਲੀ 'ਤੇ ਚੜ੍ਹ ਗਏ, ਕਿੰਨੇ ਮਨ ਦੇ ਰੋਗੀ,
ਕਿੰਨੇ ਵਾਂਗ ਫਕੀਰਾਂ ਰੁਲ ਗਏ, ਕਿੰਨੇ ਰੁਲੇ ਵਿਚ ਥੱਲਾਂ।

ਦਿਲ ਦਾ ਪੰਛੀ ਮਾਰ ਉਡਾਰੀ, ਜਾਵੇ ਕਿਹੜੇ ਪਾਸੇ,
ਕੂੰਜ ਇਕੱਲੀ ਬਿਨ ਡਾਰੋਂ, ਜਿਵੇਂ ਜੋਗੀ ਵਿਚ ਮਹੱਲਾਂ।

ਹਿਜ਼ਰ ਦੀ ਅੱਗ ਨਾਲ ਬਲਦਾ ਪਿੰਡਾ ਤੇ ਹੰਝੂ ਵੀ ਸੁੱਕੇ,
ਦੂਰ ਦੁਰਾਡੇ ਸੱਜਣ ਵੱਸੇ ਕਿਵੇਂ ਸੁਨੇਹੜਾ ਘੱਲਾਂ।

ਚਾਰ ਦਿਹਾੜੇ ਇਹ ਹਯਾਤੀ ਤੇ ਚਾਰ ਦਿਨਾਂ ਦਾ ਮੇਲਾ,
ਦੁੱਖ ਦਾ ਦਰਿਆ ਠਾਠਾਂ ਮਾਰੇ ਸਿਰ ਤੋਂ ਉੱਚੀਆਂ ਛੱਲਾਂ।

ਰਾਤ ਹਨੇਰੀ ਓੜਕ ਮੁਕਸੀ, ਓੜਕ ਦਿਨ ਵੀ ਚੜ੍ਹਸੀ,
ਓੜਕ ਕਦ ਤੱਕ ਓੜਕ ਹੋਸੀ, ਕਦ ਤੱਕ ਓੜਕ ਝੱਲਾਂ।

ਦਿਲ ਦਾ ਵਿਹੜਾ ਸੁੰਝ ਭੜੂੰਜਾ ਤੇ ਟਿੰਮ ਟਿੰਮ ਬਲਦਾ ਦੀਵਾ,
ਦੀਵੇ ਦੇ ਨਾਲ ਸਾਂਝ ਅਸਾਡੀ ਤੇ ਮੈਂ ਹੌਲੇ ਹੌਲੇ ਬੱਲਾਂ।

ਛੜ ਕੇ ਚਿਮਟਾ ਤੁਰ ਗਏ ਜੋਗੀ, ਮਾਲਾ ਜਪਦੇ ਜਪਦੇ,
ਨ ਮੈਂ ਜੋਗੀ ਨ ਮੈਂ ਸਾਧੂ ਕਿਸ ਦੇ ਨਾਲ ਮੈਂ ਰੱਲਾਂ।

ਹੰਝੂਆਂ ਦੀ ਮੈਂ ਮਾਲਾ ਪਾਈ, ਹੰਝੂ ਦਾ ਮੈਂ ਗਹਿਣਾ,
ਹੜ੍ਹ ਹੰਝੂਆਂ ਦਾ ਚੜ੍ਹਦਾ ਆਵੇ, ਹੰਝੂ ਮਾਰਨ ਠੱਲ੍ਹਾਂ।

• (SCARBOROUGH, ONTARIO)

# ਅਮਰੀਕਾ

## ਸਾਂਵਲੀ ਜਹੀ ਕੁੜੀ

- ਸੁਰਜੀਤ ਦੇ ਨਾਂ -

(ਡਾ. ਗੁਰੂਮੇਲ)

ਇੱਕ ਸਾਂਵਲੀ ਜਹੀ ਕੁੜੀ
ਮੇਰੇ ਖਹਿੜੇ ਪਈ ਹੋਈ ਹੈ
ਚੋਣੇ ਵੇਲੇ ਤੋਂ
ਦੁੱਧ ਵਿੱਚ ਮਧਾਣੀ ਪੈਣ ਤੱਕ
ਇਹ ਮੇਰੇ ਅੰਗ ਸੰਗ ਰਹਿੰਦੀ
ਆਪਣੀ ਵਿਥਿਆ ਕਹਿੰਦੀ,
ਦਿਨ ਨੂੰ
ਕਿਤੇ ਆਪਣੀ ਤਕਦੀਰ ਦਾ
ਲੇਖਾ-ਜੋਖਾ ਕਰਦੀ ਹੈ,
ਕਦੇ ਕਲੀਆਂ ਨੂੰ ਖੋਲ੍ਹਦੀ ਹੈ
ਤੇ ਕਦੇ ਬੰਨ੍ਹਦੀ ਹੈ।
ਹਾਸੇ ਇਹਦੇ ਬੁੱਲ੍ਹਾਂ 'ਤੇ
ਛਿਕੜੀ ਬਣ ਬਣ ਭੁਰਦੇ ਹਨ
ਗਜ਼ ਗਜ਼ ਲੰਬੇ ਵਾਲਾਂ ਦਾ ਉਹਲਾ ਕਰਕੇ
ਆਪਣੇ ਹੱਥਾਂ ਦੀ ਮਹਿੰਦੀ
ਖਾਰੇ ਖਾਰੇ ਹੰਝੂਆਂ ਨਾਲ ਧੋਂਦੀ ਹੈ
ਸੋਚਾਂ ਕੀੜਿਆਂ ਵਾਂਗ
ਇਸ ਦਾ ਮਾਸ ਚੂੰਡਦੀਆਂ ਹਨ।
ਸ਼ਾਮ ਨੂੰ ਫੇਰ
ਆਪਣੇ ਮੂੰਹ ਤੇ
ਪਲਾਸਟਿਕ ਹਾਸੇ ਦਾ ਪੋਚਾ ਫੇਰ
ਇਹ ਮੇਰੇ      ਖਹਿੜੇ ਪੈ ਜਾਂਦੀ ਹੈ।
ਇੱਕ ਸਾਂਵਲੀ ਜਹੀ ਕੁੜੀ
ਮੈਨੂੰ ਪੋਲੀਆਂ ਪੋਲੀਆਂ ਗੱਲਾਂ ਨਾਲ
ਇਹ ਜਤਾਉਂਦੀ ਹੈ
ਕਿ ਉਹ ਕਿੰਨੀ ਖੁਸ਼ ਹੈ।

ਸਾਂਵਲੀਏ
ਤੇਰੀ ਯਾਦ ਨਾਲ
ਮਨ 'ਚ ਪਤਾਸੇ

● (University of Nebraska, Lincoln, U.S.A.)

## ਸੱਤ ਸਮੁੰਦਰ ਪਾਰ

(ਹਰਮਿੰਦਰ)

ਓ ਪੰਛੀਆ
ਜਾਹ ਸੱਤ ਸਮੁੰਦਰ ਪਾਰ
ਜਾਹ ਢੂੰਡ ਕਰ ਲੈ ਆ
ਦੇ ਕੋਈ ਸੁੱਖ ਸੁਨੇਹੜਾ !

ਮਾਂ ਮੇਰੀ ਜੇ ਪੁੱਛਣ ਬੈਠੇ ਹਾਲ ਦਿਲਾਂ ਦਾ
ਚੰਗਾ ਚੰਗਾ ਕਹਿ ਤੂੰ ਹੱਸ ਸੁਣਾਈਂ
ਵੇਖੀਂ ਵੇ !
ਕਿਤੇ ਤੇਰਾ ਹੰਝੂ
ਤੈਨੂੰ ਝੂਠਾ ਕਰ ਜਾਵੇ।

ਸਖੀ ਸਹੇਲੀ ਪੁੱਛ ਬੈਠੇ, ਕੇਹੀ ਸਾਵਣ ਦੀ ਰੁੱਤ ਇੱਥੇ
ਕਹੀਂ ਹਰ ਰੁਤ ਸੁਹਾਵਣੀ ਵਿੱਚ ਪਰਦੇਸੀਂ
ਵੇਖੀਂ ਵੇ!
ਕਿਤੇ ਖੰਭੀਂ ਲੱਗਿਆ ਕੋਈ ਸੁੱਕਾ ਤਿਣਕਾ
ਤੈਨੂੰ ਝੂਠਾ ਕਰ ਜਾਵੇ।

ਬਾਬਲ ਪੁੱਛੇ, ਕੇਹੀ ਮੇਰੇ ਸੰਧੂਰ ਦੀ ਲਾਲੀ
ਕਹੀਂ ਐਸੀ ਲਾਲੀ ਤੂੰ ਕਿਧਰੇ ਨਾ ਪਹਿਲੋਂ ਦੇਖੀ
ਵੇਖੀਂ ਵੇ!
ਕਿਤੇ ਤੇਰਾ ਹਾਉਕਾ
ਤੈਨੂੰ ਝੂਠਾ ਕਰ ਜਾਵੇ।

ਵੀਰਾ ਮੇਰਾ ਜੇ ਪੁੱਛਣ ਬੈਠਾ, ਕੇਹੀ ਮੇਰੇ ਬਾਗ਼ ਦੀ ਰੌਣਕ
ਕਹੀਂ ਕੋਈ ਨਾ ਸਾਖ਼ ਕੰਡਿਆਲੀ ਮੇਰੇ ਬਾਗ਼ੀਂ
ਵੇਖੀਂ ਵੇ!
ਕਿਤੇ ਤੇਰਾ ਖੰਭ ਛਿੱਜਿਆ
ਤੈਨੂੰ ਝੂਠਾ ਕਰ ਜਾਵੇ।

● (Michigan, U.S.A.)

ਇੰਗਲੈਂਡ

## ੧. ਭਰਿਆਂ ਬੱਦਲਾਂ ਦੀ ਉਡੀਕ 'ਚ

(ਜਗਤਾਰ ਢਾਅ)

ਗੱਲ ਤਾਂ ਕੋਈ ਬਹੁਤੀ ਪੁਰਾਣੀ ਨਹੀਂ
ਕਿ ਤੂੰ ਸੂਰਜ ਫੜਨ ਦੀਆਂ ਗੱਲਾਂ ਕਰਦਾ-ਕਰਦਾ
ਸਚਮੁਚ ਇਕ ਦਿਨ
ਸੂਰਜ ਫੜਨ ਨਿਕਲ ਤੁਰਿਆ
ਮੁੜ ਪਰਤਿਆ ਨਾ
ਬਸ ਨਹਿਰ 'ਚ ਰੁੜ੍ਹੇ ਜਾਂਦੇ ਮਿਲੇ
ਤੇਰੇ ਜਿਸਮ ਦੇ ਕੁਝ ਅੰਗਾਂ ਨੇ
ਕਾਲਖ਼ ਦੇ ਰਾਖ਼ਸ਼ਾਂ ਦੇ ਰਾਜ ਦੀ ਉਗਾਹੀ ਭਰੀ ਸੀ।

ਸ਼ਾਇਦ ਹੁਣ ਤੀਕ ਤੈਨੂੰ ਸਭ ਭੁਲ ਚੁਕੇ ਹੋਣਗੇ
ਪਰ ਨਹੀਂ ਭੁਲਾ ਸਕੀ ਹੋਏਗੀ ਉਹ ਬੁੱਢੀ
ਪਿੰਡ ਦੀ ਭਰੀ ਸੱਥ 'ਚ
ਕਾਨੂੰਨ ਦੇ ਹੱਥਾਂ ਨਾਲ ਪੁੱਟੀਆਂ-ਜਾਂਦੀਆਂ ਜਿਸਦੀਆਂ ਦੋਧੀਆਂ
ਬਸ ਪੱਥਰ ਹੋ ਕੇ ਰਹਿ ਗਈਆਂ ਸਨ।
ਜਿਨ੍ਹਾਂ 'ਚ ਅੱਜ ਵੀ ਤੇਰਾ ਨਾਂ ਸੁਣ
ਦੁਧ ਪਲ੍ਹਮ ਆਉਂਦਾ ਹੈ
ਤੇ ਉਹ ਬੁੱਢੀ
ਹੱਥਲੀ ਸੋਟੀ ਧਰਤੀ ਉਤੇ ਠਕੋਰਦੀ ਆਖਦੀ ਹੈ —
"ਇਹ ਪੱਥਰ ਦੀ ਹੈ
ਚੱਪਾ-ਚੱਪਾ ਪੱਥਰ
ਏਨੇ ਡੁਲ੍ਹੇ ਲਹੂ ਨਾਲ
ਨਹੀਂ ਤਾਂ ਪਾਟ ਨਾ ਜਾਂਦੀ।"

ਸ਼ਾਇਦ ਹੁਣ ਤੇਰੀ ਹੋਰ ਕਿਸੇ ਨੂੰ ਉਡੀਕ ਨਹੀਂ
ਪਰ ਹਾਲੇ ਵੀ ਤੈਨੂੰ ਉਡੀਕ ਰਿਹਾ ਹੈ ਉਹ ਬੁੱਢਾ
ਕਾਨੂੰਨ ਦੇ ਹੱਥਾਂ 'ਚ ਪੁਟੇ ਜਾਂਦੇ
ਜਿਸ ਦੀ ਬੱਗੀ ਦਾੜ੍ਹੀ ਦੇ ਵਾਲਾਂ
ਤੇਜ਼ ਧਾਰ ਤਾਰਾਂ ਬਣ ਫਿਰ ਜਾਣਾ ਲੋਚਿਆ ਸੀ
ਅੱਜ ਵੀ ਉਹ
ਪਿੰਡ ਦੇ ਬੂਹੇ ਮੂਹਰਲੇ ਥੜ੍ਹੇ ਉਤੇ ਬੈਠਾ
ਅੱਖਾਂ ਦੀ ਦੂਰਬੀਨ ਅਸਮਾਨ ਵਲ ਲਾਈ
ਪਤਾ ਨਹੀਂ ਕਿਹੜਿਆਂ ਬੱਦਲਾਂ ਦੇ
ਪਰਤਣ ਨੂੰ ਉਡੀਕਦਾ ਆਖਦਾ ਹੈ —
"ਪਾਣੀ ਭਰਨ ਗਏ ਬੱਦਲ
ਕਦੀ ਤਾਂ ਮੁੜਨਗੇ ਹੀ
ਕਦੀ ਤਾਂ ਮੁੜਨਗੇ ਹੀ।"

ਸ਼ਾਇਦ ਭਰ ਹੀ ਗਏ ਹੋਣਗੇ ਹੁਣ ਤੀਕ
ਥਾਣੇ 'ਚ ਕਾਨੂੰਨ ਦੇ ਡੰਡਿਆਂ ਨਾਲ
ਕਿਸੇ ਮੁਟਿਆਰ ਦੇ ਗੁਪਤ ਅੰਗਾਂ 'ਚ ਹੋਏ ਜ਼ਖ਼ਮ
ਪਰ ਨਹੀਂ ਭਰ ਸਕਿਆ ਹੋਏਗਾ
ਤੇਰੀ ਧੁਪ ਬਿਨ
ਉਸ ਦੀ ਉਮਰ ਦੇ ਸਾਲਾਂ ਦਾ ਸੱਖਣਾ ਵਿਹੜਾ
ਸ਼ਾਇਦ ਨਾਂ ਦੇ ਹੀ ਲਿਆ ਹੋਏ ਉਸ ਗੁਪਤੀ
ਹਨੇਰੀ ਰਾਤ 'ਚ ਚਮਕਦੇ ਕਿਸੇ ਤਾਰੇ ਨੂੰ ਤੇਰਾ
ਪਰ ਜਦ ਵੀ ਤੂਫ਼ਾਨੀ ਰਾਤ ਆਉਂਦੀ ਹੋਏਗੀ
ਉਹ ਕੋਠੇ ਚੜ੍ਹ
ਨੇਰ੍ਹ ਘੁੱਪ ਅਸਮਾਨ 'ਚੋਂ ਤੈਨੂੰ ਲੱਭਦੀ
ਤੇਰੇ ਨਾਂ ਦੀਆਂ ਕੂਕਾਂ ਮਾਰਦੀ
ਅੰਬਰ ਨੂੰ ਅੱਗ ਲਾਉਂਦੀ ਹੋਏਗੀ।

ਤੇਰਾ 'ਨਿੱਕਾ'
ਜਿਸ ਨੂੰ ਤੂੰ ਨਿਕਾ ਜਿਹਾ ਹੀ ਛੱਡ ਗਿਆ ਸੀ।
ਹੁਣ ਨਿੱਕਾ ਨਹੀਂ ਰਿਹਾ
ਤੇਰੇ ਵਰਗਾ ਵਾਹਵਾ ਸੋਹਣਾ ਗੱਭਰੂ ਨਿਕਲਿਆ ਹੈ
ਤੇ ਤੇਰੇ ਵਾਂਗ
ਉਸ ਦੀ ਜਵਾਨੀ ਦਾ ਵੀ ਪਹਿਲਾ ਹੀ ਸਾਲ
ਬੁਢਾਪੇ ਨੇ ਬੋਚ ਲਿਆ ਹੈ
ਅੱਜ ਕਲ੍ਹ ਉਹ
ਤੇਰੀਆਂ ਧੀਆਂ ਨੂੰ ਬੂਹਿਉਂ ਉਠਾਉਣ ਦੀਆਂ
ਸੋਚਾਂ 'ਚ ਗਲਤਾਨ
ਪਰਦੇਸਾਂ ਦੀਆਂ ਮੰਡੀਆਂ 'ਚ ਵਿਕਣ ਲਈ
ਦਲਾਲਾਂ ਦੇ ਗੇੜੇ ਕਢ ਰਿਹਾ ਹੈ।

ਕੁਝ ਵੀ ਨਹੀਂ ਬਦਲਿਆ ਤੇਰੇ ਪਿੰਡ ਦਾ
ਅੱਜ ਵੀ ਰਾਤ ਦੀ ਚੁਪ 'ਚ ਪਿੰਡ ਦੇ ਬੋਹੜ ਤੋਂ
ਗਿਧਾਂ ਦੀ ਘੁਰ-ਘੁਰ ਸੁਣਦੀ ਹੈ
ਤੇ ਸਿਖ਼ਰ ਦੁਪਿਹਰੇ ਚਿੜੀਮਾਰ ਦੇ ਪੰਜੇ 'ਚ ਫਸੀ
ਕੋਈ ਚਿੜੀ ਫੜਫੜਾਉਂਦੀ ਹੈ।
ਰੋਜ਼ ਵਾਂਗੂ
ਅੱਜ ਵੀ ਤੇਰੇ ਪਿੰਡ ਦੇ ਛੱਪੜ ਕੰਢਲੇ
ਪਿੱਪਲਾਂ ਦੀਆਂ ਕੂਲੀਆਂ ਟੀਸੀਆਂ ਉਤੇ ਆਥਣੇ
ਅਮਨ-ਕਾਨੂੰਨ ਦੇ ਰਖਵਾਲੇ
ਦੁੱਧਚਿੱਟੇ ਬਗਲੇ ਆ ਹੁੰਦੇ ਨੇ ਬਿਰਾਜਮਾਨ
ਤੇ ਉਨ੍ਹਾਂ ਨੂੰ ਦੇਖ
ਛੱਪੜ 'ਚ ਰਹਿੰਦੇ ਜੀਵਾਂ ਦੀਆਂ ਅੱਖਾਂ ਵਿਚ
ਉੱਤਰ ਆਉਂਦਾ ਹੈ ਸ਼ਮਸ਼ਾਨ।

ਤੇਰੇ ਇਲਾਕੇ ਉਡਦੀਆਂ ਚਾਮਚੜਿੱਕਾਂ
ਜੋ ਤੇਰੇ ਚਿਹਰੇ ਤੋਂ ਡੁਲ੍ਹਦੇ ਨੂਰ ਨਾਲ
ਖੁਡਾਂ 'ਚ ਬੈਠੀਆਂ ਕੰਬਦੀਆਂ ਸਨ
ਹੁਣ ਫੇਰ ਖੁੱਲ੍ਹੀਆਂ ਉਡਾਰੀਆਂ ਮਾਰਦੀਆਂ ਹਨ
ਨੇਰ੍ਹੇ ਦਾ ਜਸ਼ਨ ਮਨਾਉਂਦੀਆਂ
ਚਾਨਣ ਦੇ ਸੌਦਾਗਰਾਂ ਨੂੰ ਤਾੜਦੀਆਂ ਹਨ।

ਸ਼ਾਇਦ ਹੋਰ ਕੁਝ ਵੀ ਨਹੀਂ ਬਦਲਿਆ
ਤੇਰਾ ਲਹੂ ਡੁੱਲ੍ਹਣ ਨਾਲ
ਸਿਵਾਏ ਇਸ ਦੇ ਕਿ
ਕੁਝ ਪਥਰ ਲਹੂ ਨਾਲ ਰੰਗੇ ਗਏ ਹਨ
ਤੇ ਤੇਰੇ ਦੇਸ਼ ਦੇ ਔੜਾ ਮਾਰੇ ਰੁੱਖ
ਪਹਿਲਾਂ ਤੋਂ ਵੀ ਵੱਧ ਭਰਿਆਂ ਬੱਦਲਾਂ ਦੀ
ਉਡੀਕ ਕਰਨ ਲਗ ਪਏ ਹਨ।

● (U.K.)

## ੨. ਜੋਧਾ

(ਸੰਤੋਖ ਸਿੰਘ ਸੰਤੋਖ)

ਜਿੱਤਿਆ ਗਿਆ ਨਾ ਹਾਰਿਆ
ਜਿੰਨਾ ਜੂਝਿਆ ਓਨਾ ਸਤਿਕਾਰਿਆ
ਜੋਧੇ ਦਾ ਕੰਮ ਤਾਂ ਜੂਝਣਾ
ਤੇ ਜਿੱਤ ਹਾਰ!

ਮਿਹਨਤ ਦੇ ਪਿੰਡੇ ਤੋਂ ਪਸੀਨਾ ਪੂੰਝਣਾ
ਰੱਬ, ਸੰਤ, ਵਲੀ, ਪੋਪ ਜਾਂ ਔਲੀਏ
ਥੱਕੇ ਤੇ ਹਾਰੇ ਹੋਏ ਹਜੂਮ ਦੀ ਕਲਿਆਣ
ਇਹਨਾਂ ਤੋਂ ਵੀ ਬਹੁਤ ਵੱਡਾ ਮੇਰੇ ਲਈ
'ਲੱਗੀ' ਦਿਹਾੜੀ ਦਾ ਦਿਹਾੜੀਦਾਰ
ਇਕ ਜੋਧਾ ਮਹਾਨ!
ਸਿਰਜਣ-ਹਾਰੇ ਦੀ ਸ਼ਕਤੀ ਨੂੰ ਪ੍ਰਣਾਮ।

● (U.K.)

ਹਿੰਦੁਸਤਾਨ

## ਸੰਤ ਰਾਮ ਉਦਾਸੀ ਕਾਲਮ

ਮਾਰਚ ਅਪਰੈਲ 1983 ਦੇ ਵਤਨੋਂ ਦੂਰ ਦੇ 'ਦਰਪਣ' ਵਿੱਚ ਸੰਤ ਰਾਮ ਉਦਾਸੀ ਨੇ ਸਾਨੂੰ ਇੱਕ ਕਾਲਮ ਉਨ੍ਹਾਂ ਲਈ ਰਾਖਵਾਂ ਕਰਨ ਲਈ ਕਿਹਾ ਸੀ। ਇਸ ਨਵੇਂ ਕਾਲਮ ਵਿੱਚ ਅੱਗੇ ਤੋਂ ਹਰ ਅੰਕ ਵਿੱਚ ਉਨ੍ਹਾਂ ਦੀਆਂ ਨਵੀਆਂ ਰਚਨਾਵਾਂ ਪੇਸ਼ ਕੀਤੀਆਂ ਜਾਇਆ ਕਰਨਗੀਆਂ। — ਸੰਪਾਦਕ

### ਰੁਬਾਈਆਂ

ਮੈਂ ਤ੍ਰਿਹਾਈਆਂ ਆਸਾਂ ਲੈ ਕੇ ਕਿਵੇਂ ਘਰਾਂ ਨੂੰ ਪਰਤਾਂ ?
ਨਾਲ ਸਿਰਾਂ ਦੇ ਨਿਤਰੇ ਵਾਲੀਆਂ ਲਾ ਬੈਠਾ ਹਾਂ ਸ਼ਰਤਾਂ।
ਮੈਂ ਨਾ ਬਾਜ਼ੀ ਵਾਂਗ ਪਾਂਡਵਾਂ ਵਿੱਚ ਜੂਏ ਦੇ ਹਰਿਆ,
ਪੱਟ ਵੈਰੀ ਦੇ ਪਤ ਨਾ ਸ਼ਰਨੀਂ ਬੇਸ਼ੱਕ ਜਾਵਾਂ ਮਰ ਤਾਂ।

ਲੋਥ ਮੇਰੀ ਤੇ ਕਾਗੋ, ਕੱਠਿਓ ਰਲ ਚੜ੍ਹਚੋਹਲੜ ਪਾਇਓ,
ਲਹੂ ਮੇਰੇ ਸੰਗ ਲਿੱਬੜਿਆ ਮੂੰਹ ਹਰ ਸੱਥ-ਗਲੀ ਦਖਾਇਓ।
ਪਤਾ ਲੱਗੇ ਕਿ ਖ਼ੂਨ ਮੇਰੇ ਦਾ ਲਾਲ ਅਜੇ ਵੀ ਰੰਗ ਸੀ,
ਉਮਰ ਚਿੱਟੀ ਦੇ ਨਾਲ ਨਾ ਮੇਰੇ ਖ਼ੂਨ ਦਾ ਰੰਗ ਚਿਟਿਆਇਓ।

ਅੱਜ ਠੌਰ ਤੋਂ ਆ ਅਟਕੇ ਹਾਂ।
ਜਿਉਂ ਰਾਹੀ ਭੁੱਲੇ ਭਟਕੇ ਹਾਂ।
ਕਿਨ, ਅੱਖੀਆਂ ਦੀ ਅਸੀਂ ਨਿਗਾਹ ਥਏਂ
ਕਿਨ, ਵਾਂਗ ਰੋੜ ਦੇ ਰੜਕੇ ਹਾਂ।

ਵਤਨੋਂ ਦੂਰ ਗਏ ਮੁੜ ਆਏ ਗ਼ਦਰੀ ਵਾਂਗ ਗ਼ਦਰ ਦੇ।
ਸਾਰੇ ਵਤਨ ਉੱਤੇ ਉਹ ਛਾਅ ਗਏ ਵਾਂਗੂੰ ਲਾਲ-ਫ਼ਜਰ ਦੇ।
ਰੱਹਿਬੂ ਨਿਖਾਰੇਂ ਵਤਨੀਂ ਕਾਹਤੋਂ, ਆਪ ਨਿਖਾਰੇਂ ਬਣਨਗੇ,
ਇੱਕ ਤੇਲ ਦੇ ਤੁਪਕੇ ਵਾਂਗੂੰ ਸਾਗਰ ਉੱਤੇ ਪਸਰਗੇ।

● (India)

ਸੰਤ ਰਾਮ ਉਦਾਸੀ ਦਾ ਪੰਜਵਾਂ
ਕਾਵਿ-ਸੰਗ੍ਰਹਿ 'ਕੰਮੀਆਂ ਦਾ ਵਿਹੜਾ' ਛਪਾਈ ਅਧੀਨ ਹੈ

## ਲੋਕ-ਬੋਲੀਆਂ

(ਸੁਰਜੀਤ ਬਰਾੜ)

ਸੁਣ ਵੇ ਮੁੰਡਿਆ ਪੜ੍ਹਿਆ ਲਿਖਿਆ, ਕੀ ਤੇਰੀ ਪੜ੍ਹਾਈ।
ਪੰਦਰਾਂ ਸੋਲ੍ਹਾਂ ਪੜ੍ਹ ਕੇ ਹਾਣੀਆ, ਖੂਹ ਵਿਚ ਫਿਰੇਂ ਪਾਈ।
ਲੱਟ ਬੌਰਾ ਤੂੰ ਹੋਇਆ ਫਿਰਦੈਂ, ਕੰਮ ਕਾਰ ਨਾ ਕਾਈ।
ਉਡੀਕਦੀ ਉੱਚਾ ਅਹੁਦਾ ਤੇਰਾ, ਮਰਗੀ ਤੇਰੀ ਮਾਈ।
ਭੁੱਖਾ ਮਰਜੇਂਗਾ, (ਜੇ) ਹੁਣ ਵੀ ਹੋਸ਼ ਨਾ ਆਈ।

ਸੁਣ ਵੇ ਗਭਰੂਆ ਛੈਲ ਜੁਆਨਾ, ਕਿਉਂ ਹੱਦਾਂ 'ਤੇ ਮਰਦਾ।
ਕਿਉਂ ਪੈ ਗਿਆ ਦੱਸੀਂ ਮੈਨੂੰ, ਅਕਲ ਤੇਰੀ ਤੇ ਪਰਦਾ।
ਇਹ ਲੋਟੂ(ਸਰਮਾਏਦਾਰ)ਕੀ ਲੱਗਣ ਤੇਰੇ, ਖਾਤਰ ਜੀਹਦੀ ਲੜਦਾ।
ਕੀਹਦੇ ਨਾਲ ਲੜਾਈ ਸਾਡੀ, ਕਿਉਂ ਨੀਂ ਕੰਨ ਕਰਦਾ।
(ਤੂੰ) ਸਿੱਧੀ ਲੋਟੂ ਦੇ, ਕਿਉਂ ਨੀ ਗੋਲੀ ਧਰਦਾ।

ਹਲ ਚਲਾਉਂਦਿਆਂ ਸੁਣ ਵੇ ਜੱਟਾ, ਵਾੜ ਖੇਤ ਨੂੰ ਚਰਦੀ।
ਦੋਹੀਂ ਹੱਥੀਂ ਖੇਤ ਲੁੱਟਦੀ, ਤੇਰੀ ਹਕੂਮਤ ਘਰਦੀ।
ਸਿਖਰ ਦੁਪਹਿਰੇ ਹਲ ਤੂੰ ਵਾਹੇਂ, ਨਾ ਦੇਖੇਂ ਤੂੰ ਸਰਦੀ।
ਤੇਰੇ ਪੱਲੇ ਤਾਂ ਮਿੱਟੀ ਰਹਿ ਗਈ, ਜੋ ਜਾਏ ਨਿੱਤ ਖਰਦੀ।
ਸੋਚਣਾ ਪਊ ਤੈਨੂੰ, ਕੋਈ ਨਾ ਤੇਰਾ ਦਰਦੀ।

ਫੈਕਟਰੀ ਅੰਦਰ ਬਣਾਏਂ ਲੀੜੇ, ਤੂੰ ਨਾ ਦੇਖੇ ਪਾ ਕੇ।
ਸ਼ਰਬਤ-ਮੱਖਣ ਬਿਸਕੁਟ ਬਣਦੇ, ਕਦੇ ਨਾ ਦੇਖੇ ਖਾ ਕੇ।
ਲੱਗ ਜਾਂਦੇ ਕਈ ਰੋਗ ਮਾਰੂ-ਪੁੱਛੇ ਨਾ ਕੋਈ ਆ ਕੇ।
ਮੇਹਨਤ ਤੇਰੀ ਤੇ ਐਸ਼ਾਂ ਕਰਦੇ, ਬੈਠੇ ਢਿੱਡ ਵਧਾ ਕੇ।
ਉਠੋ ਨਹੀਂ ਸਰਨਾ, ਪੈ ਜੋ ਫੌਜ ਬਣਾ ਕੇ।

ਸੁਣ ਓਏ ਕਿਰਤੀ ਮਿਹਨਤ ਵਾਲੇ, ਤੇਰੇ ਗਲ ਵਿਚ ਲੀਰਾਂ।
ਏਸ 'ਆਜ਼ਾਦੀ' ਪਾਈਆਂ ਤੇਰੇ, ਪੈਰਾਂ ਵਿਚ ਜ਼ੰਜ਼ੀਰਾਂ।
ਬੋਟੀ ਬੋਟੀ ਚੂੰਡਿਆ ਤੈਨੂੰ, ਖੱਦਰ-ਪੋਸ਼ ਵਜ਼ੀਰਾਂ।
ਉੱਨ ਲੁਹਾਉਣ ਤੋਂ ਮਰਨਾ ਚੰਗਾ, ਚੁੱਕ ਲੈ ਸ਼ਮਸ਼ੀਰਾਂ।
ਲੱਕ ਬੰਨ੍ਹ ਕੇ ਓਏ, ਬਦਲ ਦੇਹ ਤਕਦੀਰਾਂ।

ਸੁਣ ਓਏ ਮਹਿਲ ਬਣਾਉਣ ਵਾਲਿਆ, (ਤੇਰੀ) ਰੜ੍ਹੇ ਭੰਮੀਰੀ ਰਹਿੰਦੀ।
ਅੱਖ ਮਹਿਲਾਂ ਤੇ ਖੁੱਭ ਹੈ ਜਾਂਦੀ, ਪੱਗ ਸਿਰੋਂ ਹੈ ਲਹਿੰਦੀ।
(ਪਰ) ਅਕਲਾਂ ਵਾਲੇ ਤੇਰੇ ਹੱਥਾਂ ਦੀ, ਨਾ ਮੁੱਲ ਦੁਆਨੀ ਪੈਂਦੀ।
ਆਪ ਤੂੰ ਝੁੱਗੀਆਂ ਅੰਦਰ ਸੌਵੇਂ, ਰਾਣੀ ਐਸ਼ਾਂ ਲੈਂਦੀ।
ਖੜ ਕੇ ਸੋਚ ਜ਼ਰਾ, ਤੈਨੂੰ ਸਮਝ ਕਿਉਂ ਨਾ ਪੈਂਦੀ।

● (India)

## ਸੰਤ ਰਾਮ ਉਦਾਸੀ ਦੇ ਨਾਂ

### ਸੂਰਾ ਸਿੰਘ ਨਰ

ਸੁਣ ਵੇ ਸੱਜਣਾ ਤੈਨੂੰ ਮੈਂ ਇਕ ਦਿਲ ਦੀ ਗੱਲ ਸੁਣਾਵਾਂ।
ਚੁੰਮਾਂ ਤੇਰੇ ਬੋਲ ਗੀਤਾਂ ਦੇ ਅਤੇ ਤੈਨੂੰ ਸੀਸ ਨਿਵਾਵਾਂ।
ਬੋਲ ਤੇਰੇ ਗੀਤਾਂ ਦੇ ਜਦ ਵੀ ਜਾ ਕੇ ਮਹਿਲਾਂ ਨਾਲ ਟਕਰਾਉਂਦੇ।
ਤਾਂ ਮਹਿਲੀਂ ਵਸਣ ਵਾਲਿਆਂ ਨੂੰ ਇਹ ਪੈਰਾਂ ਤੋਂ ਥੜਕਾਉਂਦੇ।
ਡਰਾਉਣ ਹੈ ਲਗਦਾ ਫਿਰ ਧਨੀਆਂ ਨੂੰ ਉਨ੍ਹਾਂ ਦਾ ਆਪਣਾ ਹੀ ਪ੍ਰਛਾਵਾਂ।
ਸੁਣ ਵੇ ਸੱਜਣਾ ... ... ... ... ...

ਬੋਲ ਤੇਰੇ ਗੀਤਾਂ ਦੀ ਜੇ ਕਿਤੇ ਪੈਰ ਕਿਰਤੀ ਦੇ ਢਾਰੇ ਪਾਉਂਦੇ।
ਤਾਂ ਹੱਸ ਹੱਸ ਕਰਕੇ ਕਿਰਤੀ ਨਾਲ ਗੱਲਾਂ ਆਪਣਾ ਪਿਆਰ ਜਤਾਉਂਦੇ।
ਫਿਰ ਅੱਗੋਂ ਕਿਰਤੀ ਪੁੱਛਦਾ ਇਨ੍ਹਾਂ ਤੋਂ ਸੱਜਣਾ ਤੇਰਾ ਵੇ ਸਿਰਨਾਵਾਂ।
ਸੁਣ ਵੇ ਸੱਜਣਾ ... ... ... ... ...

ਜਦ ਕਿਸੇ ਜਾਬਰ ਵਲੋਂ ਜਬਰ ਕਿਸੇ ਕਿਰਤੀ ਦੇ ਉੱਤੇ ਹੋਏ।
ਤਾਂ ਦੇਖੇ ਤੇਰੇ ਬੋਲ ਗੀਤਾਂ ਦੇ ਮੈਂ ਜਾ ਕੇ ਕਿਰਤੀ ਦੇ ਕੋਲ ਖਲੋਂਦੇ।
ਤੜਫ ਰਹੇ ਕਿਰਤੀ ਨੂੰ ਫਿਰ ਇਹ ਕਰਦੇ ਆਪਣੇ ਹੱਥੀ ਛਾਵਾਂ।
ਸੁਣ ਵੇ ਸੱਜਣਾ ... ... ... ... ...

ਕਿਰਤੀ ਦਾ ਸਾਥ ਇਨ੍ਹਾਂ ਬੋਲਾਂ ਤੋਂ ਕੋਈ 'ਜ਼ਾਲੂ' ਸਕਦਾ ਨਹੀਂ ਛੁਡਾ।
ਪਰ ਇਕ ਦਿਨ ਇਨ੍ਹਾਂ ਨੇ ਦੇਣਾ ਕਵੀਆ! ਜਬਰ ਦੇ ਬੱਦਲਾਂ ਤਾਈਂ ਉਡਾ।
ਤਾਹੀਓਂ ਇਨ੍ਹਾਂ 'ਤੇ ਨੂੰ ਚੜ੍ਹ ਚੜ੍ਹ ਆਵਣ ਕਾਲੀਆਂ ਘੋਰ ਘਟਾਵਾਂ।
ਸੁਣ ਵੇ ਸੱਜਣਾ ... ... ... ... ...

• (WEST GERMANY)

## ਪਰਦੇਸਣ ਨੂੰ ਵਤਨ ਦੀ ਯਾਦ

### ਬਲਬੀਰ ਸਿੰਘ

ਮੇਰੇ ਵਤਨੋਂ ਆਵਣ ਵਾਲਿਆ, ਮੈਂ ਜਾਵਾਂ ਬਲਿਹਾਰੀ ਵੇ।
ਮੈਨੂੰ ਵਤਨ ਦਾ ਹਾਲ ਸੁਣਾਵੀਂ, ਸਦਕੇ ਮੈਂ ਵਾਰੀ ਵੇ।
ਕੀ ਅਜੇ ਵੀ ਓਥੇ ਮਸਤ ਬਹਾਰਾਂ ਆਉਂਦੀਆਂ ਨੇ?
ਸਾਵਣ ਦੇ ਕਾਲੇ ਬੱਦਲ ਭਰ ਜਾਂਦੇ ਕਿਆਰੀਆਂ ਨੇ?
ਖੇਤਾਂ ਅੰਦਰ ਅਜੇ ਵੀ ਕੀ ਸਰ੍ਹੋਂਆਂ ਫਲਦੀਆਂ ਨੇ?
ਵਿਚ ਬੈਠ ਤ੍ਰਿੰਞਣਾਂ ਸਖੀਆਂ, ਰਲ ਮਿਲ ਕੇ ਗਾਉਂਦੀਆਂ ਨੇ?
ਉਹ ਤੰਦ ਤੱਕਲਾ ਪਾਉਂਦੀਆਂ, ਕੀ ਵਾਰੋ ਵਾਰੀ ਨੇ?
ਰਲ ਮਿਲ ਗਿੱਧਾ ਪਾਉਂਦੀਆਂ, ਅੱਜ ਦੀਆਂ ਮੁਟਿਆਰਾਂ ਨੇ?
ਬੋਹੜਾਂ ਤੋਂ ਲਮਕਦੀਆਂ ਪੀਂਘਾਂ, ਅਜੇ ਵੀ ਫੂਟਦੀਆਂ ਨੇ?
ਯਾਂ ਕਿਤੇ ਮਾਰ ਤਾਂ ਨਹੀਂ ਗਈਆਂ, ਉਹ ਉਡਾਰੀਆਂ ਨੇ?
ਉਹ ਬਾਬਲ ਦਾ ਖੁੱਲ੍ਹਾ ਵੇਹੜਾ, ਜਿਥੇ ਮੈਂ ਰਹਿੰਦੀ ਸੀ।
ਮੱਖਣ ਮਲਾਈਆਂ ਖਾ ਖਾ, ਜਿਥੇ ਮੈਂ ਪਲਦੀ ਸੀ।
ਮਨ ਦੀਆਂ ਸੱਧਰਾਂ ਜਿਥੇ, ਮੈਂ ਹੱਸ ਹੱਸ ਮਾਣਦੀ ਸੀ।
ਨਾਲ ਸਹੇਲੀਆਂ ਦੇ, ਲੁਕ-ਮਚੀਚੀ ਖੇਡਦੀ ਸੀ।
ਜਿਹੜੇ ਰੁਖਾਂ ਹੇਠ ਗੂਹੜੀ, ਛਾਵੇਂ ਮੈਂ ਬਹਿੰਦੀ ਸੀ।
ਪਾ ਪਾ ਕੇ ਕਿੱਕਲੀ ਮੈਂ, ਘੁੰਮਣ ਘੇਰੀਆਂ ਲੈਂਦੀ ਸੀ।
ਜਿਥੋਂ ਉਠ ਮੈਂ ਪ੍ਰਦੇਸੀ ਸੱਜਣਾਂ ਨਾਲ ਵਿਆਹੀ ਸੀ।
ਅੱਜ ਯਾਦ ਵਤਨ ਦੀ ਨੇ, ਮੇਰਾ ਮਨ ਘੇਰਿਆ ਸੀ।
ਦੇਸਾਂ ਵਾਲਿਆਂ ਲੜ-ਲੱਗ, ਅਸੀਂ ਪ੍ਰਦੇਸੀ ਹੋਏ।
ਦਿਨ ਚੜ੍ਹਿਆ ਤਾਂ ਖਿੜ ਖਿੜ ਹੱਸੇ, ਰਾਤ ਪਈ ਤਾਂ ਰੋਏ।

• (SHWEBO, BURMA)


ਪ੍ਰਿੰਸ ਰੂਪਰਟ, ਬੀ.ਸੀ. ਵਿਚ ਭਾਰਤੀ ਗਰੋਸਰੀ ਦੀ
ਇੱਕੋ ਇੱਕ ਦੁਕਾਨ

ਜਟਾਣਾ ਐਂਟਰਪ੍ਰਾਈਜ਼ਜ਼

* ਭਾਰਤੀ ਗਰੋਸਰੀ
* ਕੈਸੈਟ ਟੇਪਾਂ
* ਸ਼ੋਭਾ ਸਿੰਘ ਦੇ ਚਿੱਤਰ
* ਕਿਰਪਾਨਾਂ
* ਛੇਤੀ ਹੀ ਵੀਡੀਓ ਟੇਪਾਂ ਕਿਰਾਏ ਤੇ ਦੇਣ ਦਾ ਇੰਤਜ਼ਾਮ ਵੀ ਕੀਤਾ ਜਾ ਰਿਹਾ ਹੈ

627-7209

JATANA ENTERPRISES
1238 ALEXANDRA PLACE,
PRINCE RUPERT

# ਦਰਪਣ

## ਖ਼ਤ

ਤੁਹਾਨੂੰ ਖ਼ਤ ਲਿਖਣ ਦੀ ਚਰੋਕਣੀ ਰੀਝ ਸੀ, ਪਰ...

ਬਾਕੀ ਅੱਜ ਹੀ ਮੈਂ 'ਕੰਮੀਆਂ ਦਾ ਵਿਹੜਾ' ਨਵੀਂ ਪੁਸਤਕ ਦਾ ਖਰੜਾ ਦੋ ਕਾਪੀਆਂ ਵਿੱਚ ਹੱਥੀਂ ਲਿਖਿਆ ਹੈ, ਕੱਲ੍ਹ ਨੂੰ ਦੁਸਾਂਝ ਨੂੰ ਦੇ ਕੇ ਆਵਾਂਗਾ। ਮੇਰਾ ਖ਼ਿਆਲ ਹੈ 'ਵਤਨੋਂ ਦੂਰ' ਅਤੇ 'ਅਣੂ' ਦੋ ਇਹੋ ਜਿਹੇ ਰਸਾਲੇ ਹਨ ਜਿੰਨ੍ਹਾਂ ਨੂੰ ਮੈਂ ਕੇਵਲ ਮਿਲਣਸਾਰ ਹੀ ਪੜ੍ਹਕੇ ਸਾਹ ਲੈਂਦਾ ਹਾਂ। ਬਾਕੀਆਂ ਨੂੰ ਕਿਸ਼ਤਾਂ ਨਾਲ ਪੜ੍ਹਦਾ ਹਾਂ। 'ਸਮਤਾ' ਪੜ੍ਹਕੇ ਮੈਨੂੰ ਬਹੁਤ ਖਿਝ ਆਉਂਦੀ ਹੈ ਪਰ ਭਾ ਜੀ ਗੁਰਸ਼ਰਨ ਸਿੰਘ ਕਰਕੇ ਮੈਂ ਇਸ ਖਿਝ ਨੂੰ ਪੀ ਜਾਂਦਾ ਹਾਂ। ਬਾਕੀ ਪੰਜਾਬ ਦੇ ਮਸਲੇ ਬਾਰੇ ਤੁਹਾਨੂੰ ਬਹੁਤ ਹੀ ਸੰਜੀਦਗੀ ਨਾਲ ਛਾਪਣਾ ਚਾਹੀਦਾ ਹੈ। ਪੰਜਾਬ ਦੀਆਂ ਆਰਥਕ ਮੰਗਾਂ ਜੁ ਸਾਨੂੰ ਉਠਾਉਣੀਆਂ ਚਾਹੀਦੀਆਂ ਸਨ ਉਹ ਅਕਾਲੀਆਂ ਉਠਾ ਲਈਆਂ ਤਾਂ ਇਸ ਵਿੱਚ ਪੰਜਾਬ ਜਾਂ ਭਾਰਤ ਦੇ ਲੋਕਾਂ ਦਾ ਕੀ ਕਸੂਰ ਹੈ? ਜਿਹੜੀਆਂ ਅੱਤਵਾਦ ਅਤੇ ਵੱਖਵਾਦ ਦੀਆਂ ਖ਼ਬਰਾਂ ਤੁਹਾਡੇ ਤੀਕ ਅੱਪੜ ਰਹੀਆਂ ਹਨ ਇਹ ਕੇਵਲ ਪੰਜਾਬ ਦੇ ਇਨਕਲਾਬੀ ਵਿਰਸੇ ਦਾ ਮੱਚ ਮਾਰਨ ਲਈ ਤੇ ਸਰਕਾਰ ਵੱਲੋਂ ਕੀਤੇ ਜਾਂਦੇ ਤਸ਼ੱਦਦ ਨੂੰ ਸਹੀ ਠਹਿਰਾਉਣ ਲਈ ਵਾਹ-ਵੇਲਾ ਹਨ। ਕਮਿਊਨਿਸਟ ਤਹਿਰੀਕ ਦੀ ਬਦਕਿਸਮਤੀ ਰਹੀ ਹੈ ਕਿ ਉਹ ਇਸ ਤਹਿਰੀਕ ਨੂੰ ਉਠਾ ਨਹੀਂ ਸਕੀ (ਜਿਵੇਂ 1947 ਵਿੱਚ ਕਾਂਗਰਸ ਦੀ ਅਗੁਆਈ ਅੱਗੇ ਝੁਕ ਗਈ ਸੀ) ਐਮਰਜੈਂਸੀ ਸਮੇਂ ਕੀਤੀ ਹੋਈ ਚਮਚਾਗੀਰੀ (ਮਗਰੋਂ ਮਹਾਨ ਗ਼ਲਤੀ ਮੰਨੀ) ਅਜੋਕੇ ਸਮੇਂ ਦੀ ਤਾਜ਼ੀ ਉਦਾਹਰਣ ਹੈ। ਸੋ ਪੰਜਾਬ ਦੇ ਮਸਲੇ ਬਾਰੇ ਤੁਹਾਨੂੰ 'ਜੈਕਾਰਾ' ਨਹੀਂ ਦੱਸ ਸਕੇਗਾ। ਭਾਰਦਵਾਜ ਦਾ ਲਿਆ ਸਟੈਂਡ 51% ਠੀਕ ਹੈ। ਉਸਨੇ ਘੱਟੋ ਘੱਟ ਬੁਰਕਾ ਪਹਿਨਕੇ ਭਖ਼ਦੇ ਮਸਲੇ ਤੋਂ ਅੱਖਾਂ ਨਹੀਂ ਮੀਟੀਆਂ ਅਤੇ ਪੰਜਾਬ ਦੇ ਮਸਲੇ ਨੂੰ ਦਿੱਲੀ ਦੀ ਬੋਲੀ ਵਾਂਗ (ਜਿਵੇਂ ਸਾਡੇ ਸੱਜੇ ਖੱਬੇ ਕਮਿਊਨਿਸਟ ਬੋਲਦੇ ਹਨ) ਨਹੀਂ ਬੋਲਿਆ। 'ਇਪਾਨਾ' ਨੇ ਚੰਗਾ ਕੰਮ ਕੀਤਾ ਹੈ ਕਿ ਗੁਰਸ਼ਰਨ ਸਿੰਘ ਰਾਹੀਂ ਲੋਕ ਮੰਚ ਦੀ ਦੱਖ ਲੋਕਾਂ ਸਾਹਮਣੇ ਰੱਖੀ ਹੈ। ਮੇਰੀ ਬਹੁਤ ਵੱਡੀ ਖਾਹਸ਼ ਸੀ। ਪਰ 'ਇਪਾਨਾ' ਵਾਲੇ ਸਾਥੀ ਭਾ ਜੀ ਗੁਰਸ਼ਰਨ ਸਿੰਘ ਦੇ ਰੋਲ ਨੂੰ ਕੇਵਲ ਇੱਕ ਗਰੁੱਪ ਤੱਕ ਸੀਮਤ ਕਰਨ ਤੋਂ ਰੋਕਣਗੇ ਜਿਵੇਂ ਕਿ ਪਿਛਲੇ ਕੁਝ ਮਹੀਨਿਆਂ ਵਿੱਚ "ਪਲਸ ਮੰਚ" ਦੇ ਨਾਂ ਹੇਠ ਭਾ ਜੀ ਵੱਲੋਂ ਕੀਤਾ ਗਿਆ ਹੈ। ਇਸ ਸਾਰੇ ਕੁਝ ਦੇ ਵਰਤਾਰੇ ਬਾਅਦ ਵੀ ਮੈਂ ਆਪਣੇ ਕਿਰਤੀ ਲੋਕਾਂ ਵੱਲੋਂ ਭਾ ਜੀ ਦਾ ਸਤਿਕਾਰ ਕਰਦਾ ਹਾਂ ਜਿੰਨ੍ਹਾਂ ਨੇ ਲੋਕ ਗੀਤ ਅਪਣਾਈ। ਮੈਂ ਗੱਲ ਵਧਾ ਗਿਆ ਹਾਂ। ਚਲੋ ਅੱਛਾ!

ਪੰਜਾਬੀ ਵਿਸ਼ਵ ਸੰਮੇਲਨਾਂ ਬਾਰੇ ਵਤਨੋਂ ਦੂਰ ਅਦਾਰੇ ਦੀ ਪਹੁੰਚ ਬਿਲਕੁੱਲ ਦਰੁਸਤ ਹੈ। ਬੈਂਕਾਕ ਵਿੱਚ ਹੋ ਰਿਹਾ ਸੰਮੇਲਨ ਪੰਜਾਬੀ ਦੋਖੀ ਸੰਮੇਲਨ ਹੋ ਨਿੱਬੜਿਆ ਹੈ। ਸੰਮੇਲਨ ਦੇ ਵਾਂਗ ਹੀ ਸਰਕਾਰ ਪੰਜਾਬ ਨੂੰ ਬੋਲੀ, ਕੌਮ ਅਤੇ ਮੁੱਖ ਪੈਦਾਵਾਰੀ ਇਕਾਈ ਵੱਜੋਂ ਮਾਰਨਾ ਚਾਹੁੰਦੀ ਹੈ। ਪੰਜਾਬ ਦਾ ਮਸਲਾ ਅਸਲ ਵਿੱਚ ਕੇਂਦਰ ਅਤੇ ਸੂਬਿਆਂ ਦੇ ਅਧਿਕਾਰਾਂ ਦਾ ਮਸਲਾ ਹੈ ਜੁ ਮਾਰਕਸਵਾਦੀ ਨਜ਼ਰੀਏ ਅਨੁਸਾਰ ਦਰੁਸਤ ਹੈ ਪਰ ਸਰਕਾਰ ਜਾਣ ਬੁੱਝਕੇ ਇਸਨੂੰ ਹਿੰਦੂਆਂ ਤੇ ਸਿੱਖਾਂ ਦਾ ਮਸਲਾ ਬਣਾ ਰਹੀ ਹੈ ਬੇਸ਼ੱਕ ਅਕਾਲੀ ਨੀਤ ਦੀ ਤਹਿ ਹੇਠ ਅਕਾਲੀ ਤੇ ਕਾਂਗਰਸ ਦਾ ਮਸਲਾ ਜੰਗ ਵਾਂਗ ਖਲੋਤਾ ਹੈ। ਚੰਗਾ ਸਾਥੀ, ਵਤਨੋਂ ਦੂਰ ਦੇ ਸਾਰੇ ਲਿਖਾਰੀਆਂ ਦਾ ਮੇਰੇ ਵੱਲੋਂ ਧੰਨਵਾਦ ਕਰ ਦੇਣਾ, ਜਿੰਨ੍ਹਾਂ ਕਾਂਗਰਸ ਵੱਲੋਂ ਕਰਵਾਏ ਜਾ ਰਹੇ ਤੀਜੇ ਵਿਸ਼ਵ ਸੰਮੇਲਨ ਨੂੰ ਹੁੰਗਾਰਾ ਨਹੀਂ ਦਿੱਤਾ। ਵਿਸ਼ਵ ਸੰਮੇਲਨ ਦੇ ਜੇ ਕੱਲੇ ਕੱਲੇ ਪਰਬੰਧਕ ਬਾਰੇ ਮੈਂ ਲਿਖਾਂ ਤਾਂ ਅਸਲ ਵਿੱਚ ਹਰੇਕ ਦੇ ਮਨ ਦੀ ਤਹਿ ਵਿੱਚ ਪੰਜਾਬੀ ਵਿਰੋਧਤਾਈ ਪਲ ਰਹੀ ਹੈ। ਮੈਨੂੰ ਮੇਰੇ ਲੋਕਾਂ 'ਤੇ ਵਿਸ਼ਵਾਸ਼ ਹੈ ਕਿਉਂ ਇੰਨ੍ਹਾਂ ਲੂੰਬੜ ਚਾਲਾਂ ਨੂੰ ਸਮਝਕੇ ਮਾਂ ਭਾਰਤ ਤੇ ਮਾਂ ਬੋਲੀ ਪ੍ਰਤੀ ਪੁੱਤਾਂ ਵਾਲਾ ਰਵੱਈਆ ਧਾਰਨਗੇ।

ਅੰਤ ਵਿੱਚ ਸਾਰੇ ਸਾਥੀਆਂ ਨੂੰ ਲਾਲ ਸਲਾਮ ਆਖਦਾ ਹਾਂ। ਭਾ ਜੀ ਗੁਰਸ਼ਰਨ ਸਿੰਘ ਤੇ ਪਾਰਟੀ ਨੂੰ ਮੇਰੀ ਲਾਲ ਫ਼ਤਹਿ ਫ਼ੋਨ ਕਰ ਦੇਣੀ। ਅਦਾਰਾ ਵਤਨੋਂ ਦੂਰ ਦੇ ਸਾਰੇ ਸਾਥੀਆਂ ਨੂੰ ਮੇਰੀ ਲਾਲ ਫ਼ਤਹਿ ਆਖਣੀ।

— ਸੰਤ ਰਾਮ ਉਦਾਸੀ / 13 ਜੁਲਾਈ 1983.

(ਪਿੰਡ ਤੇ ਡਾਕ: ਰਾਏਸਰ, ਤਹਿਸੀਲ ਬਰਨਾਲਾ, ਜ਼ਿਲਾ ਸੰਗਰੂਰ, ਪੰਜਾਬ, India)

'ਵਤਨੋਂ ਦੂਰ' ਦੀ ਦਸ ਵਰ੍ਹੇ ਲੰਮੀ ਹੋਂਦ ਅਤੇ ਸੁਨੱਖੀ ਦਿੱਖ ਤੁਹਾਡੀ ਅਤੇ ਹੋਰ ਮਿੱਤਰਾਂ ਦੀ ਲਗਨ ਅਤੇ ਸਿਰੜੀ ਮਿਹਨਤ ਦਾ ਹੀ ਸਬੂਤ ਹੈ। ਤੁਹਾਡੇ ਸਥਾਈ ਕਾਲਮ ਬੜੇ ਸਾਰਥਕ ਹਨ। ਸ਼ਾਲਾ! ਵਤਨੋਂ ਦੂਰ ਹੋਰ ਵੀ ਉੱਨਤੀ ਕਰੇ!

ਜੀਵਨ ਰਾਮਪੁਰੀ, ਗਿੱਲ ਮੋਰਾਂਵਾਲੀ ਤੇ ਬਲਦੇਵ ਦੂਹੜਾ ਨੂੰ ਤੁਹਾਡੇ ਖ਼ਤ ਪੁਚਾ ਦਿੱਤੇ ਸਨ।

ਬਿਸਮਲ ਫ਼ਰੀਦਕੋਟੀ ਹੋਰਾਂ ਦੀ ਫੋਟੋ ਮੇਰੇ ਕੋਲ ਨਹੀਂ ਹੈ।

— ਗੁਰਚਰਨ ਰਾਮਪੁਰੀ / 9 ਅਗਸਤ 1983.

(North Vancouver, B.C., Canada)

'ਵਤਨੋਂ ਦੂਰ' ਦੇ ਦਸਵੇਂ ਸਾਲਾਨਾ ਅੰਕ ਲਈ ਸ਼ੁਭ ਇਛਾਵਾਂ। 'ਵਤਨੋਂ ਦੂਰ' ਨੇ ਅਨੇਕਾਂ ਔਕੜਾਂ ਵਿੱਚੋਂ ਦੀ ਗੁਜ਼ਰਕੇ ਆਪਣਾ ਸਾਹਿਤਕ ਪੱਧਰ ਕਾਇਮ ਰਖਦਿਆਂ, ਜਿੱਥੇ ਕਨੇਡੀਅਨ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੀ ਉੱਨਤੀ ਲਈ ਇਤਿਹਾਸਕ ਰੋਲ ਅਦਾ ਕੀਤਾ ਹੈ, ਉੱਥੇ ਸਮੁੱਚੇ ਪੰਜਾਬੀ ਸਾਹਿਤਕ ਜਗਤ ਵਿੱਚ ਸਤਿਕਾਰਯੋਗ ਜਗ੍ਹਾ ਵੀ ਬਣਾਈ ਹੈ। ਕਨੇਡਾ ਦੀ ਸਮੁੱਚੀ ਪੰਜਾਬੀ ਪੱਤਰਕਾਰੀ ਜਿੱਥੇ ਧੜੇਬਾਜ਼ੀ, ਭੜਕਾਊਪਣ, ਅੱਤਵਾਦ, ਫ਼ਿਰਕਾਪ੍ਰਸਤੀ, ਵਿਅਕਤੀਗਤ ਗਾਲੀ-ਗਲੋਚ, ਅਤੇ ਹੋਰ ਘਿਨਾਉਣੀਆਂ ਰੁਚੀਆਂ ਦਾ ਸ਼ਿਕਾਰ ਰਹੀ ਹੈ, ਉੱਥੇ ਵਤਨੋਂ ਦੂਰ ਨੇ ਸਿਹਤਮੰਦ, ਸੁਅੱਛ ਅਤੇ ਕਲਾਤਮਕ ਕਦਰਾਂ ਕੀਮਤਾਂ ਦੀ ਪ੍ਰਤੀਨਿਧਤਾ ਕਰਕੇ ਇੱਕ ਮਿਸਾਲ ਕਾਇਮ ਕੀਤੀ ਹੈ। ਇਸੇ ਕਰਕੇ ਵਤਨੋਂ ਦੂਰ ਪ੍ਰੀਵਾਰ ਦਾ ਮੈਂਬਰ ਹੋਣ ਵਿੱਚ ਮੈਨੂੰ ਬਹੁਤ ਮਾਣ ਮਹਿਸੂਸ ਹੁੰਦਾ ਹੈ।

— ਇਕਬਾਲ ਰਾਮੂਵਾਲੀਆ / 5 ਅਗਸਤ 1983.

(Toronto, Ontario, Canada)

'ਵਤਨੋਂ ਦੂਰ' ਲਈ ਟੋਰਾਂਟੋ ਵਿੱਚ ਰਹਿ ਰਹੀ ਪੱਛਮੀ ਪੰਜਾਬ ਦੀ ਲੇਖਕ ਜੈਗ਼ੀ, ਨੁਜ਼ਹੱਤ ਸਦੀਕੀ ਅਤੇ ਸਲੀਮ ਸਦੀਕੀ ਦੀਆਂ ਨਜ਼ਮਾਂ, ਗੀਤ, ਗ਼ਜ਼ਲਾਂ ਭੇਜ ਰਿਹਾ ਹਾਂ. ਮੂਲ ਰੂਪ ਵਿੱਚ ਇਹ ਉਰਦੂ ਅੱਖਰਾਂ ਵਿੱਚ ਲਿਖਦੇ ਹਨ. ਪਰ ਮੈਨੂੰ ਉਹ ਟੈਲੀਫ਼ੂਨ ਉੱਤੇ ਸੁਣਾਂਦੇ ਰਹੇ ਸਨ ਅਤੇ ਮੈਂ ਗੁਰਮੁਖੀ ਲਿੱਪੀ ਵਿੱਚ ਲਿਖ ਲਈਆਂ ਹਨ.

'ਓਨਟੇਰੀਓ ਪੰਜਾਬੀ ਲੇਖਕ ਅਤੇ ਕਲਾਕਾਰ ਮੰਚ' ਦੀ ਸਥਾਪਨਾ ਕਰਨ ਲਈ ਮੈਂ ਅੱਜਕਲ ਪੂਰੀ ਤਰ੍ਹਾਂ ਸਰਗਰਮ ਹਾਂ. 30 ਅਪ੍ਰੈਲ ਨੂੰ ਓਨਟਾਰੀਓ ਦੇ ਪੰਜਾਬੀ ਲੇਖਕਾਂ ਅਤੇ ਕਲਾਕਾਰਾਂ ਦੀ ਮੀਟਿੰਗ ਸੱਦੀ ਗਈ ਹੈ.

— ਸੁਖਿੰਦਰ/ 7 ਅਪ੍ਰੈਲ 83.
(Toronto, Ontario, Canada)

ਸਟੋਰਾਂ ਵਾਲਿਆਂ ਦਾ ਕਹਿਣਾ ਹੈ ਕਿ ਪੇਪਰ ਦੀ ਕੀਮਤ ਜ਼ਿਆਦਾ ਹੈ। ਧਾਰਮਿਕ ਖ਼ਿਆਲਾਂ ਦੇ ਪਾਠਕ ਇਸ ਪੇਪਰ ਨੂੰ ਉੱਕਾ ਹੀ ਪਸੰਦ ਨਹੀਂ ਕਰਦੇ, ਉਹ ਸਮਝਦੇ ਹਨ ਕਿ ਇਹ ਕਮਿਊਨਿਸਟਾਂ ਦਾ ਰਸਾਲਾ ਹੈ। ਤੀਜੀ ਕਿਸਮ ਦੇ ਉਹ ਲੋਕ ਹਨ ਜੋ ਇਸ ਵਿੱਚ ਪੇਸ਼ ਕੀਤੀ ਗਈ ਨਵੀਂ ਕਵਿਤਾ ਨੂੰ ਪਸੰਦ ਨਹੀਂ ਕਰਦੇ। ਉਹਨਾਂ ਤੀਜੀ ਕਿਸਮ ਦੇ ਲੋਕਾਂ ਦੀ ਮੈਂ ਖੁਦ ਵੀ ਹਾਮੀ ਭਰਦਾ ਹਾਂ ਕਿਉਂਕਿ ਮੈਂ ਇਸਨੂੰ ਕਵਿਤਾ ਸਮਝਦਾ ਹੀ ਨਹੀਂ ਇਸਨੂੰ ਅਕਵਿਤਾ ਕਹਿਣਾ ਉਚਿਤ ਹੈ।

ਇਸ ਪੇਪਰ ਨੂੰ ਕਿਵੇਂ ਹਰਮਨ ਪਿਆਰਾ ਬਣਾਇਆ ਜਾਵੇ ਇਸ ਤੇ ਸੋਚ ਵਿਚਾਰ ਦੀ ਲੋੜ ਹੈ ਜੇ ਪਾਠਕਾਂ ਦੀ ਰੁਚੀ ਦਾ ਖਿਆਲ ਨਾ ਰੱਖਿਆ ਗਿਆ ਤਾਂ ਵਤਨੋਂ ਦੂਰ ਉਨ੍ਹਾਂ ਦੇ ਦਿਲਾਂ ਤੋਂ ਹੋਰ ਦੂਰ ਹੋ ਜਾਵੇਗਾ।

ਜੁਲਾਈ 1983 ਵਿੱਚ 'ਵਤਨੋਂ ਦੂਰ' ਆਪਣੀ ਉਮਰ ਦੇ ਦਸ ਵਰ੍ਹੇ ਪੂਰੇ ਕਰ ਰਿਹਾ ਹੈ। ਇਸ ਦੇ ਵਾਸ਼ਕ ਅੰਕ ਅਤੇ ਹੋਰ ਸਪੈਸ਼ਲ ਅੰਕ ਛਪਦੇ ਰਹੇ ਹਨ ਜਿਵੇਂ ਸੰਗਰਾਮ ਅੰਕ (ਅਗਸਤ 1973), ਸ਼ਹੀਦ ਭਗਤ ਸਿੰਘ ਅੰਕ (ਮਾਰਚ 1975), ਕੈਨੇਡੀਅਨ ਪੰਜਾਬੀ ਕਹਾਣੀ ਅੰਕ (ਜੁਲਾਈ-ਅਗਸਤ 1978 ਅਤੇ ਸਤੰਬਰ-ਅਕਤੂਬਰ 1980), ਇੰਗਲੈਂਡ ਅੰਕ (ਮਾਰਚ-ਅਪਰੈਲ 1980), ਨਾਰੀ ਅੰਕ (ਮਈ-ਜੂਨ 1981) ਅਤੇ ਕੈਨੇਡੀਅਨ ਪੰਜਾਬੀ ਕਵਿਤਾ ਅੰਕ (ਸਤੰਬਰ-ਅਕਤੂਬਰ 1981). ਮੈਂ ਦੱਸਣਾ ਭੁੱਲ ਗਿਆ (ਭੁੱਲ ਭੁਲੇਖੇ ਨਾਲ) ਗੁਰੂ ਨਾਨਕ ਅੰਕ ਵੀ ਨਵੰਬਰ 1973 ਵਿੱਚ ਛਪਿਆ ਸੀ। ਕਿਤਨਾ ਚੰਗਾ ਹੁੰਦਾ ਜੇ ਕੈਨੇਡੀਅਨ ਪੰਜਾਬੀ ਗ਼ਜ਼ਲ ਅੰਕ ਵੀ ਸਪੈਸ਼ਲ ਅੰਕ ਦੇ ਤੌਰ ਤੇ ਪਾਠਕਾਂ ਨੂੰ ਭੇਟ ਕੀਤਾ ਜਾਂਦਾ। ... ਟਾਈਮ ਮਿਲਿਆ ਤਾਂ ਇਸ ਵਿਸ਼ੇ ਤੇ ਵਿਸ਼ੇਸ਼ ਲੇਖ ਲਿਖਾਂਗਾ।

— ਕਸ਼ਮੀਰ ਸਿੰਘ ਚਮਨ / 22 ਅਪ੍ਰੈਲ 83.
(Calgary, Alberta, Canada)

ਵਤਨੋਂ ਦੂਰ ਦਾ ਮਾਰਚ ਅਪਰੈਲ ਅੰਕ ਪੁੱਜ ਗਿਆ ਹੈ। ਸਾਧੂ ਦੇ ਖ਼ਤ ਤੋਂ ਪਤਾ ਲੱਗ ਗਿਆ ਸੀ ਕਿ ਇਸਦੀ ਪ੍ਰਕਾਸ਼ਨਾ ਵਿੱਚ ਵਿਘਨ ਪਿਆ ਹੈ। ਹਥਲਾ ਅੰਕ ਗੈੱਟ ਅਪ ਪੱਖੋਂ ਪਹਿਲਾਂ ਨਾਲੋਂ ਵਧੇਰੇ ਦਿਲਖਿੱਚ ਹੈ। ਰਚਨਾਵਾਂ ਸਾਰੀਆਂ ਦੀਆਂ ਸਾਰੀਆਂ ਹੀ ਆਪਣੀ ਆਪਣੀ ਥਾਂ ਮਹੱਤਵਪੂਰਨ ਹਨ। ਭਗਤ ਸਿੰਘ ਦੇ ਵਿਚਾਰਾਂ ਨੂੰ ਪਾਠਕਾਂ ਤੱਕ ਪੁਚਾਕੇ ਤੁਸੀਂ ਇੱਕ ਬਹੁਤ ਹੀ ਚੰਗਾ ਕੰਮ ਕੀਤਾ ਹੈ ਅਤੇ ਪਾਠਕਾਂ ਨੂੰ ਉਸਦੀ ਸੋਚ ਤੋਂ ਜਾਣੂ ਕਰਵਾਇਆ ਹੈ। ਜਿਹੜੇ ਲੋਕ (ਗਾਂਧੀਵਾਦੀ) ਇਹ ਕਹਿੰਦੇ ਹਨ ਕਿ ਭਗਤ ਸਿੰਘ ਨੂੰ ਕੇਵਲ ਕੁਰਬਾਨੀ ਦੇਣ ਦਾ ਹੀ ਸ਼ੌਕ ਸੀ, ਉਨ੍ਹਾਂ ਦੇ ਕੰਨ ਜ਼ਰੂਰ ਖੁੱਲ ਜਾਣੇ ਚਾਹੀਦੇ ਹਨ ਕਿ ਭਗਤ ਸਿੰਘ ਦਾ ਨਿਸ਼ਾਨਾ ਕੇਵਲ ਜਵਾਨੀ ਵਾਰਨ ਕੁਰਬਾਨੀ ਦੇਣਾ ਨਹੀਂ ਸੀ ਸਗੋਂ ਉਸਨੇ ਸਮਾਜਵਾਦੀ ਲੋਕ ਰਾਜ ਚਿਤਵਿਆ ਹੋਇਆ ਸੀ ਜਿਸ ਵਿੱਚ ਲੁੱਟ ਖਸੁੱਟ ਅਸੰਭਵ ਹੋਵੇ ਅਤੇ ਖੁਸ਼ਹਾਲ ਸਮਾਜ ਅਮਨ ਦੀ ਛਾਂ ਹੇਠਾਂ ਰਹੇ। ਗੁਰਦਾਸ ਮਾਨ ਨਾਲ ਮੁਲਾਕਾਤ ਛਾਪਕੇ ਲੋਕ ਪੱਖੀ ਗੀਤਕਾਰ ਤੇ ਗਾਇਕ ਨੂੰ ਉਤਸ਼ਾਹਿਤ ਕਰਕੇ ਤੁਸਾਂ ਆਪਣਾ ਫ਼ਰਜ਼ ਪੂਰਾ ਕੀਤਾ ਹੈ। ਦੋਨੋਂ ਕਹਾਣੀਆਂ ਬਹੁਤ ਪਸੰਦ ਆਈਆਂ।

... ਜਿੱਥੋਂ ਤੱਕ ਖਾਲਿਸਤਾਨ ਦੀ ਮੰਗ ਹੈ ਅਜੇ ਤੱਕ ਅਕਾਲੀਆਂ ਨੇ ਇਸਦੀ ਮੰਗ ਨਹੀਂ ਕੀਤੀ ਅਤੇ ਨਾ ਹੀ ਇਸਦਾ ਸਮਰਥਨ ਕੀਤਾ ਹੈ। ਮੇਰੇ ਖ਼ਿਆਲ 'ਚ ਪੰਜਾਬ 'ਚ ਹੋ ਰਹੀਆਂ ਹਿੰਸਕ ਘਟਨਾਵਾਂ 'ਚ ਵੀ ਅਕਾਲੀ ਦਲ ਦਾ ਹੱਥ ਨਹੀਂ। ਹਾਂ ਉਹ ਇਸਦੀ ਨਿੰਦਿਆ ਨਹੀਂ ਕਰਦੇ ਕਿਉਂਕਿ ਇਸ ਨਾਲ ਉਨ੍ਹਾਂ ਦੇ ਮੋਰਚੇ ਨੂੰ ਬਲ ਮਿਲਦਾ ਹੈ।

ਦੇਸ਼ ਵਿੱਚ ਪੁਲਸ ਰਾਜ ਕਾਇਮ ਹੈ। ਅੱਜ ਕਿਸੇ ਜਾਨ ਮਾਲ ਦੀ ਕੋਈ ਸੁਰੱਖਿਆ ਨਹੀਂ ਸਗੋਂ ਜੇ ਖ਼ਤਰਾ ਹੈ ਤਾਂ ਪੁਲਸ ਕੋਲੋਂ, ਪਤਾ ਨਹੀਂ ਕਦੋਂ ਕਿਸ ਬੰਦੇ ਨੂੰ ਪੁਲੀਸ ਨੇ ਮਾਰ ਦੇਣਾ ਹੈ ਅਤੇ ਉਸਨੂੰ ਪੁਲਸ ਮੁਕਾਬਲੇ ਦਾ ਨਾਂ ਦੇ ਦੇਣਾ ਹੈ। ਹੁਣ ਵਧੇਰੇ ਮੌਤਾਂ ਪੁਲੀਸ ਹੱਥੋਂ ਹੀ ਹੁੰਦੀਆਂ ਹਨ। ਪਿੱਛੇ ਜਿਹੇ ਹਰਿਆਣਾ ਤੇ ਪੰਜਾਬ ਹਾਈ ਕੋਰਟ ਨੇ ਅਜਿਹੇ ਹੀ ਇੱਕ ਕੇਸ ਵਿੱਚ ਪੁਲੀਸ ਨੂੰ ਦੋਸ਼ੀ ਪਾਇਆ ਹੈ ਜਿਸਨੇ ਕਿ ਜਾਂਚ ਦੌਰਾਨ ਫੜੇ ਗਏ ਵਿਅਕਤੀ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਸੀ ਤੇ ਬਾਅਦ ਵਿੱਚ ਪੁਲਸ ਮੁਕਾਬਲੇ ਦਾ ਨਾਂ ਦੇ ਦਿੱਤਾ ਸੀ। ਕੁਝ ਦਿਨ ਹੋਏ ਲੁਧਿਆਣੇ ਦੇ ਇੱਕ ਡਾਕਟਰ ਨੂੰ ਪੁਲੀਸ ਨੇ ਮਾਰ ਦਿੱਤਾ ਜਿਸਨੂੰ ਲੈ ਕੇ ਡਾਕਟਰਾਂ ਵੱਲੋਂ ਅੰਦੋਲਨ ਚੱਲ ਰਿਹਾ ਹੈ। ਜੇ ਆਪਣੇ ਅਦਾਰੇ ਦਾ ਕੋਈ ਲੇਖਕ ਭਾਰਤ ਆਏ ਤਾਂ ਦੱਸਣਾ, ਕੋਸ਼ਿਸ਼ ਕਰਾਂਗੇ ਉਸਨੂੰ ਪੰਜਾਬ ਦੀ ਸਥਿਤੀ ਦਾ ਸਹੀ ਗਿਆਨ ਦੇਣ ਦੀ ...

— ਸੁਰਿੰਦਰ ਕੈਲੇ (ਸੰਪਾਦਕ 'ਅਣੂ')/ 27 ਅਪ੍ਰੈਲ 83.
(ਲਲਤੋਂ ਕਲਾਂ, ਲੁਧਿਆਣਾ-142022, ਪੰਜਾਬ, India)

ਵਤਨੋਂ ਦੂਰ ਦੇ ਦੋ ਅੰਕ (ਜਨਵਰੀ ਫਰਵਰੀ 83 ਅਤੇ ਮਾਰਚ ਅਪਰੈਲ 83) ਮਿਲੇ ਹਨ। ਤੇਰੀ ਮਿਹਨਤ ਹਰ ਅੰਕ ਵਿੱਚ ਦਿਸ ਰਹੀ ਹੈ। ਇੱਕ ਕਹਾਣੀ ਭੇਜ ਰਿਹਾ ਹਾਂ ਫਾਰਮ ਵਰਕਰਾਂ ਬਾਰੇ। ਸਾਧੂ ਦੀ ਕਹਾਣੀ (ਜਨਵਰੀ ਫਰਵਰੀ 83) ਬਹੁਤ ਚੰਗੀ ਲੱਗੀ।

— ਹਰੀਪਾਲ / 4 ਮਈ 83.
(Fort Nelson, B.C., Canada)

ਆਪ ਜੀ ਦਾ ਵਤਨੋਂ ਦੂਰ (ਮਾਰਚ ਅਪਰੈਲ ਅੰਕ) ਮੁਤਾਬਕ ਹੀ ਹੱਥ ਲੱਗਾ ਅਤੇ ਪੜ੍ਹਕੇ ਕੁਝ ਖ਼ੁਸ਼ੀ ਵੀ ਮਹਿਸੂਸ ਹੋਈ। ਜ਼ਿਆਦਾ ਨਹੀਂ, ਕਿਉਂਕਿ ਮੈਨੂੰ ਗੁਜ਼ਰੇ ਜ਼ਮਾਨੇ ਦੀ ਇੱਕ ਗੱਲ ਯਾਦ ਆ ਗਈ... ਮਤਲਬ ਇਹ ਕਿ ਹਰ ਹਾਰਿਆ ਇਨਕਲਾਬੀ ਦਿਲ ਨੂੰ ਦਿਲਾਸਾ ਦੇਣ ਵਾਸਤੇ ਗ਼ਜ਼ਲ ਜਾਂ ਕਵਿਤਾ ਲਿਖਣ ਵਿੱਚ ਰੁੱਝ ਗਿਆ ਸੀ ਅਤੇ ਯਾਰਾਂ ਦੀ ਇਕੱਠੇ ਹੋਣਾ - ਮਹਿਫ਼ਲ ਇੱਥੇ ਹੀ ਸ਼ੁਰੂ ਹੋਈ ਅਤੇ ਇੱਥੇ ਹੀ ਖ਼ਤਮ ਹੋ ਜਾਂਦੀ... ਇਸ ਕਰਕੇ ਮੁਆਫ਼ ਕਰਨਾ 'ਜ਼ਿਆਦਾ' ਖ਼ੁਸ਼ੀ ਮਹਿਸੂਸ ਨਹੀਂ ਹੋਈ। ਹਾਲ ਤੀਕਰ ALBERTA ਸੂਬੇ ਤੋਂ ਕੋਈ ਜ਼ਿਆਦਾ ਸੰਘਰਸ਼ ਦੀਆਂ ਕਾਰਵਾਈਆਂ ਮੇਰੇ ਸੁਣਨ ਵਿੱਚ ਨਹੀਂ ਆਈਆਂ। ਹੋ ਸਕਦਾ ਮੈਂ ਹੀ ਅਵੇਤ ਹੋਵਾਂ। ਜੇਕਰ ਕੋਈ ਹੋਏ ਤਾਂ ਜਾਣੂ ਕਰਵਾਉਣਾ। ਮਾਓ ਨੇ ਵੀ ਲਿਖਿਆ ਸੀ "ਸੱਚਾ ਇਨਕਲਾਬੀ ਉਹੀ ਹੈ, ਜੋ ਕੁਝ ਕਰਦਾ ਵੀ ਹੈ - ਸਿਰਫ਼ ਗੱਲਾਂ ਕਰਨ, ਕਵਿਤਾ ਲਿਖਣ ਨਾਲ ਇਨਕਲਾਬ ਨਹੀਂ ਆ ਜਾਂਦਾ" ਇਸਨੂੰ Crude ਸ਼ਬਦਾਂ 'ਚ Intellectual Prostitution ਜਾਂ 'ਬੁੱਧੀ-ਜੀਵੀ [illegible]' ਵੀ ਆਖਿਆ ਜਾ ਸਕਦਾ ਹੈ। ਇਸਦਾ ਮਤਲਬ ਇਹ ਨਹੀਂ ਕਿ ਲਿਖਣਾ ਬਿਲਕੁਲ ਬੇਕਾਰ ਹੀ ਹੁੰਦਾ ਹੈ - ਕਈ ਵਾਰੀ ਇਹ ਨਵੀਂ ਪਨੀਰੀ ਲਈ ਇੱਕ ਸੇਧ ਵੀ ਬਣ ਸਕਦਾ ਹੈ। ਪੁਰਾਣੇ ਫਰਾਂਸੀਸੀ ਕਥਨ ਅਨੁਸਾਰ "ਬੋਲਿਆਂ ਕੰਨਾਂ ਨੂੰ ਸੁਣਾਉਣ ਲਈ ਧਮਾਕਿਆਂ ਦੀ ਵੀ ਬਹੁਤ ਲੋੜ ਹੁੰਦੀ ਹੈ" ਪਰ ਜ਼ਰੂਰੀ ਨਹੀਂ ਕਿ ਧਮਾਕੇ ਅਵੱਸ਼ ਹੀ ਕ੍ਰਾਂਤੀ ਦੀ ਭੂਮਿਕਾ ਅਖਤਿਆਰ ਕਰਨ।

ਦੋਸਤੋ ਗੱਲ ਇਸ ਤਰ੍ਹਾਂ ਹੈ ਕਿ ਦਾਸ ਟੋਰਾਂਟੋ ਵਿੱਚ 1972 ਤੋਂ ਦੇਸ਼-ਨਿਕਾਲੇ ਉਪਰੰਤ ਆਣ ਵਸਿਆ। ਕੋਈ 75-76 ਤੋਂ ਇੱਥੋਂ ਦੇ ਘੋਲਾਂ 'ਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਨਵੰਬਰ 6, 1977 ਨੂੰ ਕੁਲਦੀਪ ਸਮਰਾ ਨਾਲ ਸੰਬੰਧ ਪੈਦਾ ਕਰਕੇ ਅਸੀਂ ਜਨਤਾ ਦੇ ਸਹਿਯੋਗ ਨਾਲ 4-5 ਹਜ਼ਾਰਾਂ ਦਾ ਮੁਜ਼ਾਹਰਾ ਟੋਰਾਂਟੋ ਦੀਆਂ ਗਲੀਆਂ ਵਿੱਚ ਕੀਤਾ। Subject ਸੀ:
"Discrimination on various Levels of the Govt."

ਅਟਾਰਨੀ ਜਨਰਲ (ਰਾਏ ਮੈਕਮਾਰਟੀ) ਨੇ ਮੌਕੇ ਦੀ ਨਜ਼ਾਕਤ ਵੇਖਕੇ ਟੁੱਕੜ-ਬੋਚ ਭਾਲਣੇ ਸ਼ੁਰੂ ਕਰ ਦਿੱਤੇ। ... ... (Human Rights), ... ... (J.P.) ਅਤੇ ਗੁਰਦੁਆਰਿਆਂ ਦੇ 'ਜੱਟੀ-ਪਿੱਠੂਆਂ' ਦੇ ਇਮੀਗਰੇਸ਼ਨ ਅਤੇ ਹੋਰ ਅਜੇ ਥੁੜੇ ਕਾਰਜ ਸੁਆਰਕੇ ਸਾਡੀ ਕੀਤੀ ਕਰਾਈ ਖੂਹ 'ਚ ਧੁਆ ਦਿੱਤੀ।

ਬਦਕਿਸਮਤੀ ਨਾਲ 'ਗੁਰਦੁਆਰੇ' ਹੀ ਮੁਤਾਬਕ ਤੌਰ ਤੇ ਇਕੱਠ ਦੇ ਸਾਧਨ ਹਨ ਅਤੇ ਉੱਥੇ ਕੰਮ ਜਾਰੀ ਰੱਖਿਆ। ਪਰ ਪਿੱਛੋਂ ਆਕੇ ਸਮਰਾ ਸਾਹਿਬ ਵੀ ਗੁਰਦੁਆਰਿਆਂ ਦੀ ਗੰਦੀ ਦਲਦਲ ਵਿੱਚ ਧਸਲ ਗਏ ਅਤੇ ਦਾਸ ਵਰਗੇ ਨ ਰਹੇ ਘਰ ਦੇ ਅਤੇ ਨ ਘਾਟ ਦੇ।

ਲਿਖਣਾ ਸ਼ੁਰੂ ਕਰ ਦਿੱਤਾ-ਕਮਿਊਨਿਟੀ ਦੇ Hire ਕੀਤੇ ਟੁੱਕੜ-ਬੋਚਾਂ ਅਤੇ ਗੁਰਦੁਆਰਿਆਂ 'ਚ ਹੋ ਰਹੇ ਪਖੰਡ ਬਾਰੇ। ਅਤੇ ਅੱਜ ਦਾਸ ਤਿੰਨ ਹਫ਼ਤੇ ਤੋਂ ਜੇਲ੍ਹ 'ਚ ਕਾਲ-ਕੋਠੜੀ ਵਿੱਚ ਬੰਦ ਹੈ। ਪਹਿਲਾਂ ਵੀ 10 ਕੁ ਮੁਕੱਦਮੇ ਪੁਲਸ ਨੇ ਬਣਾਏ ਹਨ - ਜਿੰਨ੍ਹਾਂ 'ਚ ਥੋੜਾ ਬਹੁਤ ਸੱਚ ਹੁੰਦਾ ਸੀ ਪਰ ਇਸ ਵਾਰ ਤਾਂ ਪੰਜਾਬ ਪੁਲੀਸ ਨੂੰ ਵੀ ਮਾਤ ਕਰਨ ਵਾਲੀ ਗੱਲ ਹੋ ਰਹੀ ਹੈ। 12 ਤੋਂ ਬੀਮਾਰ ਹਾਂ ਪਰ ਕੋਈ ਇਲਾਜ ਮੁਹੱਈਆ ਨਹੀਂ ਹੋ ਰਿਹਾ (ਅੱਜ ਉਮੀਦ ਬੱਝੀ ਹੈ)। ਮੇਰੇ 'ਤੇ ਦੋਸ਼ ਹੈ "ਮੈਂ ਕਿਸੇ ਪੁਲੀਸ ਕਮਿਸ਼ਨਰ (Mrs. Papino) ਨੂੰ ਫ਼ੂਨ 'ਤੇ ਗਲਾ ਕੱਟ ਦੇਣ ਦੀ ਧਮਕੀ ਦਿੱਤੀ ਹੈ।" ਕਿੰਨਾ ਅੰਧੇਰ ਮੱਚਿਆ ਹੈ। ਕੋਈ ਮਾਰਨ ਵਾਲਾ ਕਦੀ ਕਿਸੇ ਨੂੰ ਦੱਸਦਾ ਹੈ। ਧੰਨ ਇੱਥੋਂ ਦੀ ਪੁਲੀਸ ਅਤੇ ਧੰਨ ਇਹਦੇ ਕਾਰਨਾਮੇ। ਅੱਗੋਂ Judiciary, ਭਰਾ ਦਾ ਭਰਾ ਭਾਈ। ਜ਼ਮਾਨਤ ਵੀ ਨਹੀਂ ਹੋਣ ਦੇਂਦੀ। ਵਾਹ ਇਨਸਾਫ਼!! ਸੋ ਵਤਨੋਂ ਦੂਰ ਦੇ ਆਸ਼ਕੋ, ਤੁਹਾਡੇ ਅੱਗੇ ਰਹਿਮ ਲਈ ਅਪੀਲ ਹੈ।

ਮਰਨਾ ਤਾਂ ਅਸੀਂ ਹੈ ਹੀ। ਉਹ ਵੀ ਲੋਕਾਂ ਵਾਸਤੇ - ਪਰ ਮਾਓ ਦੇ ਕਹਿਣ ਵਾਂਗ "ਉਹੀ ਮੌਤ ਜੋ ਤਾਈ-ਦੇ ਪਹਾੜ ਤੋਂ ਉੱਚੀ ਹੋਵੇ"... ...

ਬਾਕੀ ਪਰਚੇ ਦਾ ਸਮਤੁਲਣ ਬਹੁਤ ਸੋਹਣਾ ਲੱਗਿਆ। ਮਾਰਕਸ ਦੀ ਮੁੱਖ ਪੰਨੇ ਤੇ ਕਵਿਤਾ ਅਤੇ ਭਗਤ ਸਿੰਘ ਦੇ ਵਿਚਾਰ ਕਾਫ਼ੀ ਗਿਆਨ ਭਰਪੂਰ ਸਾਬਤ ਹੋਏ। ਸੋਹਣ ਸਿੰਘ ਜੋਸ਼ ਦਾ Analysis ਹਮੇਸ਼ਾਂ ਵਾਂਗ ਹੀ 'ਦੁੱਧ ਦਾ ਦੁੱਧ - ਅਤੇ ਪਾਣੀ ਦਾ ਪਾਣੀ' ਸਾਬਤ ਹੋਇਆ। ... ... ਹੋਰ ਸੰਤ ਰਾਮ ਉਦਾਸੀ ਅਤੇ ਹੋਰ ਮਹਾਨ ਇਨਕਲਾਬੀ ਕਵੀਆਂ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਸੰਪਰਕ ਕਰਨ ਲਈ ਉਤਸ਼ਾਹਤ ਰਹਿਣਾ।

— ਗਿਆਨ 'ਚਿੱਟੀ' / 18 ਮਈ 1983.
(Don Jail, Toronto, Ontario, Canada)

ਆਪ ਜੀ ਨੂੰ ਥੋੜੀ ਜਿਹੀ ਖੇਚਲ ਦੇ ਰਿਹਾ ਹਾਂ... ਤੁਸੀਂ ਸੰਤ ਰਾਮ ਉਦਾਸੀ ਦੀ ਕਿਤਾਬ "ਲਹੂ ਤੇ ਲੋਹੇ ਤੱਕ" ਜ਼ਰੂਰ ਭੇਜਣ ਦੀ ਖੇਚਲ ਕਰਨੀ। ਪੇਪਰ ਵਤਨੋਂ ਦੂਰ ਬਹੁਤ ਸੋਹਣਾ ਹੈ ਸਿਰਫ਼ ਇੱਕ ਗੱਲ ਦੀ ਘਾਟ ਮਹਿਸੂਸ ਹੁੰਦੀ ਹੈ ਜੋ ਕਿ ਦੋ-ਮਾਸਕ ਹੈ। ਕਿੰਨਾ ਚੰਗਾ ਹੋਵੇ ਜੇ ਇਸਨੂੰ ਮਾਸਕ-ਪੱਤਰ ਬਣਾ ਦੇਵੋਂ। ਜੋ ਇਸ ਵਿੱਚ ਔਖਿਆਈ ਆਉਂਦੀ ਹੈ, ਮਾਸਕ-ਪੱਤਰ ਕਰਨ ਵਿੱਚ, ਉਸ ਬਾਰੇ ਬੈਠਕੇ ਵਿਚਾਰ ਕੀਤਾ ਜਾ ਸਕਦਾ ਹੈ ਅਤੇ ਲੇਖਕਾਂ ਪਾਠਕਾਂ ਨਾਲ ਵੀ ਵਿਚਾਰ-ਵਟਾਂਦਰਾ ਕੀਤਾ ਜਾ ਸਕਦਾ ਹੈ ਪੇਪਰ ਰਾਹੀਂ। ਅਤੇ ਮੇਰਾ ਖ਼ਿਆਲ, ਪਿਆਰੇ ਲੇਖਕ ਤੇ ਪਾਠਕ ਆਪਣੇ ਪਿਆਰੇ "ਵਤਨੋਂ ਦੂਰ" ਨੂੰ ਜ਼ਰੂਰ ਮਾਸਕ-ਪੱਤਰ ਬਣਾਉਣ ਵਿੱਚ ਸਹਾਈ ਹੋਣਗੇ।

— ਸੁੱਚਾ ਸਿੰਘ 'ਨਰ' / 23 ਮਈ 1983.
(Witten, West Germany)

"ਵਤਨੋਂ ਦੂਰ" ਦੀ ਦਸਵੀਂ ਵਰ੍ਹੇ ਗੰਢ ਦੇ ਸ਼ੁਭ ਅਵਸਰ 'ਤੇ ਸਾਰੇ "ਵਤਨੋਂ ਦੂਰ ਪਰਿਵਾਰ" ਨੂੰ ਮੁਬਾਰਕ! ਵਤਨੋਂ ਦੂਰ ਦੀ ਨਿੱਖਰ ਰਹੀ ਨੁਹਾਰ ਇਸਦੇ ਉਜਲੇ ਭਵਿੱਖ ਦੀ ਮੂੰਹ ਬੋਲਦੀ ਤਸਵੀਰ ਹੈ। ਕੋਈ ਸ਼ੱਕ ਨਹੀਂ ਕਿ ਅਣਗਿਣਤ ਮੁਸ਼ਕਲਾਂ ਵਿਚ ਵੀ ਲੰਘਦਿਆਂ ਵੀ "ਵਤਨੋਂ ਦੂਰ" ਕਦੇ ਥਿੜਕਿਆ ਨਹੀਂ ਜਿਸਦਾ ਸਿਹਰਾ "ਵਤਨੋਂ ਦੂਰ ਪਰਿਵਾਰ" ਸਿਰ ਬੱਝਦਾ ਹੈ। ਫਿਰ ਵੀ ਪਿਛਲੇ ਕੁਝ ਸਮੇਂ ਤੋਂ ਸਾਧੂ ਅਤੇ ਵੈਨਕੂਵਰ ਬਰਾਂਚ ਵੱਲੋਂ ਪੂਰਾ ਸਮਾਂ ਨਾ ਮਿਲਣ ਕਰਕੇ ਕੁਝ ਦੇਰ ਲਈ ਵਿਕਾਸ ਰੁਕ ਹੀ ਤਾਂ ਗਿਆ ਜਾਪਦਾ ਸੀ (ਇੱਥੇ ਮੇਰਾ ਸਾਧੂ ਦੀ ਸੰਪਾਦਨਾ 'ਤੇ ਸ਼ੱਕ ਜਾਂ ਗਿਲਾ ਕਰਨਾ ਨਹੀਂ) ਤੁਸੀਂ... ਵੈਨਕੂਵਰ ਬਰਾਂਚ ਦਾ ਕੰਮ ਸੁਖਾਲਾ ਹੀ ਨਹੀਂ ਕੀਤਾ ਸਗੋਂ "ਵਤਨੋਂ ਦੂਰ" ਨਾਲ ਵੀ ਪੂਰਾ ਨਿਆਂ ਕੀਤਾ ਹੈ।

— ਜਗਦੇਵ ਜਟਾਣਾ / 6 ਜੂਨ 1983.
(Fort Nelson, B.C., Canada)

ਮਈ ਜੂਨ 83 ਦਾ ਵਤਨੋਂ ਦੂਰ ਅੱਜ ਹੀ ਮਿਲਿਆ, ਇੱਕੋ ਬੈਠਕ ਵਿੱਚ ਹੀ ਸਾਰਾ ਪੜ੍ਹਿਆ, ਕਾਫ਼ੀ ਚੰਗਾ ਲੱਗਿਆ। ਤੁਹਾਡੀ ਅਤੇ ਐਡਮਿੰਟਨ ਵਾਲੇ ਸਾਥੀਆਂ ਦੀ ਕਰੜੀ ਮਿਹਨਤ ਸਦਕਾ ਵਤਨੋਂ ਦੂਰ ਦਿਨੋ ਦਿਨ ਨਿੱਖਰਦਾ ਤੁਰਿਆ ਆ ਰਿਹਾ ਹੈ। ਇੱਥੋਂ ਦੀ ਮਸ਼ੀਨੀ-ਜ਼ਿੰਦਗੀ ਵਿੱਚੋਂ ਪਰਚਾ ਕੱਢਣ ਲਈ ਇੰਨਾਂ ਸਮਾਂ ਕੱਢਣਾ, ਇਸ ਤੋਂ ਵੱਧ ਪੰਜਾਬੀ ਸਾਹਿਤ ਅਤੇ ਮਾਂ ਬੋਲੀ ਦੀ ਕੀ ਸੇਵਾ ਹੋ ਸਕਦੀ ਹੈ? ਕੇਸਰ ਸਿੰਘ ਨਾਵਲਿਸਟ ਦੀ ਕਹਾਣੀ "ਪੋਲੀਟੀਕਲ ਅਸਾਇਲਮ" ਅਤੇ ਦੇਵਿੰਦਰ ਸੇਖੋਂ ਦੀ "ਸਮੇਂ ਦਾ ਵਿਉ" ਦੋਵੇਂ ਕਹਾਣੀਆਂ ਬੜੀਆਂ ਵਧੀਆ ਹਨ। ਕਵਿਤਾਵਾਂ ਵੀ ਕਾਫ਼ੀ ਚੰਗੀਆਂ ਲੱਗੀਆਂ। ਲਾਟ ਭਿੰਡਰ ਨੇ ਤਾਂ ਲਗਦੈ ਆਪ ਦੀ ਹੱਡ-ਬੀਤੀ ਹੀ ਸੁਣਾ ਦਿੱਤੀ। ਸਥਾਈ ਕਾਲਮ "ਸਾਹਿੱਤਕ- ਖਬਰਸਾਰ" ਤੁਹਾਡੇ ਵੱਲੋਂ ਲਿਖਿਆ ਕਾਫ਼ੀ ਜਾਣਕਾਰੀ ਭਰਪੂਰ ਸੀ। ਵੈਨਕੂਵਰ ਵਾਲਿਆਂ ਦੀ "ਸੱਥ" ਵਧਾਈ ਦੀ ਹੱਕਦਾਰ ਹੈ। ਪਿਛਲੇ ਸਾਲ ਸਤੰਬਰ 82 ਵਿੱਚ ਜੋ ਆਪਾਂ ਵਤਨੋਂ ਦੂਰ ਦੀ ਸਾਲਾਨਾ ਮੀਟਿੰਗ ਕੀਤੀ ਸੀ ਉਸ ਮੁਤਾਬਕ ਅਜੇ ਹੋਰ ਮਿਹਨਤ ਦੀ ਲੋੜ ਹੈ ਮਤਲਬ "ਅਜੇ ਪੂਰਾ ਸੁਆਦ ਨਹੀਂ ਆਇਆ"- ਸਭ ਤੋਂ ਜ਼ਰੂਰੀ ਇਹ ਹੀ ਹੈ ਕਿ ਪਰਚਾ ਬਿਲਕੁਲ ਲੇਟ ਨਾ ਹੋਣ ਦੇਣਾ।

— ਤੇਜ ਸੰਧੂ "ਸਮਾਧਵੀ" / 16 ਜੂਨ 1983.
(Quesnel, B.C., Canada)

'ਵਤਨੋਂ ਦੂਰ' ਸੱਤ ਸਾਲ ਤੋਂ ਪੜ੍ਹਦਾ ਆ ਰਿਹਾ ਹਾਂ। ਇਹ ਕੈਨੇਡਾ ਦਾ ਇਕੋ ਇਕ ਪਰਚਾ ਹੈ ਜੋ ਪਾਠਕਾਂ ਨੂੰ ਪੰਜਾਬੀ ਸਾਹਿਤ ਨਾਲ ਸੰਪਰਕ ਰੱਖਣ ਵਿੱਚ ਅਹਿਮ ਰੋਲ ਅਦਾ ਕਰ ਰਿਹਾ ਹੈ। ਮਈ ਜੂਨ ਦੇ ਅੰਕ ਵਿੱਚ 'ਦਲਜਿੰਦਰ ਦੀਆਂ ਪੰਜ ਕਵਿਤਾਵਾਂ' ਬਹੁਤ ਪਸੰਦ ਆਈਆਂ। ਬਾਕੀ ਕਵਿਤਾਵਾਂ, ਲੇਖ ਤੇ ਕਹਾਣੀਆਂ ਵੀ ਬਹੁਤ ਚੰਗੀਆਂ ਸਨ। ਆਪਣਾ ਕੀਮਤੀ ਵਕਤ ਕੱਢਕੇ ਜਿਸ ਮਿਹਨਤ ਨਾਲ ਪਰਚੇ ਦੀ ਸੇਵਾ ਕਰ ਰਹੇ ਹੋ ਵਾਕਿਆ ਹੀ ਵਧਾਈ ਦੇ ਹੱਕਦਾਰ ਹੋ।

— ਮਨਜੀਤ ਮੀਤ / 26 ਜੂਨ 1983.
(Surrey, B.C., Canada)

ਪਿਛਲੇ ਦਿਨੀਂ 'ਵਤਨੋਂ ਦੂਰ' ਦੀਆਂ ਦੋ ਅੰਕਾਂ ਦੀਆਂ ਕਾਪੀਆਂ ਮਿਲੀਆਂ। ਪਰਚਾ ਮੈਂ ਕਾਫ਼ੀ ਪਸੰਦ ਕੀਤਾ, ਕਾਫ਼ੀ ਨਿੱਗਰ ਹੈ। ਇਸ ਖ਼ਤ ਨਾਲ ਹੀ ਇੱਕ ਕਵਿਤਾ ਭੇਜ ਰਿਹਾ ਹਾਂ 'ਭਰਿਆਂ ਬੱਦਲਾਂ ਦੀ ਉਡੀਕ 'ਚ' — ਵਤਨੋਂ ਦੂਰ ਲਈ ਵਿਚਾਰ ਲੈਣੀ। ਮੇਰਾ ਪਹਿਲਾ ਪਤਾ ਬਦਲ ਗਿਆ ਹੈ ਪਰਚੇ ਵਿੱਚ ਮੇਰਾ ਨਵਾਂ ਪਤਾ ਛਾਪ ਸਕੋ ਤਾਂ ਧੰਨਵਾਦੀ ਹੋਵਾਂਗਾ।

— ਜਗਤਾਰ ਢਾਅ / 30 ਜੂਨ 1983.
(9 CAXTON ROAD, SOUTHALL MIDDX, UB2 5LR, ENGLAND)

ਹਰ ਵਾਰੀ ਜਦੋਂ ਵੀ ਵਤਨੋਂ ਦੂਰ ਦੇਖਣ ਨੂੰ ਮਿਲਿਆ ਹੈ, ਖ਼ੁਸ਼ੀ ਹੋਈ ਹੈ ਤੇ ਜੇ ਸਿੱਧਾ ਨਹੀਂ ਤਾਂ ਦੋਸਤਾਂ ਰਾਹੀਂ ਸੁਨੇਹਾ ਭੇਜਦਾ ਰਿਹਾ ਹਾਂ। ਨਵਤੇਜ (ਭਾਰਤੀ) ਤੇ ਅਜਮੇਰ (ਰੋਡੇ) ਨਾਲ ਕਈ ਵਾਰੀ ਗੱਲ ਹੋਈ (ਹੁੰਦੀ ਹੀ ਰਹਿੰਦੀ ਹੈ) ਤੇ ਹਮੇਸ਼ਾਂ ਸਲਾਹਿਆ ਹੈ। ਬਹੁਤਾ ਕਹਿਣ ਤੋਂ ਬਿਨਾਂ ਸਿਰਫ਼ ਏਨਾ ਹੀ ਕਹਿਕੇ ਬੱਸ ਕਰਦਾ ਹਾਂ ਕਿ ਸੋਹਣਾ ਕੰਮ ਕਰੀ ਜਾਓ, ਜੋਤ ਜਗਾਈ ਰੱਖੋ, ਰੋਸ਼ਨੀ ਆਪੇ ਹੋ ਜਾਇਆ ਕਰਦੀ ਹੈ।

— ਹਰਦੇਵ ਸਿੰਘ / 5 ਜੁਲਾਈ 1983.
(Willowdale, Ontario, Canada)

'ਵਤਨੋਂ ਦੂਰ' ਮੈਨੂੰ ਲਗਾਤਾਰ ਨਹੀਂ ਮਿਲ ਰਿਹਾ। ਕਦੇ ਕਦਾਈਂ ਤੁਹਾਡੇ ਉਦਮਾਂ ਦੀ ਮਹਿਕ ਸਾਡੇ ਤੱਕ ਪਹੁੰਚ ਜਾਂਦੀ ਹੈ। ਤੁਹਾਡੀ ਹੱਥ-ਲਿਖਤ ਬੜੀ ਸੁੰਦਰ ਹੈ। ... ... ਐਨਕ ਲਗਾਉਣ ਤੋਂ ਬਾਅਦ ਜਦ ਵੀ ਮੈਂ ਵਤਨੋਂ ਦੂਰ ਪੜ੍ਹਦਾ ਹਾਂ ਤਾਂ ਅੱਖਰਾਂ ਦੀ ਬਜਾਏ ਮੋਤੀ ਪੰਗਤੀਆਂ ਵਿੱਚ ਖੜ੍ਹੇ ਲਗਦੇ ਹਨ। ਮੇਰੀ ਨਿਜੀ ਰਾਏ ਹੈ ਕਿ ਮੈਗਜ਼ੀਨ ਹੱਥ-ਲਿਖਤ ਵਿਚ ਨਹੀਂ ਹੋਣਾ ਚਾਹੀਦਾ। ਉਰਦੂ ਵਾਲਿਆਂ ਨੂੰ ਕਤਾਬਤ ਕਰਵਾਉਣੀ ਪੈਂਦੀ ਹੈ ਇਹ ਉਹਨਾਂ ਦੀ ਮਜਬੂਰੀ ਹੈ। ਸਾਡੀ ਇਹ ਮਜਬੂਰੀ ਨਹੀਂ ਹੋਣੀ ਚਾਹੀਦੀ। 'ਵਤਨੋਂ ਦੂਰ' ਕਨੇਡਾ ਦਾ ਪੁਰਾਣਾ ਪਰਚਾ ਹੈ। ਕਨੇਡਾ ਦੇ ਪੰਜਾਬੀ ਨਾਲ ਮੱਸ ਰੱਖਣ ਵਾਲਿਆਂ ਦੀਆਂ ਆਸਾਂ ਪੂਰਨ ਲਈ ਇਸਦਾ ਕਾਯਾ-ਕਲਪ ਹੋਣਾ ਜ਼ਰੂਰੀ ਹੈ।

— ਮਿੱਤਰ ਰਾਸ਼ਾ / 5 ਜੁਲਾਈ 1983.
(Ottawa, Ontario, Canada)

ਹੱਥ ਨਾਲ ਲਿਖਕੇ ਪਰਚਾ ਕੱਢਣਾ ਲਗਨ ਨਹੀਂ, ਇਸ਼ਕ ਤੋਂ ਵੀ ਅਗਲੀ ਮੰਜ਼ਲ ਹੈ। ਮੈਂ ਦੁਆ ਕਰਦਾ ਹਾਂ ਕਿ ਤੁਹਾਡਾ ਇਹ ਇਸ਼ਕ ਪਰਵਾਨ ਚੜ੍ਹੇ ਤੇ ਪਰਚਾ ਮਸ਼ੀਨੀ ਜੁੱਗ ਦੇ ਮਸ਼ੀਨੀ ਦੇਸ਼ ਵਿੱਚ ਆ ਕੇ ਮਸ਼ੀਨ ਨਾਲ ਛਪਣਾ ਸ਼ੁਰੂ ਹੋ ਸਕੇ ਤੇ ਜੋ ਸਮਾਂ ਤੁਸੀਂ ਹੱਥ ਲਿਖਤ ਮਿਹਨਤ 'ਤੇ ਲਗਾਂਦੇ ਹੋ, ਏਸ ਨਾਲ ਹੋਰ ਸਾਹਿਤ ਸਿਰਜਣਾ ਕਰ ਸਕੋ।

ਮੈਂ ਜਦੋਂ ਦਾ ਕੈਨੇਡਾ ਆਇਆ ਹਾਂ ਉੱਕਾ ਹੀ ਪੈਰ ਨਹੀਂ ਲੱਗੇ। ਆਰਬਿਟ ਤੋਂ ਉੱਖੜੇ ਅਣੂ ਵਾਂਗ ਖਿਲਾ ਵਿੱਚ ਹੀ ਲਟਕ ਰਿਹਾ ਹਾਂ ਤੇ ਬਹੁਤ ਉਦਾਸ ਹਾਂ। ਏਸ ਅਤਿ ਉਦਾਸੀ ਤੇ ਨਿਰਾਸ਼ ਸਥਿਤੀ ਵਿੱਚ ਬਿਲਕੁਲ ਹੀ ਲਿਖਿਆ ਨਹੀਂ ਜਾ ਰਿਹਾ। ਜਰਾ ਕੁ ਕਦਮਾਂ 'ਤੇ ਖਲੋ ਸਕਾਂ ਤਾਂ ਜ਼ਰੂਰ ਲਿਖਾਂਗਾ ... ਨਾਲ ਦੀ ਪੜ੍ਹੀ ਆਪਣੀ ਕਈ ਜ਼ਬਾਨਾਂ ਵਿੱਚ ਅਨੁਵਾਦ ਹੋਈ ਕਹਾਣੀ "ਫ਼ਾਸਲਾ" ਭੇਜ ਰਿਹਾ ਹਾਂ। ਆਸ ਹੈ ਇਹ ਕਹਾਣੀ ਪਾਠਕਾਂ ਨੂੰ ਪਸੰਦ ਆਵੇਗੀ।

— ਬਲਬੀਰ ਮੋਮੀ / 9 ਜੁਲਾਈ 1983.
(Rexdale, Ontario, Canada)

ਵਤਨੋਂ ਦੂਰ ਦੀ ਸਾਹਿੱਤਕ ਖਿਤ੍ਰ ਵਿੱਚ ਸਫਲਤਾ ਦੇ ਪਾਤਰ ਆਪ ਅਤੇ ਆਪਦੇ ਸੰਪਾਦਕੀ ਬੋਰਡ ਦੇ ਉਹ ਸਾਹਿੱਤਕਾਰ ਵੀ ਹਨ ਜੋ ਮੌਜੂਦਾ ਹਾਲਾਤਾਂ ਅਤੇ ਲੋੜਾਂ ਨੂੰ ਮੁੱਖ ਰੱਖਕੇ ਰਾਜਨੀਤਕ, ਸਾਹਿੱਤਕ ਅਤੇ ਸੱਭਿਆਚਾਰਕ ਜਾਣਕਾਰੀ ਭਰਪੂਰ ਲੇਖ ਅਤੇ ਰਚਨਾਵਾਂ ਲਿਖਕੇ ਸਮੇਂ ਦੀ ਲੋੜ ਨੂੰ ਪਹਿਲ ਦਿੰਦੇ ਹਨ। ਪਿਛਲੇ ਪਰਚੇ ਵਿਚ 'ਪੰਜਾਬੀਆਂ ਦਾ ਮਨੋਰੰਜਨ ਤੇ ਵੀਡੀਓ' ਅਤੇ ਸਥਾਈ ਕਾਲਮ 'ਵਤਨ ਦੀ ਵਾਅ' ਐਸੀਆਂ ਹੀ ਰਚਨਾਵਾਂ ਹਨ।

— ਮੱਖਣ ਦੂਰ / 10 ਜੁਲਾਈ 1983.
(Vancouver, B.C., Canada)

'ਵਤਨੋਂ ਦੂਰ' ਵਿੱਚ ਦੂਰ ਦੁਰਾਡੇ ਵਤਨ ਦੀਆਂ ਮਿੱਠੀਆਂ ਤੇ ਖਾਰੀਆਂ ਯਾਦਾਂ ਸਮੋਈਆਂ ਪਈਆਂ ਹਨ। ਇਸ ਵਿੱਚ ਵਤਨੋਂ ਦੂਰ ਹੋਏ ਵਰਗ ਦੇ ਦੁਖਿਆਰਿਆਂ ਦੀ ਦਰਦੀਲੀ ਚੀਤਕਾਰ ਲੁਕੀ ਹੋਈ ਹੈ ਅਤੇ ਮਿੱਧੀ ਹੋਈ ਮਾਨਵਤਾ ਦੀਆਂ ਮੁਰਝਾਈਆਂ ਹੋਈਆਂ ਅੰਕਸ਼ਾਵਾਂ ਛੁਪਤ ਹੈਨ। ਇਸ ਵਿੱਚ ਪ੍ਰਕਾਸ਼ਤ ਹੋਣ ਵਾਲੀਆਂ ਰਚਨਾਵਾਂ ਅਤੀ ਸੁੰਦਰ ਹਨ, ਮਹਾਨ ਕ੍ਰਾਂਤੀਕਾਰੀ ਹਨ ਅਤੇ ਵਰਗਲਾ 2 ਕੇ 'ਸੱਚ ਨੂੰ ਸੱਚ' ਆਖਣ ਤੋਂ ਨਹੀਂ ਥਿੜਕਦੀਆਂ। ਇਸ ਵਿੱਚ ਲੋਟੂਆਂ ਦੇ ਮੂੰਹ 'ਤੇ ਕਰਾਰੀ ਚਪਤ ਹੈ ਤੇ ਲੁੱਟੇ ਜਾਣ ਵਾਲਿਆਂ ਲਈ ਲੋਹੜੇ ਦੀ ਹਮਦਰਦੀ ਹੈ। ਇੱਕ ਥੋਥੇ, ਭੁਰਭੁਰੇ, ਬੇਸੀਰੇ ਨਿਜ਼ਾਮ ਦੀ ਅਲਖ ਮੁਕਾਉਣ ਦੀ ਕਰੜੀ ਪ੍ਰਤਿੱਗਿਆ ਹੈ।

ਸਾਹਿੱਤ ਦੇ ਤਿੰਨੇ ਗੁਣ - ਸੁੰਦਰਮ, ਸਤਯਮ ਤੇ ਸ਼ਿਵਮ - ਇਸ ਵਿੱਚ ਮੌਜੂਦ ਹਨ। ਇੱਕ ਯੋਗਤਮ ਸੰਪਾਦਕ ਦੀਆਂ ਯੋਗਤਮ ਰਚਨਾਵਾਂ ਇਸ ਵਿੱਚ ਲੱਭੀਆਂ ਜਾ ਸਕਦੀਆਂ ਹਨ। ਕ੍ਰਾਂਤੀਕਾਰੀ ਲੇਖਕਾਂ, ਕਵੀਆਂ ਦੇ ਜੁੱਗ-ਪਲਟਾਊ ਖ਼ਿਆਲ ਇਸ ਵਿੱਚ ਤੱਕੇ ਜਾ ਸਕਦੇ ਹਨ।

ਵਤਨ ਵਿੱਚ ਵਾਪਰ ਰਹੀਆਂ ਦੁਖਾਂਤਾਂ - ਭਰੀਆਂ ਘਟਨਾਵਾਂ ਦੇ ਕਾਰਣਾਂ ਤੇ ਨਿਰਪੱਖ ਵਿਚਾਰ ਹੈ। ਵਤਨ ਵਿੱਚ ਫੈਲੀ ਹੋਈ ਖੂਨ-ਰੇਜ਼ੀ ਨੂੰ ਸੱਚੇ ਤੇ ਸੁੱਚੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਿਆਸੀ ਲੀਡਰਾਂ ਦੀ ਮੌਕਾ-ਪ੍ਰਸਤੀ ਮਾਸੂਮ ਇਸਤਰੀਆਂ, ਭੋਲੇ ਭਾਲੇ ਬਾਲ, ਬੇਕਸੂਰੇ ਮਨੁੱਖਾਂ ਦੀਆਂ ਲਾਸ਼ਾਂ ਨੂੰ ਉਲੰਘ, ਨਹੀਂ। ਨਹੀਂ!! ਰੋਂਦ ਕੇ ਉਹਨਾਂ ਨੂੰ ਅਘੋਰ ਕਰਨ ਤੋਂ ਨਹੀਂ ਝਿਜਕਦੀ-ਆਂ! ਕੀ ਇਹ ਵਤਨ-ਪ੍ਰਸਤੀ ਹੈ, ਪ੍ਰਭੂ-ਭਗਤੀ ਹੈ ਜਾਂ ਦੂਈ ਦੇ ਨਾਮੇ ਓਹਦੇ ਦੀ ਸ਼ਰਮਨਾਕ ਕਾਲਖ਼ਾਂ-ਭਰੀ ਕਰਤੂਤ ਹੈ? 'ਵਤਨੋਂ ਦੂਰ' ਇੰਨ੍ਹਾਂ ਨੂੰ ਨਿਰਪੱਖਤਾ ਨਾਲ, ਖਰੀ ਨਿਰਭੈਅਤਾ ਨਾਲ ਬਿਆਨਦਾ ਹੈ। ਮੇਰੀ ਜਾਚੇ ਕਨੇਡਾ ਦੀ ਧਰਤੀ 'ਤੇ ਸਾਰੇ ਅਗਾਂਹਵਧੂ ਵਿਚਾਰ ਪ੍ਰਗਟਾਉਣ ਵਾਲੇ ਸਾਹਿੱਤਕ ਮੈਗਜ਼ੀਨਾਂ 'ਚੋਂ ਸਭ ਤੋਂ ਸ਼੍ਰੋਮਣੀ ਮੈਗਜ਼ੀਨ ਹੈ - 'ਵਤਨੋਂ ਦੂਰ'।

ਇਹ ਮੈਗਜ਼ੀਨ ਆਪਣੀ ਮੰਜ਼ਲ ਵੱਲ ਪੁੱਜਣ ਲਈ ਗਾਮਜ਼ਨ ਰਹੇ। ਇਹ ਮੰਜ਼ਲਾਂ ਨੂੰ ਪ੍ਰਾਪਤ ਕਰੇ! ਇਹੀ ਅਰਦਾਸ ਹੈ, ਇਹੀ ਅਭਿਲਾਸ਼ਾ ਹੈ! ਖ਼ੁਦਾ ਕਰੇ ਜ਼ੋਰੇ-ਕਲਮ ਔਰ ਜ਼ਿਆਦਾ!

—(ਪ੍ਰਿੰਸੀਪਲ) ਦਲੀਪ ਸਿੰਘ ਉੱਪਲ / 11 ਜੁਲਾਈ 1983.
(Surrey, B.C., Canada)

ਮੈਂ ਆਪਦੇ ਕਹੇ ਅਨੁਸਾਰ ਕੱਲ੍ਹ ਡਾ: ਗੁਰੂਮੇਲ ਨੂੰ ਤੁਹਾਡੀ ਚਿੱਠੀ ਭੇਜ ਦਿੱਤੀ ਸੀ। ਗੁਰਮੇਲ ਦਾ ਸਿਰਨਾਵਾਂ ਹਾਜ਼ਰ ਹੈ। "ਵਤਨੋਂ ਦੂਰ" ਦੀ ਦਸਵੀਂ ਵਰ੍ਹੇ ਗੰਢ ਉੱਤੇ ਤੁਹਾਨੂੰ ਵਧਾਈ ਹੋਵੇ। ਇਸ ਅੰਕ ਲਈ ਰਚਨਾਵਾਂ ਭੇਜਣ ਦੇ ਸੱਦੇ ਲਈ ਧੰਨਵਾਦੀ ਹਾਂ। ਪਿਛਲੇ ਦਿਨੀਂ ਮੈਂ ਕੁਝ ਵੀ ਨਹੀਂ ਲਿਖ ਸਕਿਆ। Research ਆਦਿ ਦੇ ਸਿਲਸਿਲੇ ਵਿੱਚ ਬਹੁਤ Busy ਰਿਹਾ ਹਾਂ। ਅਸਲੋਂ ਹੀ ਕੁਝ ਵੀ ਤਾਜ਼ਾ ਨਹੀਂ ਹੈ। ਸੋ ਇਸ ਵਾਰੀ ਮੈਨੂੰ Rain-Check ਦੇ ਦਿਉ। ... ਪਰਦੇਸਾਂ ਵਿੱਚ ਰਹਿ ਕੇ ਪਰਚੇ ਕੱਢਣਾ ਅਤੇ ਮੁਫ਼ਤ ਵੰਡਣਾ ਜੇ ਅਸੰਭਵ ਨਹੀਂ ਤਾਂ ਬਹੁਤ ਕਠਨ ਜ਼ਰੂਰ ਹੈ।

— (ਡਾ:) ਜਗਜੀਤ ਬਰਾੜ / 12 ਜੁਲਾਈ 1983.
(S.L. University, Hammond, Louisiana 70402, U.S.A.)

ਵਤਨ ਤੋਂ ਹਜ਼ਾਰਾਂ ਮੀਲਾਂ ਦੀ ਦੂਰੀ ਤੇ ਰਹਿੰਦਿਆਂ ਹੋਇਆਂ ਪਿਛਲੇ ਦਸ ਸਾਲਾਂ ਤੋਂ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਦੀ ਸੇਵਾ ਕਰਨ ਲਈ ਵਤਨੋਂ ਦੂਰ ਵਧਾਈ ਦਾ ਪਾਤਰ ਹੈ। ਪੰਜਾਬੀ ਦੇ ਅਗਾਂਹਵਧੂ ਲੇਖਕਾਂ ਦੀਆਂ ਕਵਿਤਾਵਾਂ, ਕਹਾਣੀਆਂ ਅਤੇ ਹੋਰ ਰਚਨਾਵਾਂ ਛਾਪਕੇ ਵਤਨੋਂ ਦੂਰ ਸਿਰਫ਼ ਕਨੇਡਾ ਹੀ ਨਹੀਂ ਬਲਕਿ ਯੂਰਪ ਅਤੇ ਹਿੰਦੁਸਤਾਨ ਵਿੱਚ ਵੀ ਪੰਜਾਬੀ ਦੇ ਵਧੀਆ ਸਾਹਿੱਤਕ ਪਰਚਿਆਂ ਦੀ ਕਤਾਰ ਵਿੱਚ ਉਭਰਕੇ ਸਾਹਮਣੇ ਆਇਆ ਹੈ। ਜਾਣੇ ਪਛਾਣੇ ਲੇਖਕਾਂ ਦੀਆਂ ਰਚਨਾਵਾਂ ਛਾਪਣ ਦੇ ਨਾਲ ਨਾਲ ਵਤਨੋਂ ਦੂਰ ਨੇ ਨਵੇਂ ਉਭਰ ਰਹੇ ਲੇਖਕਾਂ ਨੂੰ ਖੁੱਲ੍ਹੇ ਦਿਲ ਨਾਲ ਉਤਸਾਹਤ ਕੀਤਾ ਹੈ ਜੋ ਕਿ ਇਕ ਬਹੁਤ ਵਧੀਆ ਉੱਦਮ ਹੈ। ਆਸ ਕਰਦਾ ਹਾਂ ਕਿ ਪਾਠਕਾਂ ਦੇ ਸਹਿਯੋਗ ਨਾਲ ਪਰਚਾ ਜਲਦੀ ਹੀ ਮੁੜ ਮਾਸਕ ਪੱਤਰ ਬਣ ਸਕੇਗਾ।

— ਹਰਿੰਦਰ ਮਾਹਲ (ਪ੍ਰਧਾਨ ਵਿਪਾਨਾ) / 14 ਜੁਲਾਈ 1983.
(Surrey, B.C., Canada)

...ਮੈਨੂੰ ਮਹਿੰਦਰ ਸੂਮਲ ਨੇ ਵਤਨੋਂ ਦੂਰ ਦਾ ਸਾਲਾਨਾ ਅੰਕ ਕੱਢਣ ਸੰਬੰਧੀ ਪੱਤਰ ਦਿੱਤਾ। ਵਤਨੋਂ ਦੂਰ ਬੜੇ ਉਤਰਾਵਾਂ-ਚੜ੍ਹਾਵਾਂ ਵਿੱਚੋਂ ਲੰਘਦਾ ਹੋਇਆ ਦਸ ਵਰ੍ਹੇ ਪੂਰੇ ਕਰਨ ਲੱਗਾ ਹੈ। ਮਾਸਕ ਦੀ ਥਾਵੇਂ ਭਾਵੇਂ ਦੋ ਮਹੀਨਿਆਂ ਮਗਰੋਂ ਨਿਕਲਦਾ ਹੈ ਪ੍ਰੰਤੂ ਇਹ ਹੁਣ ਪੂਰਾ ਸਥਾਪਤ ਹੋ ਚੁੱਕਾ ਸਾਹਿੱਤਕ ਪਰਚਾ ਬਣ ਚੁੱਕਿਆ ਹੈ। ਇਸਦੀ ਪੰਜਾਬੀ ਸਾਹਿੱਤਕ ਪਰਚਿਆਂ ਵਿੱਚ ਆਪਣੀ ਵਿਲੱਖਣ ਥਾਂ ਬਣ ਚੁੱਕੀ ਹੈ। ਮੈਂ ਕਾਮਨਾ ਕਰਦਾ ਹਾਂ ਕਿ ਇਹ ਆਪਣੇ ਸਾਹਿੱਤਕ ਨਿਸ਼ਾਨਿਆਂ ਵੱਲ ਵਧਦਾ ਚਲਾ ਜਾਵੇਗਾ ਅਤੇ ਪੰਜਾਬੀ ਸਾਹਿੱਤ ਵਿੱਚ ਕਨੇਡੀਅਨ ਪੰਜਾਬੀ ਲੇਖਕਾਂ ਦੇ ਸਹਿਯੋਗ ਨਾਲ ਆਪਣਾ ਯੋਗਦਾਨ ਪਾਉਂਦਾ ਰਹੇਗਾ।

— "ਸੂਫ਼ੀ" ਅਮਰਜੀਤ / 17 ਜੁਲਾਈ 1983.
(Surrey, B.C., Canada)

ਪੰਜਾਬੀ ਸਾਹਿੱਤ ਅਤੇ ਸੱਭਿਆਚਾਰ ਦੀ ਸੇਵਾ ਲਈ ਵਤਨੋਂ ਦੂਰ ਵਧਾਈ ਦਾ ਪਾਤਰ ਹੈ। ਭਵਿੱਖ ਵਿੱਚ ਇਸ ਦੀ ਸਫਲਤਾ ਲਈ ਸ਼ੁਭ ਕਾਮਨਾਵਾਂ ਭੇਜਦਾ ਹਾਂ।

— ਜਸਵੰਤ ਮਾਂਗਟ / 14 ਜੁਲਾਈ 1983.
(Vancouver, B.C., Canada)

ਵਤਨੋਂ ਦੂਰ ਦਾ ਮਾਰਚ ਅਪਰੈਲ ਅੰਕ ਮਿਲਿਆ।

ਟਾਈਟਲ ਪੇਜ਼ ਦੇਖਕੇ ਬੁੱਲਾਂ ਤੇ ਮੱਲੋ ਮੱਲੀ ਮੁਸਕਾਨ ਤੇ ਅੱਖਾਂ 'ਚ ਚਮਕ ਤੇ ਆਸ ਆ ਉਤਰੇ – ਇਸ ਵਿੱਚ ਇੱਕ ਉਮੀਦ ਹੈ ਕਿਸੇ ਸਫ਼ਰ ਨੂੰ ਤਹਿ ਕਰਨ ਦੀ... ਹੋ ਸਕੇ ਤਾਂ ਅਗਾਂਹ ਤੋਂ ਵੀ ਅਮਰ ਬੰਦਿਆਂ ਦੀਆਂ ਕੁਝ ਲਾਈਨਾਂ ਜ਼ਰੂਰ ਦਿਆ ਕਰ। ਖਾਸ ਕਰਕੇ ਜੋ ਭਗਤ ਸਿੰਘ ਤੇ ਕਾਰਲ ਮਾਰਕਸ ਦੀਆਂ ਚੋਣਵੀਆਂ ਲਿਖਤਾਂ ਅੰਦਰ ਛਾਪੀਆਂ ਹਨ, ਉਨ੍ਹਾਂ ਵਿੱਚੋਂ ਕੁਝ ਆਉਣ ਵਾਲੇ ਅੰਕਾਂ ਦੇ ਬਾਹਰ ਵੀ ਛਾਪੀਂ। ਇੱਕ ਮੈਂ ਬਹੁਤ ਅਰਸੇ ਤੋਂ ਵਤਨੋਂ ਦੂਰ ਦੇ ਬੋਰਡ ਨੂੰ ਸੁਝਾਅ ਦੇਣਾ ਚਾਹੁੰਦੀ ਹਾਂ : ਹੋ ਸਕੇ ਤਾਂ ਬੋਲੀ ਜ਼ਰਾ ਸਰਲ ਕਰ ਦੇਣ। ਬਹੁਤ ਲੋਕ ਅਕਸਰ ਇਸ ਸ਼ਿਕਾਇਤ ਨਾਲ ਮਿਲਦੇ ਹਨ ਕਿ ਉਨ੍ਹਾਂ ਨੂੰ ਵਤਨੋਂ ਦੂਰ ਦੀ ਪੰਜਾਬੀ ਸਮਝ ਨਹੀਂ ਆਉਂਦੀ। ਸੋ ਅੱਗੇ ਤੋਂ ਇਹ ਖ਼ਿਆਲ ਹੋ ਸਕੇ ਤਾਂ ਜ਼ਰੂਰ ਰੱਖਣਾ ਕਿ ਵਤਨੋਂ ਦੂਰ ਸਾਧਾਰਣ ਜਨਤਾ ਲਈ ਵੀ ਹੈ ਸਿਰਫ਼ ਵੱਡੇ ਵੱਡੇ ਲਿਖਾਰੀਆਂ ਲਈ ਨਹੀਂ।

— ਜਸਬੀਰ / 16 ਜੁਲਾਈ 1983.
(Windsor, Ontario, Canada)

ਇੱਕ ਮੁੰਡਾ ਦਵਿੰਦਰ ਸਿੰਘ ਸੇਖੋਂ ਹੈ ਗਰੈਂਡ ਪਰੇਰੀ ਤੋਂ, ਉਸਦੀ ਕਹਾਣੀ (ਸਮੇਂ ਦਾ ਰਿਉ) ਵੀ ਮਿਲੀ ਸੀ। ਉਹ ਅਸੀਂ ਸਾਰਿਆਂ ਬੈਠਕੇ ਪੜ੍ਹੀ ਸੀ। ਉਸਨੂੰ ਹੱਲਾਸ਼ੇਰੀ ਦੇਣੀ... ਉਸ ਦੀ ਕਹਾਣੀ ਵਧੀਆ ਹੈ ਅਤੇ ਉਸਨੂੰ ਹੋਰ ਵੀ ਲਿਖਣਾ ਚਾਹੀਦਾ ਹੈ।

ਇੱਕ ਗੱਲ ਤੈਨੂੰ ਹੋਰ ਦੱਸਾਂ, ਜੋ ਲੋਕ ਵਤਨੋਂ ਦੂਰ ਨੂੰ ਚੰਗਾ ਹੈ, ਸੋਹਣਾ ਹੈ ਆਦਿ ਸਾਰੇ ਜਿਹੇ ਢੰਗ ਨਾਲ ਕਹਿ ਦਿੰਦੇ ਹਨ, ਉਨ੍ਹਾਂ 'ਚੋਂ ਬਹੁਤੇ ਇਸਨੂੰ ਪੜ੍ਹਦੇ ਨਹੀਂ। ਸਿਰਫ਼ ਆਪਣਾ ਨਾਂ ਛਪਿਆ ਦੇਖਦੇ ਹਨ। ਉਨ੍ਹਾਂ ਦਾ ਨਾਂ ਜਾਂ ਕੋਈ ਰਚਨਾ ਛਪਣ ਨਾਲ ਹੀ ਉਨ੍ਹਾਂ ਦੀ ਵਤਨੋਂ ਦੂਰ ਬਾਰੇ ਰਾਇ ਬਦਲ ਜਾਂਦੀ ਹੈ। ਮੇਰਾ ਖ਼ਿਆਲ ਹੈ ਤੂੰ ਇਸ ਗੱਲੋਂ ਖ਼ਬਰਦਾਰ ਤਾਂ ਜ਼ਰੂਰ ਹੋਵੇਂਗਾ ਪਰ ਅਵੇਸਲਾ ਵੀ ਹੈਂ। ਜਾਂ ਫਿਰ ਤੇਰਾ ਅਜੇ ਵੀ 'ਅੱਧਾ-ਅਧੂਰਾ' ਹੀ ਬਣੇ ਰਹਿਣ ਦਾ ਵਿਚਾਰ ਹੈ। ਵੈਨਕੂਵਰ ਵਿੱਚ ਸਾਹਿੱਤਕ ਤੌਰ ਤੇ ਕੀ ਕੁਝ ਹੋ ਰਿਹਾ, ਉਸ ਸਭ ਕੁਝ ਦੇ ਪਿੱਛੇ ਕੀ ਹੋ ਰਿਹਾ, ਇਹ ਸਾਰਾ ਕੁਝ ਲਿਖਣਾ ਸੰਭਵ ਨਹੀਂ ਹੈ... ਇਨ੍ਹਾਂ ਚਿੱਠੀਆਂ ਰਾਹੀਂ ਕਿਤੇ ਕਿੰਨੀਆਂ ਕੁ ਗੱਲਾਂ ਕਰ ਸਕਦੇ ਹਾਂ ?

— ਅਮਰਜੀਤ ਚਾਹਲ / 20 ਜੁਲਾਈ 1983.
(Surrey, B.C., Canada)

ਕੈਨੇਡਾ ਵਿੱਚ ਬਿਤਾਏ ਪਿਛਲੇ ਅੱਠ ਕੁ ਸਾਲ ਦੇ ਸਮੇਂ ਵਿੱਚ ਮੈਨੂੰ 'ਵਤਨੋਂ ਦੂਰ' ਅੰਦਰ ਆਏ ਉਤਰਾ ਅਤੇ ਚੜ੍ਹਾ ਪੜ੍ਹਨ ਅਤੇ ਦੇਖਣ ਦਾ ਮੌਕਾ ਮਿਲਿਆ ਹੈ। ਪਿਛਲੇ ਕੁਝ ਸਾਲਾਂ ਦੌਰਾਨ 'ਵਤਨੋਂ ਦੂਰ' ਦਾ ਗਿਰ ਰਿਹਾ ਮਿਆਰ ਦੇਖਕੇ ਕਈ ਵੇਰੀ ਕਾਫ਼ੀ ਨਿਰਾਸਤਾ ਵੀ ਹੋਈ ਸੀ। ਪਰ ਇਸ ਜਨਵਰੀ ਤੋਂ ਪਰਚਾ ਮੁੜ ਸੁਚੱਜੇ ਹੱਥਾਂ ਵਿੱਚ ਆ ਗਿਆ ਲਗਦਾ ਹੈ। ਪਰਚੇ ਵਿੱਚ ਅਜੇ ਵੀ ਮਿਆਰੀ ਸਾਹਿੱਤਕ ਆਲੋਚਨਾ ਦੀ ਘਾਟ ਰੜਕਦੀ ਹੈ। ਦਸਵੇਂ ਵਰ੍ਹੇ ਦੇ ਸਾਲਾਨਾ ਅੰਕ ਲਈ ਅਦਾਰਾ 'ਵਤਨੋਂ ਦੂਰ' ਨੂੰ ਮੇਰੀਆਂ ਸ਼ੁਭ ਇੱਛਾਵਾਂ –

— ਸੁਖਿੰਦਰ / 25 ਜੁਲਾਈ 1983.
(Toronto, Ontario, Canada)

ਉਮੀਦ ਹੈ ਕਿ ਤੁਸੀਂ ਖ਼ੈਰੀਅਤ ਨਾਲ ਹੋਵੋਂਗੇ। ਮੈਂ ਗੁਰਸ਼ਰਨ ਸਿੰਘ ਦੇ ਡਰਾਮਿਆਂ ਬਾਰੇ ਆਪਣੇ ਪ੍ਰਭਾਵ ਨਾਲ ਤੁਹਾਡੀ ਖ਼ਿਦਮਤ ਵਿੱਚ ਹਾਜ਼ਰ ਹੋ ਰਹੀ ਹਾਂ। ਸ਼ਾਇਦ ਤੁਸੀਂ ਇਸ ਲਿਖਤ ਨੂੰ ਪਸੰਦ ਕਰੋਂ। ਖ਼ੁਦਾ ਹਾਫ਼ਿਜ਼।

— ਨੁਜ਼ਹੱਤ / 25 ਜੁਲਾਈ 1983
(Scarborough, Ontario, Canada)

ਵਤਨੋਂ ਦੂਰ ਬੈਠਿਆਂ 'ਵਤਨ' ਦਾ ਨਾਂ ਪੜ੍ਹਕੇ ਹੀ ਕੁਝ ਕੁਝ ਮਹਿਸੂਸ ਹੋਣ ਲੱਗਾ ਕਿ ਸਾਡੇ ਬੇਵਤਨ ਬੈਠਿਆਂ ਦਾ ਵਤਨ ਹੈ ਤੇ ਉਸ ਵਤਨ ਦੇ ਕੁਝ ਜੁਝਾਰੂ ਸਾਥੀ ਅੱਜ ਵੀ ਸਾਡੇ ਵਿੱਚ ਮੌਜੂਦ ਹਨ ਜਿਹੜੇ ਕਾਫ਼ੀ ਤੰਗੀਆਂ ਤੁਰਸ਼ੀਆਂ ਅਤੇ ਦਿਮਾਗੀ ਰੁਝੇਵਿਆਂ ਦੇ ਬਾਵਜੂਦ ਵੀ ਆਪਣੇ ਵਤਨੀਆਂ ਦੀਆਂ ਸੇਵਾਵਾਂ ਵਿੱਚ ਜੁਟੇ ਹੋਏ ਹਨ। ਸੋ ਜੇ ਇਹ ਕਹਾਂ ਕਿ ਤੁਹਾਡਾ ਪਰਚਾ ਬਹੁਤ ਸੁਹਣਾ ਹੈ, ਨਿਰੀ ਇਹੀ ਗੱਲ ਕਹਿਣ ਨੂੰ ਜੀਅ ਨਹੀਂ ਕਰਦਾ ਕਿਉਂਕਿ ਤੁਹਾਡੀ ਮਿਹਨਤ, ਲਗਨ ਅਤੇ ਵਧੀਆ ਲੇਖਣੀ ਦੇ ਅੱਗੇ ਇਹ ਕਾਫ਼ੀ ਛੋਟਾ ਹੈ। ਤੇ ਉਂਜ ਅਸੀਂ ਕਈ ਵਤਨੋਂ ਬੇਵਤਨ ਹੋਏ ਇਸ ਗੱਲ ਦੀ ਆਸ ਰੱਖਦੇ ਹਾਂ ਕਿ ਤੁਸੀਂ ਆਪਣੇ ਪਰਚੇ ਨੂੰ ਇਸ ਗੁਜ਼ਰ ਰਹੇ ਪੇਚੀਦਾ ਮਾਹੌਲ ਦੇ ਵਿੱਚੋਂ ਚੰਡੀ ਦੀ ਚਮਕ ਦਾ ਹਾਣੀ ਬਣਾਓਗੇ।

— ਹਰਦੇਵ ਵਿਰਕ / ਅਗਸਤ 1983.
(Edmonton, Alberta, Canada)

ਪਿਛਲੇ ਦਸ ਸਾਲਾਂ ਵਿੱਚ ਵਤਨੋਂ ਦੂਰ ਨੇ ਕੈਨੇਡਾ ਵਿੱਚ ਅਤੇ ਅਮਰੀਕਾ ਵਿੱਚ ਵਸ ਰਹੇ ਪੰਜਾਬੀਆਂ ਦੀ ਬਹੁ-ਵਡਮੁੱਲੀ ਸੇਵਾ ਕੀਤੀ ਹੈ। ਭਾਵੇਂ ਇਸ ਵਿੱਚ ਛਪਦੀਆਂ ਰਹੀਆਂ ਸਾਰੀਆਂ ਹੀ ਰਚਨਾਵਾਂ ਬੜੀ ਉੱਚ ਪੱਧਰ ਦੀਆਂ ਤੇ ਅਗਾਂਹ-ਵਧੂ ਖ਼ਿਆਲਾਂ ਵਾਲੀਆਂ ਰਹੀਆਂ ਹਨ ਪਰ ਜਦੋਂ ਤੋਂ (ਜਨਵਰੀ 83) ਵਤਨੋਂ ਦੂਰ ਅਲਬਰਟਾ ਤੋਂ ਛਪਣਾ ਸ਼ੁਰੂ ਹੋਇਆ ਹੈ ਇਸ ਦੀ ਦਿੱਖ ਅਤੇ ਵਿਉਂਤਬੰਦੀ ਅੱਗੇ ਨਾਲੋਂ ਬਹੁਤ ਚੰਗੇਰੀ ਹੋ ਗਈ ਹੈ। ਨਵੇਂ ਸ਼ੁਰੂ ਕੀਤੇ ਸਥਾਈ ਕਾਲਮ ਵੀ ਬੜੇ ਅਰਥ ਭਰਪੂਰ ਹਨ। ਪਰਚੇ ਦੀ ਹੱਥ ਲਿਖਤ ਜਿੱਥੇ ਬਹੁਤ ਸੁੰਦਰ ਅਤੇ ਪ੍ਰਭਾਵਸ਼ੀਲ ਹੈ, ਉੱਥੇ ਇਸ ਗੱਲ ਦਾ ਵੀ ਜਿਉਂਦਾ ਜਾਗਦਾ ਸਬੂਤ ਹੈ ਕਿ ਪਰਚੇ ਦੇ ਪਬੰਧਕ ਆਪਣੇ ਲੋਕਾਂ ਨੂੰ ਉੱਚਾ ਚੁੱਕਣ ਲਈ ਕਿੰਨੀ ਕਠਿਨ ਮਿਹਨਤ ਕਰ ਰਹੇ ਹਨ। ਵਤਨੋਂ ਦੂਰ ਨਵੇਂ ਪੁੰਗਰ ਰਹੇ ਲਿਖਾਰੀਆਂ ਦਾ ਉਤਸ਼ਾਹ ਵਧਾਉਣ ਲਈ ਵੀ ਬਹੁਤ ਸ਼ਲਾਘਾ ਜੋਗ ਕੰਮ ਕਰ ਰਿਹਾ ਹੈ। ਪਰਚੇ ਦੀ ਉੱਚ-ਪੱਧਰ ਅਤੇ ਸੇਧ ਲਈ ਆਪ ਪ੍ਰਸੰਸਾ ਦੇ ਪੂਰੇ ਹੱਕਦਾਰ ਹੋ। ਕੁਝ ਸੁਝਾਅ ਵੀ ਪੇਸ਼ ਕਰਦਾ ਹਾਂ :

ਮਈ ਜੂਨ ੧੯੮੩ ਦੇ ਅੰਕ ਵਿੱਚ ਛਪੀ ਸ. ਕੇਸਰ ਸਿੰਘ ਨਾਵਲਿਸਟ ਦੀ ਕਹਾਣੀ 'ਪੋਲੀਟੀਕਲ ਅਸਾਇਲਮ' ਭਾਵੇਂ ਯਥਾਰਥਤਾ ਤੋਂ ਦੂਰ ਨਹੀਂ ਪਰ ਸਾਡੇ ਲੋਕਾਂ ਪ੍ਰਤੀ ਭਿੰਨ-ਭਾਵ ਜਾਂ ਵਿਤਕਰੇ ਦੀ ਜੜ੍ਹ ਨੂੰ ਬਹੁਤ ਮਜ਼ਬੂਤ ਕਰਦੀ ਹੈ ਕਿ ਅਸੀਂ ਸਾਰੇ ਹੀ ਝੂਠੇ ਤੇ ਧੋਖੇਬਾਜ਼ ਹਾਂ, ਜੋ ਕਿ ਅਸਲ ਵਿੱਚ ਲੇਖਕ ਦਾ ਭਾਵ ਨਹੀਂ ਜਾਪਦਾ। ਜੇ ਇਹੋ ਕਹਾਣੀ, ਲੇਖ ਦਾ ਰੂਪ ਵਟਾ ਕੇ ਦਿੱਤੀ ਜਾਂਦੀ

ਕਿ ਸਾਡੇ ਕੁਝ ਲੋਕ ਆਪਣੇ ਨਿਜੀ ਮਤਲਬ ਕੱਢਣ ਲਈ ਸਾਰੀ ਕਮਿਊਨਿਟੀ 'ਤੇ ਤੁਹਮਤ ਲਾਉਂਦੇ ਹਨ ਤਾਂ ਇਸ ਨਾਲ ਨਾ ਕੇਵਲ ਉਹ ਮਤਲਬ ਹੀ ਹੱਲ ਹੋ ਜਾਂਦਾ ਸੀ ਸਗੋਂ ਇਸ ਗੱਲ ਦਾ ਵੀ ਸਬੂਤ ਮਿਲਦਾ ਕਿ ਸਾਡੇ ਵਿੱਚੋਂ ਬਹੁਤੇ ਅਜਿਹੇ ਘਟੀਆ ਸਾਧਨਾਂ ਦੀ ਵਿਰੋਧਤਾ ਕਰਦੇ ਹਨ।

ਮਾਰਚ ਅਪਰੈਲ ੧੯੮੩ ਦੇ ਅੰਕ ਵਿੱਚ ਛਪੇ ਅਰਦਮਨ ਸਿੰਘ ਦੇ ਲੇਖ 'ਤੇ ਆਧਾਰਤ ਜਿੰਦਰ ਪੁਰੇਵਾਲ ਨੇ ਮਈ ਜੂਨ ਅੰਕ ਵਿੱਚ ਛਪੇ ਆਪਣੇ ਜਵਾਬ ਵਿੱਚ ਜਿਸ ਨੀਵੇਂ ਪੱਧਰ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ਤੇ ਇੱਕੋ ਪੱਖ ਨੂੰ ਲੈ ਕੇ ਵਤਨੋਂ ਦੂਰ 'ਤੇ ਪਿਛਾਂਹ ਖਿੱਚੂ ਹੋਣ ਦਾ ਜੋ ਦੋਸ਼ ਲਾਇਆ ਹੈ, ਉਸਨੂੰ ਆਪਨੇ ਬੜੇ ਸੁਲਝੇ ਢੰਗ ਨਾਲ 'ਦਰਪਣ' ਵਿੱਚ ਨਜਿੱਠਿਆ ਹੈ। ਜੋ ਪ੍ਰਸ਼ਨ ਆਪ ਨੇ ਉਠਾਏ ਹਨ, ਉਹ ਬਹੁਤ ਮਹੱਤਵਪੂਰਨ ਹਨ ਅਤੇ ਸਾਰੇ ਸੋਝੀਵਾਨਾਂ ਕੋਲੋਂ ਉੱਤਰਾਂ ਦੀ ਮੰਗ ਕਰਦੇ ਹਨ। ਅਗਲੇ ਕਿਸੇ ਅੰਕ ਵਿੱਚ ਹੋ ਸਕਿਆ ਤਾਂ ਮੈਂ ਵੀ ਇਸ ਵਿਸ਼ੇ 'ਤੇ ਕੁਝ ਲਿਖਣ ਦਾ ਯਤਨ ਕਰਾਂਗਾ।

— ਦੇਵਿੰਦਰ ਸੇਖੋਂ / ਅਗਸਤ 1983
(Grande Prairie, Alberta, Canada)

ਵਤਨੋਂ ਦੂਰ ਦੇ ਕੁਝ ਅੰਕ ਦੇਖਣ ਨੂੰ ਮਿਲੇ ਤਾਂ ਪਰਚਾ ਪਹਿਲਾਂ ਨਾਲੋਂ ਕਾਫ਼ੀ ਉੱਚੇ ਪੱਧਰ ਦਾ ਮਹਿਸੂਸ ਹੋਣ ਲੱਗਿਆ। ਇਹ ਹੋ ਸਕਦਾ ਹੈ ਕਿ ਕਿਤੇ ਕੋਈ ਗ਼ਲਤੀ ਵੀ ਕਰ ਸਕਦਾ ਹੈ। ਇਸੇ ਤਰ੍ਹਾਂ ਮਾਰਚ-ਅਪਰੈਲ ਦੇ ਅੰਕ ਵਿੱਚ "ਕਾਰਲ ਮਾਰਕਸ ਅਤੇ ਸਿੱਖ ਧਰਮ" ਦੇ ਨਾਂ ਦਾ ਅਰਦਮਨ ਸਿੰਘ ਦਾ ਲਿਖਿਆ ਲੇਖ ਮਿਲਿਆ ਤਾਂ ਮਨ ਨੂੰ ਕੁਝ ਝਟਕਾ ਜਿਹਾ ਲੱਗਿਆ ਕਿ ਇੰਨਾਂ ਵਧੀਆ ਪੇਪਰ ਇਹੋ ਜਿਹੇ ਲੇਖਾਂ ਨੂੰ ਕਿਉਂ ਅਹਿਮੀਅਤ ਦੇ ਗਿਆ ਪਰ ਫਿਰ ਸੋਚਿਆ ਕਿ ਸ਼ਾਇਦ ਗ਼ਲਤੀ ਹੋ ਗਈ ਹੋਵੇਗੀ ਅਤੇ ਸਾਡੇ ਪਾਠਕ ਜ਼ਰੂਰ ਸੰਪਾਦਕ ਨੂੰ ਖਿੜਕਣ ਤੋਂ ਰੋਕਣਗੇ ਅਤੇ ਸੰਪਾਦਕ ਸਮਝ ਜਾਵੇਗਾ ਪਰ ਉਦੋਂ ਸਭ ਉਮੀਦਾਂ ਖੰਭ ਲਾ ਕੇ ਉੱਡ ਗਈਆਂ ਜਦੋਂ ਸੰਪਾਦਕ ਨੇ ਬੁਰਜੂਆ ਨਿਜ਼ਾਮ ਦੇ ਹੱਥ ਠੋਕੇ ਦੇ ਲੇਖ ਨੂੰ ਛਾਪਣ ਲਈ ਆਪਣੇ ਆਪ ਨੂੰ ਦਰੁਸਤ ਦੱਸਣ ਦੀ ਕੋਸ਼ਿਸ਼ ਕਰਦੇ ਹੁਣ ਤੱਕ ਮਾਰਕਸ ਦੇ ਸਿਧਾਂਤ ਅਤੇ ਉਸ ਨਾਲ ਲੋਕਾਂ ਨੂੰ ਮਿਲੀਆਂ ਜਿੱਤਾਂ ਅਤੇ ਸਾਰੀ ਦੁਨੀਆਂ ਵਿੱਚ ਉਸਦੇ ਰਸਤੇ ਉਪਰ ਚਲਦੇ ਹੋਏ ਘੋਲਾਂ ਨੂੰ ਅੱਖੋਂ ਓਹਲੇ ਕਰਕੇ ਧਾਰਮਕ ਜਨੂੰਨੀਆਂ, ਜਾਤਾਂ-ਪਾਤਾਂ ਅਤੇ ਭਰਮਾਂ-ਵਹਿਮਾਂ ਵਿੱਚ ਸਾਧਾਰਣ ਲੋਕਾਂ ਨੂੰ ਪਾਈ ਰੱਖਣ ਲਈ ਰੱਖੀ ਚਮਤਕਾਰਾਂ ਦਾ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ। ਸੰਪਾਦਕ ਇਹ ਵੀ ਕਹਿ ਰਿਹਾ ਹੈ ਕਿ ਮੇਰਾ ਸਾਰੇ ਲੇਖਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ਪਰ ਸਵਾਲ ਉਠਦਾ ਹੈ ਕਿ ਫਿਰ ਇਹ ਲੇਖ ਸਾਡੀ "ਅਗਾਂਹਵਧੂ ਸੋਚ" ਨੇ ਮਾਰਕਸ ਨੂੰ ਗ਼ਲਤ ਦੱਸਣ ਲਈ ਛਾਪ ਦਿੱਤਾ? ਸੰਪਾਦਕ ਨੇ ਆਪਣੇ ਆਪ ਨੂੰ ਅਗਾਂਹਵਧੂ ਦੱਸਣ ਲਈ ਦੂਸਰਿਆਂ ਦੀਆਂ ਅਗਾਂਹਵਧੂ ਲਿਖਤਾਂ ਚੋਰੀ ਕਰਕੇ ਜਿਵੇਂ ਯੂਜੀਨ ਪੋਤੀਏ ਦਾ ਇੰਟਰਨੈਸ਼ਨਲ ਗੀਤ ਪਹਿਲੇ ਸਫ਼ੇ ਉੱਪਰ ਅਤੇ ਮਾਰਕਸ, ਭਗਤ ਸਿੰਘ ਅਤੇ ਸੰਤ ਰਾਮ ਉਦਾਸੀ ਵਰਗਿਆਂ ਨੂੰ ਵਰਤ ਕੇ ਕਈ ਤਰ੍ਹਾਂ ਦੇ ਦਾਅ ਪੇਚ ਲਗਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਉਸ ਦੀ ਸੋਚ ਦਾ ਦੀਵਾਲਾ ਉਸ ਵੇਲੇ ਨਿੱਕਲ ਜਾਂਦਾ ਹੈ ਜਦੋਂ ਕਿ ਜਿੰਦਰ ਪੁਰੇਵਾਲ ਦੇ ਸਵਾਲਾਂ ਉੱਤੇ ਟਿੱਪਣੀ ਕਰ ਰਿਹਾ ਕਿ ਖੱਬੇ-ਪੱਖੀ ਤਾਕਤਾਂ ਰਾਹੀਂ ਕੀਤੀਆਂ ਮਿਹਨਤਾਂ ਅਤੇ ਕੁਰਬਾਨੀਆਂ ਨਾਲ ਇਨਕਲਾਬ ਕਿਉਂ ਨਹੀਂ ਆਇਆ! ਇਸ ਲਈ ਮਹਿਸੂਸ ਹੁੰਦਾ ਹੈ ਕਿ ਤਾਂ ਹੀ ਤਾਂ ਉਸਨੇ ਹਿੰਦੁਸਤਾਨ ਵਿੱਚ ਫਿਰੂ ਫਸਾਦਾਂ ਦੇ ਬੋਲ ਬਾਲੇ ਤੋਂ ਡਰਕੇ ਅਰਦਮਨ ਸਿੰਘ ਦੇ ਲੇਖ ਨੂੰ ਅਹਿਮੀਅਤ ਦਿੱਤੀ ਹੈ ਜਿਸਨੇ ਕਿ ਮਾਰਕਸ ਨੂੰ ਗ਼ਲਤ ਦੱਸਣ ਦਾ ਬੀੜਾ ਚੁੱਕਿਆ ਹੋਇਆ ਹੈ। ਫਿਰ ਸੰਪਾਦਕ ਆਪਣੇ ਇਸ ਪੇਪਰ ਨੂੰ (ਜਿਸ ਵਿੱਚ ਮਾਰਕਸਵਾਦ ਦਾ ਖ਼ਾਤਮਾ ਕਰਨ ਲਈ ਇਹ ਰਾਹ ਕੀਤਾ ਹੈ ਜਦਕਿ ਇਹੋ ਜਿਹੇ ਅਰਦਮਨ ਸਿੰਘ ਵਰਗੇ ਰੂਸ-ਚੀਨ ਵਿੱਚ ਬਹੁਤ ਸਨ ਅਤੇ "ਪੋਪ" ਵਰਗੇ ਬਥੇਰੇ ਭੁਰੇ ਫਿਰਦੇ ਹਨ ਜੋ ਕਿ ਲੋਕ ਘੋਲਾਂ ਅੱਗੇ ਕਦੇ ਨਹੀਂ ਅੜੇ) ਸਮਤਾ, ਸੁਰਖ਼ ਰੇਖਾ ਜਾਂ ਲਲਕਾਰ ਵਰਗੇ ਪੇਪਰਾਂ ਬਰਾਬਰ ਦੱਸਣ ਦੀ ਕੋਸ਼ਿਸ਼ ਕਰਦਾ ਹੋਇਆ ਝਿਜਕਦਾ ਨਹੀਂ ਹੈ। ਇਸ ਸੰਪਾਦਕੀ ਬੋਰਡ ਨੂੰ ਇਹ ਵੀ ਨਹੀਂ ਪਤਾ ਕਿ ਉਹ ਕਿਹੜੇ ਲੱਛਣ ਹਨ ਜੋ ਕਿਸੇ ਪੇਪਰ ਨੂੰ ਅਗਾਂਹਵਧੂ, ਪਿਛਾਂਹ ਖਿੱਚੂ, ਜਨੂੰਨੀ ਜਾਂ ਇਨਕਲਾਬੀ ਬਣਾਉਂਦੇ ਹਨ। ਕੀ ਇਹ ਪੇਪਰ ਵੀ ਪਿਛਾਂਹ ਖਿੱਚੂ ਅਤੇ ਜਨੂੰਨੀ ਪੇਪਰਾਂ ਵਾਂਗ ਨਿਜੀ ਹਿਤ ਜਾਂ ਸਰਮਾਏਦਾਰੀ ਦੇ ਹੱਥ ਠੋਕਿਆਂ ਵਾਂਗ ਤਾਂ ਨਹੀਂ ਇਹ ਹਰਕਤ ਕਰ ਰਿਹਾ? ਸੰਪਾਦਕ ਇਹ ਸਫ਼ਾਈ ਦਿੰਦਾ ਹੈ ਕਿ ਮੈਂ ਤਾਂ ਅਰਦਮਨ ਵਰਗੇ (ਸਰਮਾਏਦਾਰੀ- ਜਾਗੀਰਦਾਰੀ ਦੇ ਏਜੰਟ) ਜੋ ਮਾਰਕਸ ਨੂੰ ਗ਼ਲਤ ਦੱਸਣ ਲਈ ਧਾਂਹ ਉਤਾਂਹ ਕੁਦਦਾ ਹੈ ਉਸ ਨਾਲ ਵਾਦ ਵਿਵਾਦ ਵਿੱਚ ਪੈ ਕੇ ਆਪਦੇ ਵਰਗਾ "ਅਗਾਂਹਵਧੂ" ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਸੰਪਾਦਕ ਜੀ, ਇਹਨਾਂ ਜਨੂੰਨੀਆਂ ਨਾਲ ਲੋਕਾਂ ਨੂੰ ਵਾਦ ਵਿਵਾਦ ਵਿੱਚ ਪਾਉਂਦੇ ਹੋਏ ਪਹਿਲਾਂ ਆਪਣੀ ਜਾਨ ਬਾਰੇ ਵੀ ਖ਼ਿਆਲ ਕਰ ਲੈਣਾ ਕਿਉਂਕਿ ਇਹਨਾਂ ਦੇ ਧਰਮਾਂ ਅੰਦਰ ਪਿਸਤੌਲਾਂ ਦੀ ਛੁਪਾਈਆਂ ਹੁੰਦੀਆਂ ਹਨ ਜਿਹੜੀਆਂ ਟੋਰਾਂਟੋ ਵਾਂਗ ਤੁਹਾਡੇ ਸਿਰ ਨਾਲ ਵੀ ਲੱਗ ਸਕਦੀਆਂ ਹਨ। ਖ਼ੈਰ ਤੁਹਾਡੇ ਬਾਰੇ ਤਾਂ ਪਤਾ ਨਹੀਂ ਕਿਉਂਕਿ ਤੁਹਾਡੀ ਉਹਨਾਂ ਨਾਲ ਖ਼ਿਆਲਾਂ ਦੀ ਭਾਈਵੰਦੀ ਵੀ ਸ਼ਾਇਦ ਹੈ ਪਰ ਸਾਨੂੰ ਜ਼ਰੂਰ ਉਹਨਾਂ ਬਾਰੇ ਖ਼ਬਰਦਾਰ ਰਹਿਣਾ ਪੈਂਦਾ ਹੈ। ਸ਼ਾਇਦ ਤੁਹਾਡੇ ਵਰਗੇ ਕਾਮਰੇਡ ਟੋਰਾਂਟੋ ਵਿੱਚ ਵੀ ਹਨ ਜਿੰਨ੍ਹਾਂ ਦੇ ਜਨੂੰਨੀ ਘਰੀਂ ਜਾ ਕੇ ਸੌਂਦੇ ਹਨ ਅਤੇ ਆਪਣੇ ਜਨੂੰਨਪੁਣੇ ਨੂੰ ਦਰੁਸਤ ਦੱਸਣ ਲਈ ਸਿਆਸੀ ਮੱਦਦ ਵੀ ਤੁਹਾਡੇ ਵਰਗਿਆਂ ਰਾਹੀਂ ਹੀ ਲਈ ਜਾਂਦੀ ਹੈ। ਸੰਪਾਦਕ ਜੀ, ਆਪਣੇ ਉਠਾਏ ਗਏ ਸਵਾਲਾਂ ਤੇ ਫਿਰ ਧਿਆਨ ਮਾਰਨਾ ਕਿਉਂਕਿ ਤੁਸੀਂ ਸਾਨੂੰ ਕੁਝ ਹੋਰ ਹੀ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹੋ।

ਜਦੋਂ ਲੋਟੂਆਂ ਨੂੰ ਲੁੱਟੇ ਜਾ ਰਹੇ ਲੋਕਾਂ ਬਾਰੇ ਪਤਾ ਚੱਲ ਜਾਵੇ ਕਿ ਉਹ ਸਾਡੇ ਖ਼ੂਨੀ ਦੰਦ ਕੱਢਣ ਲਈ ਲੋਕ-ਏਕਤਾ ਕਰ ਰਹੇ ਹਨ ਤਾਂ ਉਹ ਆਪਣਾ ਬਚਾਓ ਕਰਨ ਲਈ ਅਤੇ ਲੋਕਾਂ ਦੀ ਲੁੱਟ ਨੂੰ ਜਾਰੀ ਰੱਖਣ ਲਈ ਕਿਸੇ ਵੀ ਹਾਲਤ ਵਿੱਚ ਲੋਕਾਂ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਹਰੇਕ ਤਰ੍ਹਾਂ ਦੇ ਹੱਥਕੰਡੇ ਵਰਤਣ ਦੀ ਕੋਸ਼ਿਸ਼ ਕਰਦੇ ਹਨ ਜਿਵੇਂ ਜਾਤ-ਪਾਤ, ਧਰਮ, ਬੋਲੀ, ਰੰਗ ਜਾਂ ਜਿਸ ਤਰਾਂ ਮੌਕਾ ਮਿਲੇ ਉਹ ਦਾਓ ਲਾਉਂਦੇ ਹਨ ਜਿਵੇਂ ਕਿ 1947 ਦੀ ਅਧੂਰੀ ਆਜ਼ਾਦੀ ਨੂੰ ਸਮਝ ਤੋਂ ਦੂਰ ਰੱਖਣ ਲਈ ਹਿੰਦੂ-ਮੁਸਲਮਾਨ ਵਿੱਚ ਫਸਾਦ ਕਰਵਾ ਦਿੱਤੇ। ਅਲੀਗੜ੍ਹ ਵਰਗੇ ਥਾਵਾਂ 'ਤੇ ਹਰ ਵਕਤ ਜਨੂੰਨੀ ਇਹੋ ਜਿਹੀਆਂ ਹਰਕਤਾਂ ਕਰਦੇ ਰਹਿੰਦੇ ਹਨ। ਰੋਟੀ ਦੇ ਮਸਲੇ ਨੂੰ ਆਪਸੀ ਲੜਾਈ ਫਸਾਦ ਵਿੱਚ ਉਲਝਾਈ ਰੱਖਦੇ ਹਨ। ਪੰਜਾਬ, ਆਸਾਮ ਅਤੇ ਮੁਲਕ ਦੇ ਹੋਰ ਵੀ ਕਈ ਥਾਵਾਂ ਤੇ ਇਹੀ ਹਰਕਤਾਂ ਜਾਰੀ ਹਨ। ਜੇ ਲੋਕ ਇਹਨਾਂ ਦੀਆਂ ਲੂੰਬੜ ਚਾਲਾਂ ਨੂੰ ਸਮਝ ਜਾਣ ਤਾਂ ਫਿਰ ਮੁਲਕ ਦੇ ਬਾਹਰੀ ਖ਼ਤਰੇ ਦਾ ਅਲਾਰਮ ਖੜਕਾ ਦਿੰਦੇ ਹਨ। ਮਰਨਾਂ ਤਾਂ ਗ਼ਰੀਬ ਲੋਕਾਂ ਨੇ ਹੀ ਹੈ, ਅਮੀਰ ਤਾਂ ਪੁਲੀਸ ਜਾਂ ਫੌਜ ਵਿੱਚ ਸਿਪਾਹੀ ਦੀ ਨੌਕਰੀ 'ਤੇ ਰਹਿੰਦਾ ਹੀ ਨਹੀਂ। ਜਦੋਂ ਸਾਧਾਰਨ ਲੋਕ ਇਹਨਾਂ ਦੀਆਂ ਭੜਕਾਹਟਾਂ ਵਿੱਚ ਫਸ ਜਾਂਦੇ ਹਨ ਤਾਂ ਲੋਕ-ਪੱਖੀ ਤਾਕਤਾਂ ਨੂੰ ਹੀ ਧੱਕਾ ਵੱਜਦਾ ਹੈ ਕਿਉਂਕਿ ਪਰਚਾਰ ਦੇ ਸਾਰੇ ਸਾਧਨ ਸਰਮਾਏ-ਦਾਰਾਂ ਦੇ ਹੱਥਾਂ ਵਿੱਚ ਹੁੰਦੇ ਹਨ ਜਿਵੇਂ ਪਰਚੇ, ਰੇਡੀਓ ਜਾਂ ਟੈਲੀਵੀਜ਼ਨ ਆਦਿ। ਹਰੇਕ ਤਰ੍ਹਾਂ ਦਾ ਜਨੂੰਨ, ਲੜਾਈ-ਫਸਾਦ ਜਾਂ ਲੋਕਾਂ

ਵਿੱਚ ਤਸਕਰਾਂ ਪਾਉਣ ਦਾ ਜ਼ਿੰਮੇਵਾਰ ਇਹ ਲੁੱਟਮਾਰ ਕਰਨ ਵਾਲਾ ਨਿਜ਼ਾਮ ਹੁੰਦਾ ਹੈ ਪਰ ਸਭ ਤਰ੍ਹਾਂ ਦੀ ਫਿਰਕੂ ਭੰਨ-ਤੋੜ ਨੂੰ ਲੋਕਾਂ ਲਈ ਮਰੋੜ ਵਾਲੇ ਲੋਕਾਂ ਸਿਰ ਮੜ੍ਹ ਦਿੱਤਾ ਜਾਂਦਾ ਹੈ। ਇਹ ਭਾਵੇਂ ਲੱਖਾਂ ਦੀ ਜਾਨ ਲੈ ਲੈਣ ਪਰ ਇਹਨਾਂ ਦੀ ਕੀਤੀ ਜਾਣ ਵਾਲੀ ਲੁੱਟ ਇੱਕ ਦਿਨ ਅਗਾਂਹਵਧੂ ਤਾਕਤਾਂ ਨੇ ਖ਼ਤਮ ਕਰ ਦੇਣੀ ਹੈ। ਤਲਿੰਗਾਨਾ ਵਿੱਚ ਲੋਕ ਉਠੇ, ਜ਼ਾਲਮਾਂ ਨੇ ਅੱਤਿਆਚਾਰ ਕੀਤੇ; ਫਿਰ ਨਕਸਲਬਾੜੀ ਵਿੱਚ ਇਹਨਾਂ ਦੇ ਏਜੰਟਾਂ ਦੇ ਲੱਖਾਂ ਪਰਦੇ ਪਾਉਣ ਦੇ ਬਾਵਜੂਦ ਵੀ ਲੋਕ-ਉਭਾਰ ਉੱਠਿਆ ਅਤੇ ਹਜ਼ਾਰਾਂ ਕੁਰਬਾਨੀਆਂ ਦੇ ਕੇ ਅਖੌਤੀ-ਇਨਕਲਾਬੀਆਂ ਦੇ ਪਰਦੇ ਫਾਸ਼ ਕੀਤੇ। ਅੱਜ ਥਾਂ ਥਾਂ ਲਾਠੀ ਗੋਲੀ ਦੇ ਬਾਵਜੂਦ ਵੀ ਲੋਕ ਸੰਘਰਸ਼ ਕਰ ਰਹੇ ਹਨ। ਜਵਾਹਰਲਾਲ ਨਹਿਰੂ ਦਾ ਚਿੱਟਾ, ਇੰਦਰਾ ਦਾ ਹਰਾ ਅਤੇ ਅਖੌਤੀ ਅਗਾਂਹਵਧੂ ਪਾਰਟੀਆਂ (ਸੀ.ਪੀ.ਆਈ. ਅਤੇ ਸੀ.ਪੀ.ਐੱਮ) ਦੇ ਲਾਲ ਇਨਕਲਾਬ ਅਤੇ ਪੋਪ ਦੇ ਲਿਬਨਾਨ ਅਤੇ ਸਿਲਵਾਡੋਰ ਵਿੱਚ ਲਗਾਏ ਧਾਰਮਕ ਪ੍ਰਚਾਰ ਦੇ ਰੱਫੜਾਂ ਵਿਚਲੇ ਬੁਰਕਿਆਂ ਨੂੰ ਮਾਰਕਸਵਾਦੀ ਸਿਧਾਂਤ ਅਤੇ ਅਗਾਂਹਵਧੂ ਲੋਕਾਂ ਨੇ ਲੀਰੋ ਲੀਰ ਕਰ ਦਿੱਤਾ ਹੈ ਪਰ ਵਤਨੋਂ ਦੂਰ ਦੇ 2-4 ਛਾਪੇ ਪਰਚਿਆਂ ਨਾਲ ਹੀ ਸੰਪਾਦਕ ਇਨਕਲਾਬ ਵਿੱਚੋਂ ਵਜ਼ੀਰੀਆਂ ਭਾਲਦਾ ਹੈ। ਸੰਪਾਦਕ ਜੀ ਤੁਸੀਂ ਕਿਸੇ ਇਕ ਵੀ ਪਰਚੇ ਵਿੱਚ ਅਰਦਮਨ ਵਰਗੇ ਜਨੂੰਨੀ ਦਾ ਲੇਖ ਦਿਖਾ ਦਿਓ ਜਿਸ ਪਰਚੇ ਵਿਚਲੀ ਪਾਰਟੀ ਨੇ ਲੋਕਾਂ ਲਈ ਕੁਰਬਾਨੀਆਂ ਵਰਗਾ ਕੁਝ ਕੀਤਾ ਹੋਵੇ। ਕਿਸੇ ਵੀ ਪਰਚੇ ਦੀ ਉਦਾਹਰਣ ਦੇਣ ਲੱਗਿਆਂ ਜ਼ਰੂਰ ਉਸਦੇ ਮੌਜੂਦਾ ਸਟੈਂਡ ਨੂੰ ਵੀ ਧਿਆਨ ਵਿੱਚ ਰੱਖਣਾ ਨਹੀਂ ਤਾਂ ਉਸ ਤਰ੍ਹਾਂ ਹੀ ਦੂਸਰਿਆਂ ਦੇ ਨਾਵਾਂ ਨੂੰ ਵਰਤਣਾ ਲੋਕਾਂ ਲਈ ਖ਼ਤਰਨਾਕ ਅਤੇ ਤੁਹਾਡੇ ਲਈ ਵੱਡੀ ਮੌਕਾਪ੍ਰਸਤੀ ਹੋਵੇਗੀ- ਜਿਸ ਤਰ੍ਹਾਂ ਲੋਕਾਂ ਲਈ ਕੁਰਬਾਨੀਆਂ ਦੇਣ ਵਾਲਿਆਂ ਦੇ ਨਾਵਾਂ ਨੂੰ ਵਰਤਕੇ ਜਸਵੰਤ ਸਿੰਘ ਕੰਵਲ ਨੇ "ਲਹੂ ਦੀ ਲੋਅ" ਵਰਗੇ ਨਾਵਲਾਂ ਰਾਹੀਂ ਲੱਖਾਂ ਰੁਪਏ ਨਾਲ ਆਪਣੀਆਂ ਜੇਬਾਂ ਭਰੀਆਂ ਅਤੇ ਆਪਣੇ ਆਪ ਨੂੰ ਅਗਾਂਹਵਧੂ ਦਰਸਾਉਣ ਦੀ ਇਸ ਖ਼ਤਰਨਾਕ ਚਾਲ ਰਾਹੀਂ ਇਹ "ਸ਼ਹੀਦੇ-ਆਜ਼ਮ" (ਜ਼ਿੰਦਾ ਸ਼ਹੀਦ) ਉਸੇ ਨਾਵਲ ਵਿਚਲੇ ਪਾਤਰਾਂ ਉਪਰ ਜ਼ੁਲਮ ਢਾਉਣ ਵਾਲੇ ਟੌਹੜੇ- ਤਲਵੰਡੀ- ਬਾਦਲ ਵਰਗਿਆਂ ਵੱਲੋਂ ਦੁਬਾਰਾ ਲੋਕਾਂ ਨੂੰ ਕਤਲ ਕਰਾਉਣ ਲਈ ਫਿਰ ਤਾਕਤ ਜਾਗੀਰਦਾਰਾਂ (ਅਕਾਲੀਆਂ) ਦੇ ਹੱਥਾਂ ਵਿੱਚ ਦੇਣ ਲਈ ਹਾਲ ਦੁਹਾਈ ਪਾ ਰਿਹਾ ਹੈ। ਇਹ "ਕੰਵਲ" ਸਾਮਰਾਜਵਾਦੀ- ਜਾਗੀਰਦਾਰੀ ਦਾ ਹੱਥ ਠੋਕਾ ਜਨੂੰਨੀ ਜਰਨੈਲ ਸਿੰਘ ਭਿੰਡਰਾਂ ਵਾਲੇ ਨੂੰ ਗੁਰੂ ਗੋਬਿੰਦ ਸਿੰਘ ਅਤੇ ਬੰਦੇ ਬਹਾਦੁਰ ਤੋਂ ਉਪਰ ਹੋਣ ਦਾ ਪ੍ਰਚਾਰ ਕਰ ਰਿਹਾ ਹੈ (ਨੋਟ :- ਇੰਗਲੈਂਡ ਤੋਂ ਛਪਦੇ ਸਪਤਾਹਕ ਪੇਪਰ "ਦੇਸ ਪ੍ਰਦੇਸ" 'ਚੋਂ); ਵੈਨਕੂਵਰ ਤੋਂ ਕਨੇਡਾ ਦਰਪਣ ਵਰਗਾ ਪਰਚਾ ਚਾਰ ਟਕਿਆਂ ਖ਼ਾਤਰ ਜਨੂੰਨੀ ਤਲਵਿੰਦਰ ਸਿੰਘ ਦਾ ਪ੍ਰਚਾਰ ਕਰ ਰਿਹਾ ਹੈ।

ਮੇਰੇ ਆਪਣੇ ਖ਼ਿਆਲ ਹਨ ਕਿ ਸੰਪਾਦਕ ਜੀ, ਤੁਸੀਂ ਆਪਣਾ ਪਰਚਾ ਜਨੂੰਨੀਆਂ ਦੇ ਪੈਸਿਆਂ ਰਾਹੀਂ ਚਲਾਓ ਅਤੇ "ਮਾਰਕਸ" ਨੂੰ ਛੱਡ ਦਿਓ ਨਹੀਂ ਤਾਂ ਆਪਣੇ ਹੱਕਾਂ ਲਈ ਜੂਝਦੇ ਲੋਕ ਤੁਹਾਨੂੰ ਮਾਫ਼ ਨਹੀਂ ਕਰਨਗੇ।

— ਦੀਪ ਸਿੰਘ ਹੁਸੈਨਪੁਰ / ਅਗਸਤ 1983.
(Toronto, Ontario, Canada)

ਕੁਝ ਰੁਝੇਵਿਆਂ ਕਾਰਨ ਮੈਂ ਇਕਰਾਰ ਹੋਕੇ ਕੋਈ ਸੁਨੇਹਾ ਨਹੀਂ ਲਿਖ ਸਕਿਆ। ਹਾਲਾਂਕਿ ਮੈਂ ਮਹਿਸੂਸ ਕਰਦੈਂ ਕਿ ਕੈਨੇਡਾ ਵਿੱਚ ਛਪਦੇ ਸਾਰੇ ਪੰਜਾਬੀ ਪਰਚਿਆਂ ਵਿੱਚੋਂ 'ਵਤਨੋਂ ਦੂਰ' ਕਿਸੇ ਗੰਭੀਰ ਸੁਨੇਹੇ ਦਾ ਸਭ ਤੋਂ ਵੱਧ ਹੱਕਦਾਰ ਹੈ।

— ਜਰਨੈਲ ਸਿੰਘ / 10 ਅਗਸਤ 1983.
(Vancouver, B.C., Canada)

ਤੁਹਾਡੀ ਸੰਪਾਦਨਾ ਹੇਠਾਂ 'ਵਤਨੋਂ ਦੂਰ' 'ਤੇ ਮੁੜਕੇ ਨਿਖਾਰ ਆਇਆ ਹੈ। ਤੁਹਾਡੇ ਸੁਹਜ-ਸੁਆਦ ਦੀ ਛਾਪ ਇਸਦੀ ਪ੍ਰੋਡਕਸ਼ਨ ਤੇ ਗੈੱਟ-ਅਪ ਤੋਂ ਸਪੱਸ਼ਟ ਰੂਪ ਵਿੱਚ ਨਜ਼ਰ ਆਉਂਦੀ ਹੈ। ਤੁਹਾਡੇ ਸਭ ਹਿੰਮਤੀ ਨੌਜਵਾਨ ਲੇਖਕਾਂ/ਪਰਬੰਧਕਾਂ ਦੇ ਸਿਦਕ ਅਤੇ ਸਿਰੜ ਦੀ ਜਿੰਨੀ ਪ੍ਰਸੰਸਾ ਕੀਤੀ ਜਾਵੇ ਥੋੜੀ ਹੈ।

ਪਿਛਲੇ ਕੁਝ ਪਰਚਿਆਂ ਵਿੱਚ ਤੁਹਾਡੀ ਸੰਪਾਦਨ-ਕਲਾ ਵਿੱਚ ਵੀ ਨਿਖਾਰ ਆਇਆ ਲੱਗਦਾ ਹੈ। ਮੈਨੂੰ ਪੂਰਨ ਭਰੋਸਾ ਹੈ ਕਿ ਜੇ ਤੁਸੀਂ ਇਸੇ ਮਿਹਨਤ ਤੇ ਲਗਨ ਨਾਲ ਕੰਮ ਕਰਦੇ ਰਹੇ ਤਾਂ "ਵਤਨੋਂ ਦੂਰ" ਹਰ ਵਿਚਾਰ ਅਤੇ ਹਰ ਮੱਤ ਦੇ ਲੇਖਕਾਂ ਦਾ ਸਾਂਝਾ ਤੇ ਸਾਰਥਕ ਅਤੇ ਮਿਆਰੀ ਪਰਚਾ ਬਣ ਜਾਵੇਗਾ!

ਮੈਂ ਕੈਨੇਡਾ ਦੇ ਸਮੂਹ ਪੰਜਾਬੀ ਲੇਖਕਾਂ ਅਤੇ ਪਾਠਕਾਂ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਉਹ "ਵਤਨੋਂ ਦੂਰ" ਨੂੰ ਪੂਰਾ ਪੂਰਾ ਸਹਿਯੋਗ ਦੇਣ। ਪਰਚਾ ਤਾਂ ਹੀ ਆਪਣਾ ਬਣ ਸਕਦਾ ਹੈ ਜੇਕਰ ਅਸੀਂ ਸਭ ਲੇਖਕ ਤੇ ਪਾਠਕ ਆਪਣੇ ਫ਼ਰਜ਼ ਦਾ ਅਹਿਸਾਸ ਕਰਦੇ ਹੋਏ ਉਸਨੂੰ ਤਹਿ-ਦਿਲ ਤੋਂ ਸੁਹਿਰਦਤਾ ਨਾਲ ਅਪਣਾਈਏ।

— ਰਵਿੰਦਰ ਰਵੀ / 12 ਅਗਸਤ 1983.
(New Aiyansh, B.C., Canada)

ਹਮੇਸ਼ਾ ਇਕ ਫ਼ਿਕਰ ਰਹੀ ਹੈ ਆਪਣੇ ਕੱਚੇ ਪੱਕੇ ਖ਼ਿਆਲ ਸਾਂਝਿਆਂ ਕਰਨ ਦੀ, ਇਸੇ ਲਈ ਕਦੇ ਹਿੰਮਤ ਕਰਕੇ ਕੁਝ ਜ਼ਿਆਦਾ ਛਾਪਿਆ ਨਹੀਂ ਪਰ ਤੁਹਾਡੇ ਇਸਰਾਰ ਨੇ ਇਹ ਚੁੱਪ ਤੋੜ ਹੀ ਦਿੱਤੀ ਹੈ। ਕਾਹਲੀ ਵਿੱਚ ਕੁਝ ਕੁ ਨਜ਼ਮਾਂ ਭੇਜ ਰਹੀ ਹਾਂ ਜੋ ਵੀ ਮੁਨਾਸਬ ਸਮਝੋ ਛਾਪ ਦੇਣਾ ਵਰਨਾ ਜ਼ਰੂਰੀ ਨਹੀਂ। ਪਰਚੇ ਦੀ ਸਫਲਤਾ ਲਈ ਸ਼ੁਭ ਇਛਾਵਾਂ ਭੇਜਦੀ ਹਾਂ।

— ਰਜਿੰਦਰ / 15 ਅਗਸਤ 1983 / (Toronto, Ontario, Canada)

Many thanks for your invitation to contribute for the special number of your esteemed publication. Two poems are enclosed, so far unpublished. I am enclosing a copy of the magazine I edit (WRITER'S LIFELINE). Hope you'll like it. Thanks again for your invitation, and I am sure your special issue will be a complete success from every angle.

— Stephen GILL / August 18, 1983.
(Cornwall, Ontario, Canada)

ਕਵਿਤਾਵਾਂ ਨਾਲ ਤਿੰਨਾਂ ਕੋਲ ਭੇਜ ਦਿੱਤੀਆਂ ਸਨ - ਆਸ ਹੈ ਮਿਲ ਗਈਆਂ ਹੋਣਗੀਆਂ।

'ਦਰਪਣ' ਤੇ 'ਕੈਨੇਡਾ ਦਰਪਣ' ਦੋਵਾਂ ਦਾ ਬੋਝ ਤੰਗ ਕਰ ਰਿਹਾ ਹੈ। ਇਸ ਲਈ ਆਖ਼ਰ ਸਾਰੇ ਦੋਸਤਾਂ ਨੇ ਇਹ ਹੀ ਫ਼ੈਸਲਾ ਲਿਆ ਹੈ ਕਿ 'ਕੈਨੇਡਾ ਦਰਪਣ' ਵੀਕਲੀ ਕਰ ਦਿੱਤਾ ਜਾਵੇ ਤੇ 'ਵਤਨੋਂ ਦੂਰ' ਨੂੰ ਤੁਸੀਂ regularize ਕਰੋ। ਕੋਸ਼ਿਸ਼ ਇਹ ਹੋਵੇ ਕਿ ਇਸਨੂੰ ਮਾਸਕ ਰੂਪ ਦਿੱਤਾ ਜਾ ਸਕੇ। ਇਕ ਸਾਹਿਤਕ ਪੇਪਰ ਹੀ ਕੰਮ ਸਾਰ ਸਕਦਾ ਹੈ। 'ਕੈਨੇਡਾ ਦਰਪਣ' ਦੇ ਸਪੈਸ਼ਲ ਕਾਲਮ ਸਾਹਿਤ ਬਾਰੇ ਜਾਰੀ ਰੱਖੇ ਜਾ ਸਕਦੇ ਹਨ। 15 ਸਤੰਬਰ ਤੋਂ 'ਕੈਨੇਡਾ ਦਰਪਣ' ਵੀਕਲੀ ਹੋ ਜਾਏਗਾ। ਨਕਸਲਵਾਦ ਵਾਲੀ ਕਿਤਾਬ ਲਗਪਗ ਤਿਆਰ ਹੈ। ਉਸਨੂੰ ਏਥੇ ਹੀ ਛਾਪਣ ਦਾ ਪ੍ਰਬੰਧ ਕਰ ਰਿਹਾ ਹਾਂ। 'ਵਤਨੋਂ ਦੂਰ' ਤੇ ਕੁਝ ਜ਼ੋਰ ਹੋਰ ਲਾਓ ਤਾਂ ਕਿ ਘੱਟੋ ਘੱਟ ਇਕ ਪਰਚਾ ਤਾਂ ਕੰਮ ਦਾ ਬਣ ਸਕੇ।

— ਦਰਸ਼ਨ ਗਿੱਲ / 19 ਅਗਸਤ 1983.
(Vancouver, B.C., Canada)

**ਸੰਪਾਦਕੀ ਟਿੱਪਣੀ:** 'ਦਰਪਣ' ਵਿੱਚ ਪ੍ਰਕਾਸ਼ਤ ਹੋਣ ਵਾਲੇ ਖ਼ਤ ਮਾਮੂਲੀ ਸੰਪਾਦਨਾ ਕਰਕੇ ਵਿਆਕਰਣਕ ਗ਼ਲਤੀਆਂ ਸਮੇਤ ਹੂਬਹੂ ਅਤੇ ਆਮ ਤੌਰ 'ਤੇ ਖ਼ਤ ਲਿਖੇ ਜਾਣ ਦੀ ਤਾਰੀਖ ਅਨੁਸਾਰ ਛਾਪੇ ਜਾਂਦੇ ਹਨ (ਇਸ ਵਾਰ ਪਹਿਲੇ ਤਿੰਨ ਖ਼ਤਾਂ ਤੋਂ ਬਿਨਾਂ ਬਾਕੀ ਸਭ ਤਾਰੀਖ-ਅਨੁਸਾਰ ਹਨ) - ਇਹਨਾਂ ਖ਼ਤਾਂ ਜਾਂ ਵਿਚਾਰਾਂ ਨਾਲ ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ - ਜੇ ਕੋਈ ਖ਼ਤ-ਲੇਖਕ ਕਿਸੇ 'ਵਿਸ਼ੇ/ ਨੀਤੀ/ ਵਿਅਕਤੀ/ ਵਿਚਾਰਧਾਰਾ' ਬਾਰੇ ਕੋਈ ਕਿੰਤੂ ਕਰਦਾ ਹੈ ਤਾਂ ਅਸੀਂ ਸੰਬੰਧਤ ਵਿਅਕਤੀਆਂ ਨੂੰ ਖੁੱਲ੍ਹਾ ਸੱਦਾ ਦਿੰਦੇ ਹਾਂ ਕਿ ਉਹ ਆਪਣੇ ਵਿਚਾਰ ਸਪੱਸ਼ਟ ਕਰਨ ਜਿਸ ਨਾਲ ਉਸਾਰੂ ਬਹਿਸ ਛਿੜ ਸਕੇ। ਵਤਨੋਂ ਦੂਰ ਦਾ ਪਿਛਲੇ ਦਸ ਸਾਲਾਂ ਦਾ ਇਤਿਹਾਸ ਗਵਾਹ ਹੈ ਕਿ ਇਹ ਅਗਾਂਹਵਧੂ ਅਤੇ ਲੋਕ-ਹਿਤੂ ਵਿਚਾਰਾਂ ਨੂੰ ਪਹਿਲ ਦੇਣ ਵਾਲਾ ਸਾਹਿਤਕ ਅਤੇ ਸੱਭਿਆਚਾਰਕ ਪਰਚਾ ਹੈ - ਇਸ ਵਿੱਚ ਕਿਸੇ ਕਿਸਮ ਦੀ ਫ਼ਿਰਕਾਪ੍ਰਸਤੀ, ਅੰਧ ਵਿਸ਼ਵਾਸ, ਜਨੂੰਨ, ਜੱਬਰਵਾਦ ਅਤੇ ਲੱਚਰਵਾਦ ਲਈ ਕੋਈ ਥਾਂ ਨਹੀਂ। ਪਰਚੇ ਦੀ ਇਸ ਪਾਲਿਸੀ 'ਤੇ (ਜੋ ਅਦਾਰਾ ਵਤਨੋਂ ਦੂਰ ਦੇ ਮਿਹਨਤਕਸ਼ਾਂ ਦੀਆਂ ਲਿਖਤਾਂ/ ਟਿੱਪਣੀਆਂ ਅਤੇ ਸਾਡੇ ਸਥਾਈ ਕਾਲਮਾਂ ਵਿੱਚ ਹਰ ਥਾਂ ਰੂਪਮਾਨ ਹੁੰਦੀ ਹੈ) ਪਾਠਕਾਂ/ ਲੇਖਕਾਂ/ ਆਲੋਚਕਾਂ ਨੂੰ ਇਸ ਬਾਰੇ ਕੋਈ ਸ਼ੱਕ ਜਾਂ ਭੁਲੇਖਾ ਨਹੀਂ ਹੋਣਾ ਚਾਹੀਦਾ। ਕੈਨੇਡਾ ਦੇ ਵੱਖ ਵੱਖ ਹਿੱਸਿਆਂ ਵਿੱਚ ਬੈਠੇ ਮਿਹਨਤਕਸ਼ ਆਪੋ ਆਪਣੀ ਵਿੱਤ ਮੁਤਾਬਕ ਵਤਨੋਂ ਦੂਰ ਲਈ ਨਿਰੰਤਰ ਯਤਨਸ਼ੀਲ ਰਹਿੰਦੇ ਹਨ। ਜਨਵਰੀ 83 ਤੋਂ ਪਰਚੇ ਦੇ ਛਪਣ ਦੀ ਜਗ੍ਹਾ ਦੀ ਬਦਲੀ ਤੋਂ ਬਿਨਾਂ ਪਰਚੇ ਦੀ ਸੇਧ/ ਵਿਚਾਰਾਂ/ ਅਦਾਰੇ ਵਿੱਚ ਕੋਈ ਫ਼ਰਕ ਨਹੀਂ ਹੈ। ਆਪਣੇ ਪਾਠਕਾਂ/ ਲੇਖਕਾਂ ਦੇ ਸਹਿਯੋਗ ਅਤੇ ਹੁੰਗਾਰੇ ਸਦਕਾ ਅਸੀਂ ਵਤਨੋਂ ਦੂਰ ਨੂੰ ਛੇਤੀ ਹੀ ਦੋਮਾਸਕ ਤੋਂ ਮਾਸਕ ਪੱਤਰ ਬਣਾਉਣ ਬਾਰੇ ਗੰਭੀਰਤਾ ਨਾਲ ਸੋਚ ਰਹੇ ਹਾਂ।

ਸਾਡੇ ਇੱਕ ਪਾਠਕ ਦੀਪ ਸਿੰਘ ਨੇ ਪਿਛਲੇ ਅੰਕ 'ਚ ਸਫ਼ਾ 31 'ਤੇ ਛਪੀ ਸਾਡੀ ਟਿੱਪਣੀ ਵਿਚਲੇ ਨੁਕਤਿਆਂ ਨੂੰ ਤੋੜ ਮਰੋੜ ਕੇ ਮਨਚਾਹੇ ਸਿੱਟੇ ਕੱਢਣ ਦੀ ਕੋਸ਼ਿਸ਼ ਕੀਤੀ ਹੈ - ਅਸੀਂ ਉਨ੍ਹਾਂ ਨੂੰ ਸਾਡੇ ਵਿਚਾਰਾਂ ਨੂੰ ਦੁਬਾਰਾ ਚੰਗੀ ਤਰ੍ਹਾਂ ਪੜ੍ਹਨ/ ਘੋਖਣ ਦੀ ਸਲਾਹ ਦਿੰਦੇ ਹਾਂ। ਆਪਣੇ ਸੁਨੇਹੇ ਨੂੰ ਪਾਠਕਾਂ ਤੱਕ ਪਹੁੰਚਾਉਣ ਲਈ ਪੱਤਰਕਾਰੀ ਦੇ ਖੇਤਰ ਵਿੱਚ 'ਬਹਿਸ' ਇੱਕ ਪ੍ਰਮਾਣਤ ਢੰਗ ਹੈ। ਦੀਪ ਸਿੰਘ ਨੇ ਜੋ ਸੁਨੇਹਾ ਆਪਣੇ ਰਾਜਨੀਤਕ ਤਜਰਬੇ ਦੇ ਆਧਾਰ 'ਤੇ (ਉਹ ਟੋਰਾਂਟੋ ਵਿੱਚ ਇਪਾਨਾ ਦਾ ਸਰਗਰਮ ਮੈਂਬਰ ਹੈ) ਹੇਠ ਲਿਖੀਆਂ ਸਤਰਾਂ ਵਿੱਚ ਦਿੱਤਾ ਹੈ:

– "ਜਦੋਂ ਲੋਟੂਆਂ ਨੂੰ ਲੁੱਟੇ ਜਾ ਰਹੇ ਲੋਕਾਂ … … … … … … … … ਅਗਾਂਹਵਧੂ ਲੋਕਾਂ ਨੇ ਲੀਰੋ ਲੀਰ ਕਰ ਦਿੱਤਾ ਹੈ"
– "ਲੋਕਾਂ ਲਈ ਕੁਰਬਾਨੀਆਂ ਦੇਣ ਵਾਲਿਆਂ … … … … … … … … ਤਲਵਿੰਦਰ ਸਿੰਘ ਦਾ ਪ੍ਰਚਾਰ ਕਰ ਰਿਹਾ ਹੈ",

ਉਸ ਸੁਨੇਹੇ ਨੂੰ ਅਸੀਂ ਇਸ ਬਹਿਸ ਦੀ ਪ੍ਰਾਪਤੀ ਸਮਝਦੇ ਹੋਏ ਦੀਪ ਸਿੰਘ ਦਾ ਧੰਨਵਾਦ ਕਰਦੇ ਹਾਂ (ਸਾਡੇ ਪਾਠਕਾਂ ਤੱਕ ਵਿਚਾਰ ਪਹੁੰਚਾਉਣ ਲਈ) ਕਿਉਂਕਿ ਜ਼ਰੂਰੀ ਨਹੀਂ ਕਿ ਸਾਡੇ ਸਾਰੇ ਪਾਠਕਾਂ ਦੀ ਰਾਜਨੀਤਕ ਸੂਝ-ਬੂਝ ਦੀਪ ਸਿੰਘ ਵਰਗੀ ਹੋਵੇ - ਅਜਿਹੀਆਂ ਬਹਿਸਾਂ ਨੂੰ ਆਪਣੀਆਂ ਸਿਧਾਂਤਕ ਪੁਜ਼ੀਸ਼ਨਾਂ clear ਕਰਨ ਲਈ ਏਸੇ ਤਰ੍ਹਾਂ ਵਰਤਿਆ ਜਾਣਾ ਚਾਹੀਦਾ ਹੈ - ਇਸ ਨੁਕਤੇ ਨੂੰ ਸਮਝਣ ਦੀ ਲੋੜ ਹੈ!

ਉਪਰੋਕਤ ਵਿਚਾਰਾਂ ਤੋਂ ਬਿਨਾਂ ਦੀਪ ਸਿੰਘ ਨੇ ਵਿੰਗੇ ਟੇਢੇ ਢੰਗ ਨਾਲ ਸਾਡੇ 'ਤੇ ਦੂਸ਼ਣ ਵੀ ਲਾਏ ਹਨ ਕਿ ਅਸੀਂ "ਟੋਰਾਂਟੋ ਦੇ ਕਈ ਕਾਮਰੇਡਾਂ ਵਾਂਗ ਜਨੂੰਨੀਆਂ ਦੇ ਮੱਦਦਗਾਰ ਹਾਂ" ਅਤੇ "ਜਸਵੰਤ ਸਿੰਘ ਕੰਵਲ ਦੇ 'ਲਹੂ ਦੀ ਲੋਅ' ਵਾਂਗ ਲੱਖਾਂ ਰੁਪਏ ਕਮਾਉਣ ਦੀ ਲਾਲਸਾ ਰੱਖਦੇ ਹਾਂ" ਆਦਿ! ਫ਼ਿਲਹਾਲ ਅਸੀਂ ਇਹ ਕਹਾਂਗੇ ਕਿ ਪਹਿਲਾ ਦੂਸ਼ਣ ਬੇਬੁਨਿਆਦ ਹੈ ਅਤੇ ਦੂਜਾ ਦੂਸ਼ਣ ਜੇ ਸਹੀ ਹੁੰਦਾ ਤਾਂ ਅਸੀਂ ਕੋਲੋਂ ਪੈਸੇ ਅਤੇ ਸਮਾਂ ਖਰਚ ਕੇ (ਹੱਥ ਲਿਖਤ = 2 ਘੰਟੇ ਪ੍ਰਤੀ ਸਫ਼ਾ) ਪਰਚਾ ਕੱਢਣ ਦੀ ਥਾਂ ਪ੍ਰੈੱਸ ਲਾ ਕੇ 'ਲੱਖਾਂ' ਰੁਪਏ ਕਮਾ ਚੁੱਕੇ ਹੁੰਦੇ। (ਕੋਲੋਂ ਪੈਸੇ ਖਰਚ ਕਰਨ ਦੀਆਂ

ਫ਼ਿਲਹਾਲ 'ਕੇਵਲ' ਦੋ ਉਦਾਹਰਣਾਂ ਦੇ ਰਹੇ ਹਾਂ ਕਿ 1978 ਵਿੱਚ ਸਾਡੀ ਵੈਨਕੂਵਰ ਬਰਾਂਚ ਦੇ ਸੱਤ ਮੈਂਬਰਾਂ ਨੇ 6500 ਡਾਲਰ ਆਪਣੀਆਂ ਜੇਬਾਂ 'ਚੋਂ ਪਾਏ ਅਤੇ 1982-83 ਵਿੱਚ ਕੈਨੇਡਾ ਭਰ 'ਚੋਂ ਸਾਡੇ ਅਦਾਰੇ ਦੇ ਸੱਤ ਹੋਰ ਮਿਹਨਤਕਸ਼ਾਂ ਨੇ 3500 ਡਾਲਰ ਹੋਰ ਆਪਣੀਆਂ ਜੇਬਾਂ 'ਚੋਂ ਪਾਏ ਹਨ - 1973 ਵਿੱਚ 'ਵਤਨੋਂ ਦੂਰ' ਦੇ ਸ਼ੁਰੂ ਹੋਣ ਤੋਂ ਲੈਕੇ ਹੁਣ ਤੱਕ ਦੀ ਸਮੁੱਚੀ ਆਰਥਕ ਅਵੱਸਥਾ ਅਤੇ ਯੋਗਦਾਨ ਦਾ ਪੂਰਾ ਵੇਰਵਾ ਹੋਰ ਸੰਬੰਧਤ ਵੇਰਵੇ ਸਮੇਤ ਲੋੜ ਅਨੁਸਾਰ ਕਿਸੇ ਅਗਲੇ ਅੰਕ 'ਚ ਦਿੱਤਾ ਜਾਵੇਗਾ)! ਇੱਕ 'ਡਰੇ ਹੋਏ ਸੰਪਾਦਕ' ਨੂੰ ਜਨੂੰਨੀਆਂ ਦੇ ਪਸਤੌਲਾਂ 'ਤੋਂ "ਜਾਨ ਜਾਣ ਦਾ ਖ਼ਿਆਲ ਕਰ ਲੈਣ" ਦੀ 'ਅਗਾਂਹਵਧੂ ਹੱਲਾਸ਼ੇਰੀ' ਦੇਣ ਲਈ ਅਤੇ "ਪਰਚੇ ਨੂੰ ਜਨੂੰਨੀਆਂ ਦੇ ਪੈਸਿਆਂ ਨਾਲ ਚਲਾਉਣ ਅਤੇ 'ਮਾਰਕਸ' ਨੂੰ ਛੱਡ ਦੇਣ" ਦੀ 'ਲੋਕ-ਹਿੱਤੂ' ਸਲਾਹ ਦੇਣ ਲਈ ਅਸੀਂ ਦੀਪ ਸਿੰਘ ਦੇ 'ਹਾਰਦਿਕ ਧੰਨਵਾਦੀ' ਹਾਂ! ਵਤਨੋਂ ਦੂਰ ਦੇ ਮਿਹਨਤਕਸ਼ ਇਸਦੀ ਬੁਨਿਆਦੀ ਸੇਧ, ਅਤੇ ਸਿੱਟੇ ਵਜੋਂ ਪਿਛਾਂਹਖਿੱਚੂਆਂ, ਮੌਕਾਪ੍ਰਸਤਾਂ, ਫ਼ਿਰਕਾਪ੍ਰਸਤਾਂ, ਜਨੂੰਨੀਆਂ ਅਤੇ ਹੋਰ ਗ਼ੈਰ ਜ਼ਿੰਮੇਵਾਰ ਲੇਖਕਾਂ/ ਵਿਅਕਤੀਆਂ ਵੱਲੋਂ ਵਤਨੋਂ ਦੂਰ 'ਤੇ 'ਹੋਣ ਵਾਲੇ/ ਹੋ ਰਹੇ' ਵਾਰਾਂ ਬਾਰੇ ਕਿਸੇ ਸ਼ੱਕ ਵਿੱਚ ਨਹੀਂ ਹਨ।

ਇਹ ਵਿਚਾਰ ਪ੍ਰਗਟ ਕਰਕੇ ਅਸੀਂ ਬੇਲੋੜਾ ਬਚਾਊ (defensive) ਹੋਣ ਦਾ ਪ੍ਰਭਾਵ ਨਹੀਂ ਕਾਇਮ ਕਰਨਾ ਚਾਹੁੰਦੇ ਸਗੋਂ ਮਹਿਸੂਸ ਕਰਦੇ ਹਾਂ ਕਿ ਵਤਨੋਂ ਦੂਰ ਦੀ ਬੁਨਿਆਦੀ ਸੇਧ ਬਾਰੇ ਕੀਤੇ ਗਏ ਕਿੰਤੂਆਂ ਦਾ ਸਪੱਸ਼ਟੀਕਰਨ ਦੇਣਾ ਸਾਡਾ ਫ਼ਰਜ਼ ਬਣਦਾ ਹੈ। ਸਾਨੂੰ ਉਪਰੋਕਤ ਟਿੱਪਣੀ ਬਾਰੇ ਆਪਣੇ ਪਾਠਕਾਂ/ ਲੇਖਕਾਂ ਦੇ ਪ੍ਰਤੀਕਰਮ ਦੀ ਉਡੀਕ ਰਹੇਗੀ।

— (ਸੁਰਿੰਦਰ ਧੰਜਲ/ ਸਤਵੰਤ ਦੀਪਕ)

●

## DOSANJH & PIRANI
LAWYERS

ਐਕਸੀਡੈਂਟਾਂ ਵਿੱਚ ਸੱਟਾਂ ਲੱਗਣ ਤੇ ਇਨਸ਼ੋਰੈਂਸ ਦੇ ਕੇਸਾਂ ਲਈ ਫੋਨ ਕਰੋ ਅਤੇ ਮਿਲੋ:

ਉਜੱਲ ਦੋਸਾਂਝ
ਅਤੇ
ਵਕੀਲ ਮਹਿਬੂਬ ਪਿਰਾਨੀ

#202 - 5887 VICTORIA DR.
VANCOUVER, B.C.

PHONE: 327-6381

## VICON MEDIC PHARMACY

ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :

TEL: 324-3177

KENNY K. H. NG B.Sc. (PHARM.) R.P.E.B.C.

PAUL C. Y. FU B.Sc. (PHARM.) R.P.E.B.C.

6407 MAIN ST.
VANCOUVER, B.C.

## PAUL'S
*PLUMBING & ELECTRICAL SUPPLY*



'OPEN ON SUNDAYS TOO'

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.

*Contact Paul At:*
*4774 Main St. (at 32nd) Vancouver, B.C.*
*PH: 872-3118* Supply
*872-7227* Service

## CHANA MASONRY LTD.

9823 - 80 AVE
GRANDE PRAIRIE,
ALBERTA

(403) 532-1246

# HIMALAYA RESTAURANT LTD.

6595 Main Street
Phone: 324-6514

2313 Main Street,
Phone: 876-2911

VANCOUVER, B.C.



KEWAL SINGH PABLA

## PABLA'S VIKING INN

**828 East Hastings**

**Call 324 - 6514**



JAGMOHAN SINGH PABLA

**Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.**

## ਮਠਿਆਈ ਦੀ ਮਸ਼ਹੂਰ ਦੂਕਾਨ

# S&S Insurance SERVICES



ਹਰਦੇਵ ਗਿੱਲ 590-2058

**6679 MAIN STREET - 2nd FLOOR (at 51st. Ave)**

**VANCOUVER, B.C.**

TEL: 324-2311



ਦਲਜੀਤ ਸਿੱਧੂ 324-2311

***GET YOUR*** autoplan ***AND HOME INSURANCE***

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ ਕਰੋ। ਅਸੀਂ ਇਨਕਮ ਟੈਕਸ ਸਬੰਧੀ ਆਪ ਦੀਆਂ ਲੋੜਾਂ ਵੀ ਪੂਰੀਆਂ ਕਰਾਂਗੇ

*Enquire about Added Autoplan Protection Benefits from us:*

- UNDER INSURED MOTORIST PROTECTION
- INCOME REPLACEMENT
- LOSS OF USE
- FREE AUTOPLAN MOTORIST KIT

***Income Tax Services also available***

ਸਚਾਈ ਕਾਲਮ :

– ਗੁਰਸ਼ਰਨ ਸਿੰਘ –

# ਵਤਨ ਦੀ ਵਾਅ

(ਪਿਛਲੇ ਕੁਝ ਮਹੀਨਿਆਂ ਦੀ ਕੈਨੇਡਾ-ਫੇਰੀ ਦੌਰਾਨ ਨਾਟਕਕਾਰ ਗੁਰਸ਼ਰਨ ਸਿੰਘ ਉੱਤੇ ਕੈਨੇਡਾ ਦੀਆਂ ਸਮਾਜਕ, ਰਾਜਨੀਤਕ, ਸਾਹਿੱਤਕ, ਸੱਭਿਆਚਾਰਕ ਅਤੇ ਧੱਰਮਕਾਰਕ ਸਰਗਰਮੀਆਂ ਬਾਰੇ ਜੋ ਪ੍ਰਭਾਵ ਪਏ, ਉਹ ਉਨ੍ਹਾਂ ਦੇ ਪਰਚੇ ਸਮਤਾ (ਅੰਮ੍ਰਿਤਸਰ) ਵਿੱਚ ਸੰਪਾਦਕੀ ਟਿੱਪਣੀਆਂ ਵਜੋਂ ਛਪਦੇ ਰਹੇ ਹਨ।

ਸਮਤਾ (ਜੁਲਾਈ 83) ਦੀਆਂ ਸੰਪਾਦਕੀ ਟਿੱਪਣੀਆਂ (ਕੈਨੇਡਾ ਦੀ ਡਾਇਰੀ) ਗੁਰਸ਼ਰਨ ਸਿੰਘ ਨੇ ਜੂਨ ਦੇ ਪਹਿਲੇ ਹਫ਼ਤੇ ਵੈਨਕੂਵਰ ਤੋਂ ਲਿਖਕੇ ਭੇਜੀਆਂ ਸਨ ਅਤੇ ਅਗਸਤ 83 ਦਾ ਸੰਪਾਦਕੀ, 6 ਜੁਲਾਈ 83 ਨੂੰ ਟੋਰਾਂਟੋ ਤੋਂ। ਗੁਰਸ਼ਰਨ ਸਿੰਘ ਵਰਗੀ ਜ਼ਿੰਮੇਵਾਰ ਸ਼ਖਸੀਅਤ ਦੀਆਂ ਇੰਨਾਂ ਲਿਖਤਾਂ ਵਿੱਚ ਕੈਨੇਡਾ ਦੇ ਨਾਲ ਨਾਲ ਹਿੰਦੁਸਤਾਨ (ਖਾਸ ਕਰਕੇ ਪੰਜਾਬ) ਦੇ ਹਾਲਾਤਾਂ ਬਾਰੇ ਵੀ ਮਹੱਤਵਪੂਰਨ ਤੱਥ ਸ਼ਾਮਲ ਹਨ – ਇਸ ਲਈ ਅਸੀਂ ਇੰਨ੍ਹਾਂ ਨੂੰ ਆਪਣੇ ਸਚਾਈ ਕਾਲਮ 'ਵਤਨ ਦੀ ਵਾਅ' ਵਿੱਚ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। – ਸਾਧੂ ਬਿੰਨਿੰਗ)

## ੧. ਸੰਪਾਦਕੀ ਟਿੱਪਣੀਆਂ (ਕੈਨੇਡਾ ਦੀ ਡਾਇਰੀ) / (ਸਮਤਾ - ਜੁਲਾਈ 83)

ਕੈਨੇਡਾ ਦੀ ਧਰਤੀ ਤੇ ਪੰਜਾਬੀਆਂ ਦੀ ਭਰਵੀਂ ਵਸੋਂ ਹੈ। ਇਥੋਂ ਦੀ ਇਪਾਨਾ ਸੰਸਥਾ (Ipana—Indian Peoples' Association in North America) ਦੇ ਸੱਦੇ ਤੇ ਮੈਂ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਆਪਣੀ ਨਾਟਕ ਟੋਲੀ ਦੇ ਨਾਲ ਇਥੇ ਪੁੱਜਿਆ ਹਾਂ। ਪਿਛਲੇ 15 ਦਿਨਾਂ ਤੋਂ ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿਚ ਰਹਿੰਦਿਆਂ ਮੈਨੂੰ ਇਥੋਂ ਦੀ ਜ਼ਿੰਦਗੀ ਵੇਖਣ ਦਾ ਮੌਕਾ ਮਿਲਿਆ ਹੈ। ਆਪਣੇ ਪ੍ਰਭਾਵ ਸਮਤਾ ਦੇ ਪਾਠਕਾਂ ਨਾਲ ਜ਼ਰੂਰ ਸਾਂਝੇ ਕਰਨਾ ਚਾਹਾਂਗਾ।

- ਵੈਨਕੂਵਰ ਸ਼ਹਿਰ ਕਾਰਾਂ ਦਾ ਸ਼ਹਿਰ ਹੈ। ਇਹਦੀਆਂ ਸੜਕਾਂ ਤੇ ਕਾਰਾਂ ਹੀ ਕਾਰਾਂ ਦੌੜਦੀਆਂ ਹਨ। ਨਾ ਕੋਈ ਪੈਦਲ ਦਿਸਦਾ ਹੈ, ਨਾ ਕੋਈ ਸਕੂਟਰ ਜਾਂ ਸਾਈਕਲ ਤੇ ਜਾਂ ਰਿਕਸ਼ਾ ਤੇ। ਟਾਂਵਾਂ ਟਾਂਵਾ ਕੋਈ ਸਾਈਕਲ ਚਲਾਂਦਾ ਦਿਸਦਾ ਹੈ ਤਾਂ ਦਸਿਆ ਗਿਆ ਕਿ ਉਹ ਇਹ ਸਾਈਕਲ ਵਰਜਿਸ਼ ਦੇ ਲਈ ਚਲਾ ਰਿਹਾ ਹੈ। ਕਾਲਜ ਯੂਨੀਵਰਸਿਟੀ ਦੇ ਵਿਦਿਆਰਥੀਆਂ ਕੋਲ ਵੀ ਕਾਰਾਂ ਹੀ ਹਨ। ਕਾਰਾਂ ਤੇ ਹੀ ਉਹ ਯੂਨੀਵਰਸਿਟੀ ਕਾਲਜ ਜਾਂਦੇ ਹਨ। ਸਾਧਾਰਨ ਪੰਜਾਬੀ ਟੱਬਰਾਂ ਦੇ ਘਰਾਂ ਵਿਚ ਕਾਰਾਂ ਖਲੋਤੀਆਂ ਹਨ, ਜਿਸ ਤਰ੍ਹਾਂ ਸਾਡੇ ਘਰਾਂ ਵਿਚ ਸਾਈਕਲ ਹੁੰਦੇ ਹਨ। ਉਹਨਾਂ ਦੇ ਮਕਾਨ ਵੀ ਆਪਣੇ ਹਨ ਬਹੁਤ ਵਧੀਆ ਫਰਨੀਚਰ ਨਾਲ ਸਜੇ ਹੋਏ। ਬਿਜਲੀ ਦੇ ਨਾਲ ਚਲਣ ਵਾਲੇ ਚੁਲ੍ਹੇ, ਰੈਫਰੀਜੇਟਰ ਹਰ ਘਰ ਵਿਚ ਹਨ। ਗੁਸਲ-ਖਾਨਿਆਂ ਵਿਚ ਗਰਮ ਤੇ ਠੰਡਾ ਪਾਣੀ ਹਰ ਵੇਲੇ ਚਲਦਾ ਹੈ। ਸਟੋਰਾਂ ਦੇ ਸਟੋਰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਨਾਲ ਭਰੇ ਹਨ, ਏਨੀ ਅਮੀਰੀ ਵੇਖ ਕੇ ਅੱਖਾਂ ਚੁੰਧਿਆ ਜਾਂਦੀਆਂ ਹਨ। ਤਿੰਨ ਚਾਰ ਦਿਨਾਂ ਵਿਚ ਹੀ ਸਾਰੇ ਉਹ ਜ਼ਾਹਰਾ ਕਾਰਨ ਦਿਸ ਪਏ ਹਨ ਜਿਹੜੇ ਹਿੰਦੋਸਤਾਨੀਆਂ ਲਈ ਇਸ ਦੇਸ਼ ਵਿਚ ਆਉਣ ਦੀ ਖਿੱਚ ਰਖਦੇ ਹਨ। ਅੱਖਾਂ ਤਰਸ ਗਈਆਂ ਕਿ ਕੋਈ ਗਰੀਬ ਆਦਮੀ ਵੀ ਦਿਸੇ। ਪਰ ਸਵਾਲ ਪੁਛਣ ਤੇ ਹੌਲੇ ਹੌਲੇ ਅਸਲੀਅਤ ਸਾਹਮਣੇ ਆਉਣ ਲੱਗੀ ਹੈ। ਇਹ ਕਾਰਾਂ, ਇਹ ਮਕਾਨ ਸਭ ਬੈਂਕਾਂ ਦੀ ਮਲਕੀਅਤ ਹਨ, ਹਰ ਚੀਜ਼ ਲੈਣ ਲਈ ਤੁਹਾਨੂੰ ਬੈਂਕਾਂ ਤੋਂ ਕਰਜ਼ਾ ਮਿਲ ਸਕਦਾ ਹੈ। ਹਰ ਮਹੀਨੇ ਤੁਹਾਨੂੰ ਕਿਸ਼ਤਾਂ ਤਾਰਨੀਆਂ ਪੈਂਦੀਆਂ ਹਨ। ਇਹ ਕਿਸ਼ਤਾਂ ਤੁਹਾਡੇ ਸਿਰ ਤੇ ਤਲਵਾਰ ਬਣਕੇ ਲਟਕਦੀਆਂ ਰਹਿੰਦੀਆਂ ਹਨ। ਉਤੋਂ ਤੁਸੀਂ ਰਾਜੇ ਹੋ, ਵਿਚੋਂ ਤੁਸੀਂ ਨੰਗ ਹੋ। ਇਹ ਕਿਸ਼ਤਾਂ ਦਾ ਫਿਕਰ ਤੁਹਾਨੂੰ ਐਸੇ ਚੱਕਰ ਵਿਚ ਪਾਈ ਰਖਦਾ ਹੈ ਕਿ ਤੁਸੀਂ ਜ਼ਿੰਦਗੀ ਬਾਰੇ ਕੁਝ ਸੋਚ ਹੀ ਨਹੀਂ ਸਕਦੇ। ਤੁਹਾਡੀਆਂ ਸਮਾਜਕ ਕਦਰਾਂ ਕੀਮਤਾਂ ਨੂੰ ਢਾਅ ਵਜਦੀ ਹੈ। ਤੁਸੀਂ ਇਹਨਾਂ ਕਦਰਾਂ ਕੀਮਤਾਂ ਨੂੰ ਪੈਸੇ ਦੀ ਸ਼ਕਲ ਵਿਚ ਵੇਖਣਾ ਸ਼ੁਰੂ ਕਰ ਦੇਂਦੇ ਹੋ। ਇਕ ਸੁਆਰਥੀ ਜਿਹਾ ਤੁਹਾਡਾ ਕਿਰਦਾਰ ਬਣ ਜਾਂਦਾ ਹੈ। ਬੈਂਕਾਂ ਦਾ ਚੱਕਰ, ਜਿਹੜਾ ਸਰਮਾਏਦਾਰੀ ਸਿਸਟਮ ਦਾ ਵੱਡਾ ਚਿੰਨ੍ਹ ਹੈ, ਇਹਦਾ ਅਸਰ ਸਾਡੇ ਪੰਜਾਬ ਦੇ ਪਿੰਡਾਂ ਦੀ ਜ਼ਿੰਦਗੀ ਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ, ਪਰ ਕੈਨੇਡਾ ਵਰਗੀ ਧਰਤੀ ਤੇ ਇਹ ਆਪਣੇ ਸਿਖਰਾਂ ਤੇ ਹੈ।

- ਤਿੰਨ ਚਾਰ ਦਿਨ ਦੀ ਅਮੀਰੀ ਠਾਠ ਵੇਖਣ ਦੇ ਬਾਅਦ ਉਹਨਾਂ ਫਾਰਮਾਂ ਨੂੰ ਵੇਖਣ ਦਾ ਮੌਕਾ ਮਿਲਿਆ ਹੈ ਜਿੱਥੇ ਆਪਣੇ ਪੰਜਾਬੀ ਭੈਣ ਭਰਾ ਖੇਤ ਮਜ਼ਦੂਰਾਂ ਵਾਂਗੂ ਕੰਮ ਕਰਦੇ ਹਨ। ਇਹਨਾਂ ਫਾਰਮਾਂ ਦੇ ਮਾਲਕ ਗੋਰੇ ਵੀ ਹਨ ਤੇ ਪੰਜਾਬੀ ਵੀ ਹਨ। ਇਹ ਪੰਜਾਬੀ ਖੇਤ ਮਜ਼ਦੂਰ ਫਾਰਮਾਂ ਦੇ ਕੈਬਿਨਾਂ ਵਿਚ ਵੀ ਰਹਿੰਦੇ ਹਨ ਅਤੇ ਜੇ ਉਹਨਾਂ ਦੇ ਰਹਿਣ ਦਾ ਆਪਣਾ ਬੰਦੋਬਸਤ ਹੈ ਤਾਂ ਉਹ ਟਰੱਕਾਂ (ਜਿੰਨਾ ਨੂੰ ਇਥੇ ਟਰੱਕੀਆਂ ਕਹਿੰਦੇ ਹਨ) ਵਿਚ ਭਰਕੇ ਫਾਰਮਾਂ ਵਿਚ ਲਿਜਾਂਦੇ ਜਾਂਦੇ ਹਨ। ਇਹਨਾਂ ਵਿਚ ਬਹੁਤੇ ਬੁੱਢੇ

ਤੇ ਔਰਤਾਂ ਹਨ, ਜਿਨ੍ਹਾਂ ਕੋਲੋਂ ਠੇਕੇ ਤੇ ਕੰਮ ਲਿਆ ਜਾਂਦਾ ਹੈ। ਇਥੋਂ ਦੇ ਸਟੈਂਡਰਡ ਅਨੁਸਾਰ ਇਹਨਾਂ ਦੀ ਰਹਿਣੀ ਸਹਿਣੀ ਅਤੇ ਕੰਮ ਦੀ ਹਾਲਤ ਵੇਖਕੇ ਆਪਣੇ ਪਿੰਡਾਂ ਵਿਚ ਕੰਮ ਕਰਦੇ ਭਈਏ ਯਾਦ ਆ ਜਾਂਦੇ ਹਨ। ਦਸਿਆ ਗਿਆ ਹੈ ਕਿ ਬਜ਼ੁਰਗ ਜਿਹੜੇ ਕੰਮ ਪਏ ਕਰਦੇ ਨੇ, ਇਹ ਆਪਣੇ ਪਿੰਡਾਂ ਦੇ ਚੰਗੇ ਖਾਂਦੇ ਪੀਂਦੇ ਹਨ। ਕੋਈ ਰੀਟਾਇਰਡ ਥਾਨੇਦਾਰ, ਕੋਈ ਪਟਵਾਰੀ ਅਤੇ ਕੋਈ ਫੌਜੀ ਅਫਸਰ ਹੈ। ਆਪਣੇ ਪੁੱਤਰ ਧੀਆਂ ਦੇ ਸੱਦੇ ਤੇ ਇੱਥੇ ਆਏ ਹਨ ਪਰ ਇੱਥੋਂ ਦੀ ਮਹਿੰਗੀ ਜ਼ਿੰਦਗੀ ਵਿਚ ਆਪਣੇ ਆਪ ਨੂੰ ਕਾਇਮ ਰਖਣ ਵਾਸਤੇ ਜਾਂ ਆਪਣੀ ਜ਼ਿੰਦਗੀ ਨੂੰ ਰੁਝਿਆਂ ਰੱਖਣ ਵਾਸਤੇ ਇਹਨਾ ਨੂੰ ਇਹ ਖੇਤਾਂ ਦੀ ਮਜ਼ਦੂਰੀ ਕਰਨੀ ਪੈ ਰਹੀ ਹੈ। ਇਹਨਾ ਵਿਚੋਂ ਬਹੁਤੇ ਉਹ ਹਨ, ਜਿਨ੍ਹਾਂ ਨੇ ਪੰਜਾਬ ਵਿਚ ਕਦੀ ਖੇਤਾਂ ਵਿਚ ਕੰਮ ਨਹੀਂ ਕੀਤਾ। ਜੇ ਉਹ ਪਿੰਡਾਂ ਵਿਚੋਂ ਵੀ ਆਏ ਹਨ ਤਾਂ ਵੀ ਉਹ ਹਨ, ਜਿਨ੍ਹਾਂ ਨੇ ਆਪਣੇ ਖੇਤਾਂ ਵਿਚ ਆਪ ਕੰਮ ਨਹੀਂ ਕੀਤਾ, ਸਗੋਂ ਹੋਰਨਾ ਕੋਲੋਂ ਕੰਮ ਕਰਵਾਇਆ ਹੀ ਹੈ। ਇਹ ਆਪਣੇ ਘਰਾਂ ਵਿਚ ਹੁੰਦੇ ਤੇ ਇਹਨਾਂ ਦੇ ਪੁੱਤਰ ਧੀ ਵੀ ਉਥੇ ਹੁੰਦੇ ਤਾਂ ਇਹ ਆਪਣੇ ਘਰਾਂ ਵਿਚ ਮੁਹਤਬਰ ਜ਼ਿੰਦਗੀ ਗੁਜ਼ਾਰ ਰਹੇ ਹੁੰਦੇ। ਇਹ ਇਥੇ ਨਰਕਾਂ ਵਰਗੀ ਜ਼ਿੰਦਗੀ ਕਿਉਂ ਕੱਟ ਰਹੇ ਹਨ? ਇਹਨਾਂ ਦੇ ਪੁਤਰ ਧੀਆਂ ਇਥੇ ਆਏ ਤੇ ਉਹਨਾਂ ਦਾ ਮੋਹ ਵੀ ਉਹਨਾ ਨੂੰ ਇਥੇ ਲੈ ਆਇਆ। ਚੰਗੀ ਜ਼ਿੰਦਗੀ ਜੀਣ ਲਈ ਬਹੁਤ ਸਾਰੇ ਡਾਲਰ ਚਾਹੀਦੇ ਹਨ। (ਇਥੇ ਇਹਨਾ ਨੂੰ ਡਾਲੇ ਕਿਹਾ ਜਾਂਦਾ ਹੈ) ਤੇ ਉਹ ਕਮਾਉਣ ਲਈ ਬੁਢਿਆਂ ਅਤੇ ਤੀਵੀਆਂ ਨੂੰ ਵੀ ਸਖਤ ਮੇਹਨਤ ਕਰਨੀ ਪੈਂਦੀ ਹੈ। ਕੈਨੇਡਾ ਵਿਚ ਇਹਨਾਂ ਫਾਰਮ ਵਰਕਰਾਂ ਦੀ ਜ਼ਿੰਦਗੀ ਬਾਰੇ ਆਨੰਦ ਪਤਵਰਧਨ ਦੀ ਬਣਾਈ ਹੋਈ ਇਕ ਫਿਲਮ 'ਉਠਨ ਦਾ ਵੇਲਾ' ਵੀ ਵੇਖਣ ਦਾ ਮੌਕਾ ਮਿਲਿਆ ਹੈ। ਇਹ ਫਿਲਮ ਹਿੰਦੋਸਤਾਨ ਵੀ ਪਹੁੰਚੀ ਹੈ। ਪਹਿਲੇ ਸਰਕਾਰ ਵੱਲੋਂ ਇਹਦੀ ਨੁਮਾਇਸ਼ ਤੇ ਪਾਬੰਦੀ ਲਗਾ ਦਿੱਤੀ ਸੀ। ਕਾਰਨ ਇਹ ਦਸਿਆ ਸੀ ਕਿ ਇਹਦੇ ਕਰਕੇ ਹਿੰਦੋਸਤਾਨ ਦੇ ਕੈਨੇਡਾ ਸਰਕਾਰ ਨਾਲ ਤੁਅਲਕ ਵਿਗੜਣ ਦਾ ਅੰਦੇਸ਼ਾ ਹੈ। ਇਥੇ ਆ ਕੇ ਪਤਾ ਲੱਗਾ ਕਿ ਇਹ ਫਿਲਮ ਬਨਾਉਣ ਲਈ ਕੈਨੇਡਾ ਸਰਕਾਰ ਦੇ ਇਕ ਅਦਾਰੇ ਨੇ ਸਗੋਂ ਮਾਲੀ ਸਹਾਇਤਾ ਵੀ ਦਿਤੀ। ਇਹ ਫਿਲਮ ਜਿਥੇ ਫਾਰਮ ਵਰਕਰਾਂ ਦੀ ਜ਼ਿੰਦਗੀ ਦੇ ਯਥਾਰਥ ਨੂੰ ਪੇਸ਼ ਕਰਦੀ ਹੈ, ਉਥੇ ਉਹਨਾ ਦੇ ਯੂਨੀਅਨ ਬਨਾਉਣ ਦੇ ਸੰਘਰਸ਼ ਨੂੰ ਵੀ ਦਰਸਾਂਦੀ ਹੈ ਤਾਂ ਜੋ ਉਹ ਆਪਣੀ ਜ਼ਿੰਦਗੀ ਨੂੰ ਠੇਕੇਦਾਰਾਂ ਅਤੇ ਅਮੀਰ ਫਾਰਮਾਂ ਦੀ ਲੁੱਟ ਖਸੁੱਟ ਤੋਂ ਬਚਾ ਸਕਣ। ਔਲਾਦ ਦਾ ਮੋਹ ਇਹਨਾਂ ਬਜ਼ੁਰਗਾਂ ਨੂੰ ਕੈਨੇਡਾ ਵਿਚ ਨਰਕੀ ਜ਼ਿੰਦਗੀ ਜਿਉਣ ਲਈ ਮਜਬੂਰ ਕਰ ਰਿਹਾ ਹੈ। ਇਹ ਬਜ਼ੁਰਗ ਇਥੇ ਖੁਸ਼ ਨਹੀਂ ਹਨ। ਵਾਪਸ ਜਾਣ ਜੋਗੇ ਵੀ ਨਹੀਂ ਹਨ। ਉਹਨਾ ਦੇ ਉਦਾਸ ਚਿਹਰੇ ਉਹਨਾਂ ਦੀ ਮਜਬੂਰੀ ਦਸ ਰਹੇ ਹਨ। ਧੀਆਂ ਪੁੱਤਰ ਉਹਨਾ ਦੇ ਇਥੇ ਹਨ। ਵਾਪਸ ਜਾਣ ਤਾਂ ਬਜ਼ੁਰਗਾਂ ਦੀ ਉਥੇ ਦੇਖ ਭਾਲ ਕੌਣ ਕਰੇ? ਪੰਜਾਬ ਵਿਚ ਕਿਹੜਾ ਸਵਰਗ ਉਹਨਾਂ ਨੂੰ ਉਡੀਕਦਾ ਹੈ? ਬਜ਼ੁਰਗ ਔਰਤਾਂ ਹਨ। ਉਹਨਾਂ ਦੇ ਪੁੱਤਾਂ ਧੀਆਂ ਨੇ ਬੁਲਾਇਆ ਹੈ, ਉਹਨਾਂ ਨੇ ਬੱਚੇ ਸਾਂਭਣੇ ਹਨ ਕਿਉਂਕਿ ਪਤੀ ਪਤਨੀ ਦੋਨਾ ਨੇ ਕੰਮ ਤੇ ਜਾਣਾ ਹੈ। ਬੱਚਿਆਂ ਦੀ ਸੰਭਾਲ ਲਈ ਤਾਂ ਚਾਹੀਦਾ ਹੈ। ਬੱਚੇ ਵੱਡੇ ਹੋ ਗਏ ਹਨ। ਹੁਣ ਉਹ ਬਜ਼ੁਰਗ ਔਰਤ ਕੀ ਕਰੇ? ਭਾਵੇਂ ਨਿੱਕੇ ਹੁੰਦਿਆਂ ਨਾਨੀ ਦਾਦੀ ਨੇ ਪਾਲੇ ਹਨ ਪਰ ਹੁਣ ਦੋਹਤੇ ਦੋਹਤੀਆਂ ਪੋਤਰੇ ਪੋਤਰੀਆਂ ਦੀ ਨਾਨੀ ਦਾਦੀ ਨਾਲ ਕੋਈ ਸਾਂਝ ਨਹੀਂ। ਘਰ ਬੈਠੀਆਂ ਕੀ ਕਰਨ? ਕਿਉਂ ਨਾ ਖੇਤਾਂ ਵਿਚ ਕੁਝ ਕੰਮ ਕਰ ਲੈਣ। ਕੁਝ ਤਾਂ 'ਡਾਲੇ' ਆਉਣਗੇ। ਅੱਖਾਂ ਵਿਚ ਉਦਾਸੀਆਂ ਲਈ ਉਹ ਜੀ ਰਹੇ ਹਨ। ਜੜ੍ਹਾਂ ਤੋਂ ਉਖੜੇ ਪੌਦੇ ਕਦੋਂ ਤਕ ਹਰਿਆਵਲ ਕਾਇਮ ਰੱਖ ਸਕਦੇ ਹਨ? ਆਖ਼ਰ ਉਹਨਾਂ ਨੇ ਮੁਰਝਾਣਾ ਹੀ ਹੈ।

- ਵੈਨਕੂਵਰ ਹਾਲ ਵਿਚ ਰਾਤੀਂ ਡਰਾਮਾ ਕੀਤਾ ਹੈ। ਹਾਲ ਖਚਾ ਖੱਚ ਭਰਿਆ ਹੈ। ਬਹੁਤ ਸਾਰੇ ਲੋਕਾਂ ਨੂੰ ਸੀਟਾਂ ਨਹੀਂ ਮਿਲੀਆਂ। ਉਹ ਖੜੇ ਹੋ ਨਾਟਕ ਵੇਖ ਰਹੇ ਹਨ। ਬਹੁਤ ਸਾਰਿਆਂ ਨੂੰ ਵਾਪਸ ਪਰਤਣਾ ਪਿਆ ਹੈ। ਚਾਂਦਨੀ ਚੌਕ ਤੋਂ ਸਰਹਿੰਦ ਤੱਕ, ਟੋਆ ਅਤੇ ਮਿੱਟੀ ਦਾ ਮੁਲ ਨਾਟਕ ਕੀਤੇ ਗਏ ਹਨ। ਪੰਜਾਬ ਦਾ ਇਤਿਹਾਸ, ਦੇਸ਼ ਦੀ ਅਜੋਕੀ ਹਾਲਤ, ਪੰਜਾਬ ਦੇ ਪਿੰਡਾਂ ਦੀ ਜ਼ਿੰਦਗੀ ਦਾ ਯਥਾਰਥ ਪੇਸ਼ ਕੀਤਾ ਗਿਆ ਹੈ। ਦੇਸੋਂ ਦੂਰ ਬੈਠੇ ਆਪਣੇ ਲੋਕਾਂ ਨੇ ਨਾਟਕਾਂ ਨੂੰ ਭਰਪੂਰ ਹੁੰਗਾਰਾ ਦਿੱਤਾ ਹੈ। ਇਧਰ ਦੇ ਲੋਕ ਵੀ ਉਤਸ਼ਾਹ ਵਿਚ ਹਨ। ਕਲਾਕਾਰਾਂ ਦਾ ਹੌਸਲਾ ਵੀ ਵਧਿਆ ਹੈ। ਅਗਲੇ ਦਿਨ ਟੈਲੀਫੂਨ ਆ ਰਹੇ ਹਨ। ਰਾਤ ਦੇ ਪ੍ਰੋਗਰਾਮ ਦੀ ਭਰਪੂਰ ਚਰਚਾ ਹੈ। ਇਕ ਕੁੜੀ ਦੀ ਆਵਾਜ਼ ਹੈ। ਨਾਂ ਨਹੀਂ ਦੱਸ ਰਹੀ। ਪਟਿਆਲਾ ਯੂਨੀਵਰਸਟੀ ਵਿਚ ਉਹਨੇ ਸਾਡੇ ਨਾਟਕ ਵੇਖੇ ਹਨ। ਭਾਅ ਜੀ ਕਹਿ ਕੇ ਬੁਲਾਇਆ ਹੈ। ਦੱਸਣ ਲੱਗੀ, ਰਾਤੀਂ ਨਾਟਕ ਵੇਖਕੇ ਆਪਣਾ ਦੇਸ, ਆਪਣਾ ਘਰ ਯਾਦ ਆ ਗਿਆ ਹੈ। ਪੜ੍ਹੀ ਲਿਖੀ ਕੁੜੀ ਹੈ। ਇਥੋਂ ਦੇ ਇਕ ਮੁੰਡੇ ਨਾਲ ਵਿਆਹੀ ਗਈ ਹੈ। ਮੁੰਡਾ ਦੇਸ ਗਿਆ, ਅੰਗਰੇਜ਼ੀ ਬੋਲਦਾ ਸੀ, ਆਪਣੇ ਬਾਰੇ ਦਸਿਆ ਕਿ ਚੰਗੀ ਨੌਕਰੀ ਤੇ ਲਗਿਆ ਹੋਇਆ ਹੈ। ਕਾਰ ਕੋਲ ਹੈ। ਮਾਪਿਆਂ ਨੇ ਯੋਗ ਵਰ ਸਮਝਕੇ ਵਿਆਹ ਦਿੱਤੀ। ਕੈਨੇਡਾ ਆ ਗਈ ਹੈ। ਬੜੇ ਚਾਅਵਾਂ ਨਾਲ। ਪਰ ਇਥੇ ਆ ਕੇ ਉਮੀਦਾਂ ਨਾਲੋਂ ਜ਼ਿੰਦਗੀ ਬਿਲਕੁਲ ਵੱਖਰੀ ਹੈ। ਮੈਨੂੰ ਕਹਿੰਦੀ ਹੈ 'ਭਾਅ ਜੀ ਜਦੋਂ ਦੇਸ ਵਾਪਸ ਜਾਵੋਂ, ਨਾਟਕ ਕਰੋਂ ਤਾਂ ਥਾਂ ਥਾਂ ਲੋਕਾਂ ਨੂੰ ਆਖੋ—ਕੈਨੇਡਾ ਵਲ ਕਿਉਂ ਧਾ ਧਾਕੇ ਪਏ ਆਂਦੇ ਹੋ? ਇਥੇ ਕੀ ਪਿਆ ਹੈ? ਜੇ ਚੰਗੀ ਜ਼ਿੰਦਗੀ ਦੀ ਤਲਾਸ਼ ਹੈ ਤਾਂ ਇਥੇ ਉਹ ਨਹੀਂ ਮਿਲਣੀ। ਕਿਉਂ ਨਾ ਸੰਘਰਸ਼ ਕਰਕੇ ਉਥੇ ਹੀ ਆਪਣੀ ਜ਼ਿੰਦਗੀ ਨੂੰ ਚੰਗਾ ਬਣਾਇਆ ਜਾਏ? ਇਹੋ ਜਿਹੇ ਵਿਚਾਰ ਹੋਰ ਵੀ ਨੌਜਵਾਨਾਂ ਨੇ

ਪ੍ਰਗਟਾਏ ਹਨ।

- ਇਪਾਨਾ ਦੇ ਸੱਦੇ ਤੇ ਕੈਨੇਡਾ ਆਏ ਹਾਂ। ਇਹ ਸੰਸਥਾ ਜਿਥੇ ਕੈਨੇਡਾ ਵਿਚ ਰਹਿ ਰਹੇ ਭਾਰਤੀਆ ਨੂੰ ਜਮਹੂਰੀ ਕਦਰਾਂ ਕੀਮਤਾ ਦੇ ਦੁਆਲੇ ਇਕੱਠੇ ਕਰਨ ਦਾ ਉਪਰਾਲਾ ਕਰਦੀ ਹੈ, ਉਹ ਹਿੰਦੋਸਤਾਨ ਦੀ ਜਮਹੂਰੀ ਲਹਿਰ ਵਿਚ ਆਪਣਾ ਹਿੱਸਾ ਪਾਉਂਦਾ ਹੈ। ਨਸਲਵਾਦ ਵਿਰੁਧ ਸੰਘਰਸ਼ ਕਰਨਾ ਇਹਨਾਂ ਦਾ ਟੀਚਾ ਹੈ। ਇਸ ਮਸਲੇ ਤੇ ਕੈਨੇਡਾ ਵਿਚ ਕੰਮ ਕਰ ਰਹੀਆਂ ਹੋਰ ਜਥੇਬੰਦੀਆਂ ਨਾਲ ਵੀ ਇਹਨਾਂ ਦਾ ਤਾਲਮੇਲ ਹੈ। ਹਿੰਦੋਸਤਾਨ ਤੋਂ ਬਾਹਰ ਰਹਿ ਰਹੇ ਹਿੰਦੋਸਤਾਨੀਆਂ ਲਈ ਦੂਹਰੀ ਸ਼ਹਿਰੀਅਤ ਦੀ ਮੰਗ ਨੂੰ ਲੈਕੇ ਲੋਕ ਰਾਇ ਨੂੰ ਲਾਮਬੰਦ ਕਰਨ ਵਿਚ ਸਰ-ਗਰਮ ਹਨ। ਇਪਾਨਾ ਦੇ ਉਘੇ ਵਰਕਰ ਅਤੇ ਫਾਉਂਡਰ ਪ੍ਰੈਜ਼ੀਡੈਂਟ ਡਾਕਟਰ ਹਰੀ ਸ਼ਰਮਾ ਦੇ ਘਰ ਹੀ ਅਸੀਂ ਠਹਿਰੇ ਹਾਂ। ਇਥੋਂ ਦੀ ਸਾਈਮਨ ਫਰੇਜ਼ਰ ਯੂਨੀਵਰਸਟੀ ਵਿਚ ਇਹ ਸੋਸ਼ਿਆਲੋਜੀ ਦੇ ਪ੍ਰੋਫੈਸਰ ਹਨ। ਹਿੰਦੀ ਸਾਹਿਤ ਦੇ ਮੰਨੇ ਹੋਏ ਕਹਾਣੀ ਲੇਖਕ ਹਨ। 'ਮਿੱਟੀ ਦੀ ਲੋਥ', ਇਹਨਾਂ ਦਾ ਪਹਿਲਾ ਕਹਾਣੀ ਸੰਗ੍ਰਹਿ ਸੀ। ਦੂਜਾ ਸੰਗ੍ਰਹਿ 'ਵਾਪਸੀ' ਵੀ ਛਪ ਰਿਹਾ ਹੈ। ਹੋਰਨਾਂ ਜ਼ਬਾਨਾਂ ਵਿਚ ਵੀ ਇਹਨਾਂ ਦੀਆਂ ਕਹਾਣੀਆਂ ਦਾ ਅਨੁਵਾਦ ਹੋਇਆ ਹੈ। ਬੰਗਾਲੀ ਵਿਚ ਇਹਨਾਂ ਦੀਆਂ ਕਹਾਣੀਆਂ ਨੂੰ ਉਲਥਾਕੇ ਇਕ ਵੱਡੇ ਅਦਾਰੇ ਨੇ ਛਾਪਿਆ ਹੈ। ਹਿੰਦੀ ਦੇ ਪ੍ਰਤੀਨਿਧ ਹਿੰਦੀ ਕਹਾਣੀ ਦੇ ਸੰਗ੍ਰਹਿ ਵਿਚ ਇਹਨਾਂ ਦੀ ਕਹਾਣੀ 'ਵਾਪਸੀ' ਨੂੰ ਚੁਣਿਆ ਗਿਆ ਹੈ। ਅੰਗਰੇਜ਼ੀ ਵਿਚ ਵੀ ਇਹ ਕਹਾਣੀ ਟਰਾਂਟੋ ਸਾਊਥ ਏਸ਼ੀਆ ਰੀਵਿਊ ਵਿਚ ਛਾਪੀ ਗਈ ਹੈ। ਸਮਤਾ ਮਾਰਚ 1983 ਵਿਚ ਕਹਾਣੀ 'ਮਾਲਕ ਕੌਣ' ਛਪੀ ਸੀ, ਜਿਹੜੀ ਪਾਠਕਾਂ ਵਲੋਂ ਬੜੀ ਸਲਾਹੀ ਗਈ ਸੀ। ਵੈਨਕੂਵਰ ਸ਼ਹਿਰ ਵਿਚ ਇਹ ਆਪਣੇ ਆਪ ਵਿਚ ਇਕ ਸੰਸਥਾ ਹਨ। ਨਸਲੀ ਵਿਤਕਰੇ ਵਿਰੁਧ ਸੰਘਰਸ਼ ਦੇ ਇਕ ਕਾਮੇ ਹਨ। ਕੈਨੇਡਾ ਦੇ ਅਗਾਂਹ ਵਧੂ ਸੋਚਣੀ ਦੇ ਕੈਨੇਡੀਅਨ ਲੋਕਾਂ ਅਤੇ ਕਈ ਸੰਸਥਾਵਾਂ ਨਾਲ ਇਹਨਾਂ ਦਾ ਸਰ-ਗਰਮ ਰਿਸ਼ਤਾ ਹੈ। ਪੰਜਾਬੀ ਘਰਾਂ ਵਿਚ ਇਹਨਾਂ ਦਾ ਵਿਸ਼ੇਸ਼ ਸਤਿਕਾਰ ਹੈ। ਬਹੁਤ ਸਾਰੇ ਬੱਚਿਆਂ ਦੇ ਇਹ ਤਾਇਆ ਜੀ ਕਹਿਲਾਂਦੇ ਹਨ। ਇਹਨਾਂ ਦੇ ਘਰ ਰਹਿੰਦਿਆਂ ਇੰਝ ਲਗਦਾ ਹੈ ਜਿਸ ਤਰ੍ਹਾਂ ਆਪਣੇ ਘਰ ਰਹਿ ਰਹੇ ਹਾਂ। ਕਿਚਨ ਵਿਚ, ਕਮਰਿਆਂ ਦੀ ਸਫਾਈ ਵਿਚ, ਬਾਗ ਬਗੀਚੇ ਦੀ ਸਫਾਈ ਵਿਚ ਕਲਾਕਾਰ ਉਹਨਾਂ ਦਾ ਹਿੱਸਾ ਵੰਡਾ ਰਹੇ ਹਨ। ਘਰ ਆਪਣੇ ਆਪ ਵਿਚ ਇਕ ਵੱਡੀ ਲਾਇਬ੍ਰੇਰੀ ਹੈ। ਦੁਨੀਆਂ ਭਰ ਦਾ ਮਾਰਕਸੀ ਸਾਹਿਤ ਮਾਰਕਸ, ਲੈਨਿਨ, ਸਟਾਲਿਨ, ਮਾਓ ਦੀਆ ਲਿਖਤਾਂ ਦੇ ਪੂਰੇ ਸੈਟ ਅਤੇ ਦੁਨੀਆਂ ਭਰ ਦੇ ਮਾਰਕਸੀ ਬੁੱਧੀਜੀਵਾਂ ਵਲੋਂ ਮਾਰਕ-ਸਿਜ਼ਮ ਦੀ ਵਿਆਖਿਆ ਦੀਆਂ ਦਰਜਨਾ ਕਿਤਾਬਾਂ ਇਹਨਾਂ ਕੋਲ ਪਈਆਂ ਹਨ। ਦੁਨੀਆਂ ਵਿਚ ਕਮਿਊ-ਨਿਸਟ ਲਹਿਰ ਦੇ ਵੱਖ ਵੱਖ ਰੁਝਾਣਾਂ ਦਾ ਇਹਨਾਂ ਨੂੰ ਪੂਰਾ ਗਿਆਨ ਹੈ। ਵਿਚਾਰ ਵਟਾਂਦਰੇ ਵਿਚ ਬੜੀ ਖੁਲ੍ਹੀ ਪ੍ਰਜ਼ੈਸ਼ਨ ਲੈਂਦੇ ਹਨ। ਇਪਾਨਾ ਨੂੰ ਹਿੰਦੋਸਤਾਨ ਦੇ ਇਨਕਲਾਬ ਨਾਲ ਜੋੜਨ ਦੇ ਹਾਮੀ ਹਨ। ਇਸ ਬਹੁਪੱਖੀ ਸ਼ਖਸੀਅਤ ਨਾਲ ਏਨੇ ਦਿਨ ਇਕੱਠੀਆਂ ਰਹਿਣਾ ਜ਼ਿੰਦਗੀ ਦੀਆਂ ਚੰਗੀਆ ਯਾਦਾਂ ਵਿਚੋਂ ਇਕ ਯਾਦ ਬਣਕੇ ਰਹੇਗਾ।

ਡਾਕਟਰ ਹਰੀ ਸਰਮਾ ਤੋਂ ਇਲਾਵਾ ਇਪਾਨਾ ਦੇ ਹੋਰ ਸਾਥੀਆਂ ਦਾ ਸਾਥ ਮਾਨਣ ਦਾ ਮੌਕਾ ਮਿਲਿਆ ਹੈ।

ਇਪਾਨਾ ਦੇ ਪ੍ਰਧਾਨ ਹਰਿੰਦਰ ਮਾਹਲ ਇਕ ਗੰਭੀਰ ਸਾਥੀ ਹਨ। ਜਥੇਬੰਦਕ ਕੰਮਾ ਲਈ ਉਹਨਾਂ ਦੀ ਕਾਬਲੀਅਤ ਦਾਦ ਦੇਣ ਵਾਲੀ ਹੈ। ਤਿੰਨ ਸਾਲ ਪਹਿਲੇ ਹਿੰਦੋਸਤਾਨ ਆਏ ਸਨ ਤਾਂ ਇਹਨਾ ਨਾਲ ਪਹਿਲੀ ਮੁਲਾਕਾਤ ਹੋਈ ਸੀ। ਹਿੰਦੋਸਤਾਨ ਦੀ ਆਪਣੀ ਫੇਰੀ ਵੇਲੇ ਇਹ ਇਕ ਰੈਲੀ ਨੂੰ ਸੰਬੋਧਨ ਕਰਕੇ ਵਾਪਸ ਆ ਰਹੇ ਸਨ ਜਦੋਂ ਬਾਘਾ ਪੁਰਾਣਾ ਥਾਣੇ ਵਿਚ ਇਹਨਾ ਨਾਲ ਵਹਿਸ਼ਿਆਨਾ ਸਲੂਕ ਕੀਤਾ ਗਿਆ ਸੀ। ਨਤੀਜੇ ਵਜੋਂ ਦੁਨੀਆਂ ਦੇ ਜਮ-ਹੂਰੀ ਹਲਕਿਆ ਵਿਚ ਗੁਸੇ ਦੀ ਲਹਿਰ ਦੌੜ ਗਈ ਸੀ ਅਤੇ ਹਿੰਦੋਸਤਾਨ ਸਰਕਾਰ ਅਗੇ ਬੜਾ ਰੋਸ ਪ੍ਰਗਟ ਕੀਤਾ ਗਿਆ ਸੀ। ਰਾਜ ਚੌਹਾਨ, ਸਰਵਨ ਬੋਪਾਲ, ਸਤਿੰਦਰ ਸਿੱਧੂ, ਗੁਰਨਾਮ, ਨਿਰਮਲ, ਜਗਦੀਸ਼ ਕਿੰਨੇ ਹੀ ਸਾਥੀ ਹਨ ਜੋ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਿਚ ਵੀ ਕੰਮ ਕਰਦੇ ਹਨ ਤੇ ਇਪਾਨਾ ਦੀਆਂ ਸਰਗਰਮੀਆਂ ਵਿਚ ਵੀ ਹਿੰਸਾ ਲੈਂਦੇ ਹਨ। ਪੈਸਾ ਪ੍ਰਧਾਨ ਸਮਾਜ ਵਿਚ ਆਪਣੀ ਰੋਜ਼ੀ ਲਈ ਸਖਤ ਮੇਹਨਤ ਕਰਨ ਦੇ ਬਾਅਦ ਵੀ ਸਿਆਸੀ ਅਤੇ ਸਮਾਜਕ ਕੰਮਾਂ ਵਿਚ ਇਹਨਾਂ ਸਾਥੀਆ ਦਾ ਇਸ ਲਗਨ ਨਾਲ ਕੰਮ ਕਰਨਾ ਉਤਸ਼ਾਹ ਦੇਂਦਾ ਹੈ...

- ਪੰਜਾਬੀ ਲੇਖਕ ਅਜਮੇਰ ਰੋਡੇ ਦੇ ਘਰ ਗਏ ਹਾਂ। ਉਹਦੀ ਪਤਨੀ ਸੁਰਜੀਤ ਕਲਸੀ ਵੀ ਇਕ ਲੇਖਿਕਾ ਹੈ। ਪੰਜਾਬੀ ਅਤੇ ਅੰਗਰੇਜ਼ੀ ਵਿਚ ਲਿਖਦੀ ਹੈ। ਵੈਨਕੂਵਰ ਦੀਆਂ ਸਭਿਆਚਾਰਕ ਸਰਗਰਮੀਆਂ ਵਿਚ ਉਹਨਾਂ ਦੀ ਵਿਸ਼ੇਸ਼ ਭੂਮਿਕਾ ਹੈ। ਉਹ ਕਾਫੀ ਸਾਲਾਂ ਤੋਂ ਇਥੇ ਹਨ। ਜਦੋਂ ਅਸੀਂ ਇਥੇ ਪੁਜੇ ਹੀ ਸਾਂ ਤਾਂ ਉਹਨਾਂ ਦੇ ਭਾਰਤੀ ਨਾਟ ਕੇਂਦਰ ਵਲੋਂ ਇਕ ਸਭਿਆਚਾਰਕ ਪ੍ਰੋਗਰਾਮ ਵੇਖਿਆ ਸੀ। ਉਸ ਵਿਚ ਅਜਮੇਰ ਔਲਖ ਦਾ ਨਾਟਕ 'ਤੂੜੀ ਵਾਲਾ ਕੋਠਾ' ਵੇਖਿਆ। ਸੀਮਤ ਸਾਧਨਾਂ ਦੇ ਹੁੰਦਿਆਂ ਵੀ ਪੰਜਾਬ ਦੀ ਜ਼ਿੰਦਗੀ ਦਾ ਯਥਾਰਥ ਉਸਾਰਨ ਦਾ ਇਕ ਸਫਲ ਉਪਰਾਲਾ ਸੀ। ਕਿਤਾਬਾਂ ਦੇ ਸੈਲਫ ਤੇ ਪੰਜਾਬੀ ਅਤੇ ਅੰਗਰੇਜ਼ੀ ਸਾਹਿਤ ਦੀਆਂ ਕਿਤਾਬਾ ਵੇਖ ਕੇ ਖੁਸ਼ੀ ਹੋਈ ਹੈ। ਸਾਹਿਤ ਇਕ ਐਸਾ ਮਾਧਿਅਮ ਹੈ, ਜੋ ਵਿਸ਼ਵ ਭਰ ਦੇ ਲੋਕਾਂ ਨੂੰ ਆਪਸ ਵਿਚ ਜੋੜਦਾ ਹੈ। ਤੁਹਾਨੂੰ ਜੀਣ ਲਈ ਪ੍ਰੇਰਨਾ ਦੇਂਦਾ ਹੈ। ਇਕ ਵਿਸ਼ਵਾਸ ਦੇਂਦਾ ਹੈ। ਇਸ ਸਾਹਿਤਕਾਰ ਜੋੜੇ ਨੂੰ ਮਿਲਕੇ ਖੁਸ਼ੀ ਹੋਈ ਹੈ।

• 'ਵਤਨੋਂ ਦੂਰ' ਵਾਰਿਆ ਛੁਲਾਇਆ ਹੈ। ਕੈਨੇਡਾ ਵਿਚੋਂ ਨਿਕਲਦੇ ਇਹ ਸਾਹਿਤਕ ਪੱਤਰ ਨੇ ਕਿੰਨੇ ਹੀ ਸਾਲਾਂ ਤੋਂ ਕੈਨੇਡਾ ਅਤੇ ਪੰਜਾਬ ਦੇ ਸਾਹਿਤਕਾਰਾਂ ਨੂੰ ਆਪਸ ਵਿਚ ਜੋੜਿਆ ਹੋਇਆ ਹੈ। ਸੁਰਿੰਦਰ ਧੰਜਲ, ਅਜਮੇਰ ਰੋਡੇ, ਇਕਬਾਲ ਰਾਮੂਵਾਲੀਆ, ਸਾਧੂ ਸੁਖਿੰਦਰ, ਅਮਰਜੀਤ ਚਾਹਲ ਸੁਖਵੰਤ ਹੁੰਦਲ, ਸਾਰੇ ਹੀ ਸਾਹਿਤਕਾਰ ਵਤਨੋਂ ਦੂਰ ਵਿਚ ਲਿਖਦੇ ਹਨ। ਵਤਨੋਂ ਦੂਰ ਬੈਠੇ ਇਹਨਾਂ ਸਾਹਿਤਕਾਰਾਂ ਨੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ ਹੈ। ਵਤਨੋਂ ਦੂਰ ਦੀਆਂ ਪਿਛਲੀਆਂ ਫਾਈਲਾਂ ਮੇਜ਼ ਤੇ ਪਈਆਂ ਹਨ। ਇਕ ਨਜ਼ਰ ਵੇਖਦਿਆਂ ਹੀ ਬੇਹਤਰੀਨ ਪੰਜਾਬੀ ਸਾਹਿਤ [illegible] ਹਨ, ਜਿੰਨ੍ਹਾਂ ਵਿਚ [illegible] ਸਾਰੀਆਂ ਵਿਸ਼ੇਸ਼-ਤਾਈਆਂ [illegible] ਕਵਿਤਾਵਾਂ ਵਿਚੋਂ ਕੁਝ ਚੋਣਵੀਆਂ ਕਵਿਤਾਵਾਂ '[illegible]' ਵਿਚ [illegible] ਹਨ। ਇਸ ਵਿਚ [illegible] ਸਮਾਜਕ ਚੇਤਨਤਾ ਚਣੌਤੀ, 'ਵਿਸ਼ਵਾਸ ਦੀ ਸੁਰ' ਹੈ।

**ਯਥਾਰਥ**

ਸੁਤੰਤਰਤਾ ?<br>
ਸੁਤੰਤਰਤਾ ਕੀ ?<br>
ਸੁਤੰਤਰਤਾ ਕੀ ਜੀਭ ਦੀ ?<br>
ਸੁਤੰਤਰਤਾ ਕੀ ਜੀਭ ਦੀ ਕਲਮ ਦੀ ?<br>
ਸੁਤੰਤਰਤਾ ਕੀ ਜੀਭ ਦੀ ਕਲਮ ਦੀ ? ਕਦੋਂ ਮਿਲੀ<br>
ਸੁਤੰਤਰਤਾ ਕੀ ਜੀਭ ਦੀ, ਕਲਮ ਦੀ ? ਕਦੋਂ ਮਿਲੀ<br>
ਜੇ ਮਿਲੀ<br>
ਤਾਂ ਗੰਦੇ ਨਾਲੇ ਦੇ ਪੁਤ ਹੋਣ ਜੰਮੇ ਪੂਲ ਹੋਣ<br>
ਬੁਢੇ ਹੋਏ ਰਾਮੂੰ ਨੂੰ ਕੀ।

'ਅਜਮੇਰ ਰੋਡੇ'

**ਇਕ ਹੋਰ ਯਥਾਰਥ :**

ਤੇਰਾ ਖਤ ਆਇਆ<br>
ਤੂੰ ਵੀ ਚਾਹੁੰਦਾ ਉਡਾਰੀ ਲਾਉਣੀ<br>
ਤੇਰੇ ਸੁਪਨਿਆਂ ਵਿਚ ਵੀ<br>
ਸੋਨੇ ਦੇ ਵਾਲਾਂ ਵਾਲੀ ਪਰੀ ਆਉਣ ਲੱਗ ਪਈ ਹੈ।<br>
ਅੱਗੇ ਚਲਕੇ ਤੂੰ ਲਿਖਿਆ<br>
ਯਾਰ !<br>
ਇਥੇ ਤਾਂ ਜੀਣ ਦਾ ਕੋਈ ਹੱਜ ਨਹੀਂ।<br>
ਪਹਿਲਾ ਜੋ ਹੁੰਦੀਆਂ ਸੀ<br>
ਛੋਟੀਆਂ ਛੋਟੀਆਂ ਜਹਿਰੀ ਬੂਟੀਆਂ<br>
ਹੁਣ ਉਹ ਬਣ ਗਈਆ ਨੇ<br>
ਖੇਤਾਂ ਵਿਚ ਬੜੇ ਬੜੇ ਛੋਰ ਵਾਲੇ ਬਿਰਖ...<br>
ਦੋਸਤਾ ਪਰ<br>
[illegible]<br>
[illegible]<br>
[illegible]<br>
ਇਕ ਵਾਰ ਮੁਹਿਮ ਚੱਲੀ ਸੀ<br>
ਵੱਢ ਘੱਤੀ ਸੀ ਉਨ੍ਹਾਂ<br>
ਖੇਤਾਂ ਵਿਚਲੀ ਸਾਰੀ ਪੱਠਲੀ।<br>
ਤੇਰੀ ਇਕ ਮਹਾਂਦੀਪ ਤੋਂ<br>
ਦੂਜੇ ਤਕ ਦੀ ਉਡਾਰੀ<br>
ਉਨ੍ਹਾਂ ਚਿਰ ਕੁਝ ਨਹੀਂ ਸੁਆਰ ਸਕਦੀ<br>
ਜਦ ਤਕ ਉਹ ਜੰਡ ਨਹੀਂ ਵੱਢਿਆ ਜਾਂਦਾ<br>
ਜਿਥੇ ਅੱਜ ਵੀ ਮਿਰਜ਼ੇ ਦੀ ਅੱਖ ਲੱਗ ਜਾਂਦੀ ਹੈ।

'ਅਮਰਜੀਤ ਚਾਹਲ—ਤੇਰਾ ਖਤ'

**ਸਮਾਜਕ ਚੇਤਨਤਾ**

ਚਲੋ ਮੈਂ ਆਪਣੇ ਬਾਪ ਤੋਂ ਹੀ ਸ਼ੁਰੂ ਕਰਦਾ ਹਾਂ<br>
ਜਿਸਦੀ ਸੱਠ ਹਾੜੀਆਂ ਉਮਰ<br>
[illegible]<br>
ਜ਼ਿੰਦਗੀ ਦੀ ਗੇਂਦ<br>
ਉਹਦੇ ਅਗਾੜੀ ਪੌੜੀਆਂ ਉਤਰਦੀ ਗਈ<br>
ਤੇ ਉਸਦਾ ਪਿੱਛਾ ਕਰਦਾ ਕਰਦਾ<br>
ਉਹ ਬਹੁਤ ਡੂੰਘਾ ਗਰਕਦਾ ਗਿਆ<br>
ਰਿਸ਼ਵਤ ਦੇ ਮੋਰਾਂ ਤੋਂ ਉਭਰਿਆ<br>
ਸਰਕਾਰੀ ਕਰਜ਼ਿਆ ਦਾ ਜਲਾਦ<br>
ਉਸਦੇ ਅਲਗੋਜ਼ਿਆਂ ਦੀ ਧੂਣੀ ਸੇਕਦਾ ਰਿਹਾ<br>
ਤੇ ਉਸਦੇ ਗੀਤਾ ਦੀਆਂ ਤਿੱਤਲੀਆਂ ਦੇ ਖੰਭ<br>
ਉਡੂੰ ਉਡੂੰ ਕਰਦੇ ਹੀ ਪਥਰਾ ਗਏ<br>
ਸੰਗੀਤ ਉਸਨੂੰ ਮਸਕਰੀ ਤੋਂ ਵੱਧ<br>
ਕੁਝ ਵੀ ਨਾ ਕਰ ਸਕਿਆ।<br>
.........<br>
ਬਹੁਤ ਵਾਰੀ ਝੰਡਿਆਂ ਦੀਆਂ ਜੰਗਾਲੀਆਂ ਬਰਛੀਆਂ<br>
ਉਹਦੀ ਖੋਪੜੀ 'ਚ ਖੁਭੀਆਂ<br>
ਚੋਣ ਨਿਸ਼ਾਨਾ ਦੀ ਭੀੜ<br>
ਉਹਦੀਆ ਅੱਖਾਂ ਉਤੇ ਗੜੇ ਮਾਰ ਕਰਦੀ ਰਹੀ<br>
ਤੇ ਪੰਜ ਪੰਜ ਸਾਲ<br>
ਉਹ ਜਿਸਮ ਦੇ ਚਿਪਕੇ ਇਸ਼ਤਿਹਾਰਾਂ ਨੂੰ ਖਰੋਚਦਾ ਰਿਹਾ<br>
ਤੇ ਝੰਡਿਆਂ ਦੀਆਂ ਮੇਖਾਂ ਪੁੱਟਣ ਲਈ ਧੌਝਲਦਾ ਰਿਹਾ<br>
ਦਿੱਲੀ ਦਾ ਗ਼ੈਰ ਹਾਜ਼ਰ ਪੰਜਾ<br>
ਉਹਦੀ ਘੰਡੀ ਦਾ ਉਭਾਰ ਮਾਪਦਾ ਰਿਹਾ<br>
ਉਂਝ ਇਹ ਦਾਸਤਾਨ ਕਿਸੇ ਦੀ ਵੀ ਹੋ ਸਕਦੀ ਹੈ<br>
ਪਰ ਮੈਂ ਆਪਣੇ ਬਾਪ ਤੋਂ ਹੀ ਸ਼ੁਰੂ ਕਰਦਾ ਹਾਂ।

'ਇਕਬਾਲ ਰਾਮੂਵਾਲੀਆ—ਦਾਸਤਾਨ'

**ਚਣੌਤੀ**

ਸਾਡੇ ਬਾਰੇ ਤਾਂ ਤੁਸੀਂ ਅਕਸਰ<br>
ਕੁਝ ਨਾ ਕੁਝ ਫਰਮਾਉਂਦੇ ਹੀ ਰਹਿੰਦੇ ਹੋ...<br>
[illegible]<br>
ਜਾਂ ਇੰਝ ਕਹਿ ਲਵੋ<br>
ਤੁਹਾਡੇ ਬਾਰੇ ਅਸੀਂ ਵੀ ਕੁਝ 'ਫਰਮਾਉਣਾ' ਚਾਹੁੰਦੇ ਹਾਂ<br>
ਤੁਸੀਂ ਦਸਦੇ ਹੋ 'ਅਸੀਂ ਬਦਲ ਨਹੀਂ ਸਕਦੇ'<br>
ਪਰ ਜਿੰਨਾ ਅਸੀਂ ਪਿੰਡੋਂ ਤੁਰਕੇ<br>
ਵੈਨਕੂਵਰ ਤੱਕ ਬਦਲ ਜਾਂਦੇ ਹਾਂ<br>
ਤੁਸੀ ਤਿੰਨਾ ਸਦੀਆ 'ਚ ਨਹੀਂ ਬਦਲੇ।<br>
ਸਾਡੀਆਂ ਸਾੜ੍ਹੀਆਂ ਸਲਵਾਰਾ<br>
ਤੁਹਾਡੇ ਮਾਂਗਵੇਂ ਸਭਿਆਚਾਰ ਦੇ<br>
ਮੇਚ ਨਹੀਂ ਆਉਂਦੀਆਂ<br>
ਪਰ ਕੀ ਤੁਸੀਂ 'ਟੀਪੀ' 'ਚ ਵੜਕੇ<br>
ਸਿਰ 'ਤੇ ਖੰਭ ਲਾਏ ਸਨ ?

ਮੀਂਹ ਵਰਾਉਣ ਲਈ ਨਾਚ ਕੀਤਾ ਸੀ ?...
ਅਸੀਂ ਜੋ ਹੱਥਾਂ ਦੀ ਕਿਰਤ ਕਰਨ ਵਾਲੇ ਹਾਂ
ਘੜਦੇ ਹਾਂ, ਦੁਨੀਆਂ ਦਾ ਹਰ ਅਜੂਬਾ
ਤੁਹਾਥੋਂ ਕੋਈ ਕੈਰ ਨਹੀਂ ਮੰਗਦੇ
ਭਾਵੇਂ ਛੱਡ ਆਏ ਹਾਂ, ਉਹ ਹਲ ਪੰਜਾਲੀਆਂ
ਪਰ ਫੇਰ ਵੀ...
ਲੰਦੇ ਵੇਲੇ ਕਬੱਡੀ ਖੇਡਦੇ ਮੁੰਡਿਆਂ ਦੀ ਗੱਲਬਾਤ
ਤੁਹਾਡੇ ਟੀ.ਵੀ. ਪ੍ਰੋਗਰਾਮਾਂ ਤੋਂ ਕਿਤੇ ਦਿਲਕਸ਼ ਹੁੰਦੀ ਹੈ।

........

ਤੁਸੀਂ ਜੋ ਦੇਕੇ ਸਾਨੂੰ
ਫਰਸ਼ ਸਾਫ ਕਰਨ ਦਾ
ਬੇਰੀ ਤੋੜਣ ਦਾ, ਫੱਟੇ ਖਿੱਚਣ ਦਾ
ਟੈਕਸੀ ਵਾਹੁਣ ਦਾ ਤੇ ਭਾਂਡੇ ਧੋਣ ਦਾ ਕੰਮ
ਸਾਡਾ ਲਾਹ ਕੇ ਪੂਰੀ ਤਰ੍ਹਾਂ ਚੰਮ
ਸਾਡੇ ਥੱਕੇ ਹੋਏ ਕੰਨਾਂ ਵਿਚ ਗਜਾਉਂਦੇ ਹੋ
ਅਹਿਸਾਨ ਦੀ ਬੀਨ
ਜਾਓ ! ਕਿਸੇ ਛੱਪੜ 'ਚ ਮੂੰਹ ਧੋਕੇ ਆਓ।
ਕੀ ਹੋਇਆ ਅਸੀਂ
ਅਜੇ ਬੇਖਬਰ ਹਾਂ ਆਪਣੇ ਹੱਕਾਂ ਤੋਂ
ਦੂਜੇ ਕਾਮੇ ਹੱਥਾਂ ਨਾਲ ਮਿਲਕੇ
ਅਜੇ ਉਹ ਮਾਰੂ ਮੁੱਕਾ ਨਹੀਂ ਵੱਟਿਆ
ਜਿਹਨੇ ਤੁਹਾਡਾ ਸਿਰ ਫੇਹਣਾਂ ਹੈ
ਪਰ ਇਹ ਤਾਂ ਤੁਸੀਂ ਵੀ ਜਾਣਦੇ ਹੋ
ਜਿਸ ਦਿਨ ਅਸੀਂ ਆਪਣੇ ਹੱਕ ਪਛਾਣੇ
ਤੇ ਬਾਹਾਂ ਉਲਾਰੀਆਂ
ਤੁਸੀਂ ਤਾਂ ਕੰਨ 'ਚ ਪਾਇਆਂ ਵੀ ਨਹੀਂ ਰੜਕਣਾ
ਕੀ ਹੋਇਆ ਜੇ ਸਾਡੇ ਸਿਰਾਂ ਤੇ ਚੜ੍ਹ—
ਅਜੇ ਦਾਬੂ ਨਾਚ ਕਰਦੇ ਹੋ
ਪਰ ਯਾਦ ਰੱਖੋ ਡਿਗਣਾ ਤੁਸੀਂ ਹੈ ਹਵਾ ਵਿਚੋਂ
ਧਰਤੀ ਉਤੇ ਲੱਗੇ ਜੋ ਪੈਰ, ਉਹ ਸਾਡੇ ਹਨ।
'ਸਾਧੂ—ਲੰਮੀ ਕਵਿਤਾ ਜਵਾਬ ਵਿਚੋਂ'

## ਹਾਰ ਨੂੰ ਜਿੱਤ ਵਿਚ ਬਦਲਣ ਦਾ ਵਿਸ਼ਵਾਸ

ਤੇ ਹੁਣ
ਜਦੋਂ ਸਮੁੰਦਰੀ ਛੱਲਾਂ ਪਲ ਪਲ ਥੱਲੇ
ਲਹਿ ਰਹੀਆਂ ਹਨ
ਚਲੋ ਯਾਰੋ ! ਆਪਣੇ ਗੁਆਚੇ ਅੰਗ ਲਭਕੇ
ਫਿਰ ਪਰਲੇ ਕੰਢੇ ਵੱਲ ਤੁਰੀਏ
ਕਦੋਂ ਕਲਪਿਆ ਸੀ ਇੰਝ
ਖਿੰਡ ਪੁੰਡ ਜਾਏਗੀ ਕੂੰਜਾਂ ਦੀ ਡਾਰ
ਉਂਗਲੀ ਲੱਗ ਤੁਰਿਆ ਜਾਂਦਾ ਜੁੱਟ
ਹੜੱਪ ਜਾਵੇਗੀ ਕੋਈ ਸ਼ਾਰਕ...
ਕਦੋਂ ਕਲਪਿਆ ਸੀ...
ਜਵਾਰਭਾਟੇ ਸਮੇਂ ਬੜਾ ਹੀ ਕੁਹਜ਼ਾ ਮੌਸਮ ਸੀ
ਅਸਮਾਨ ਛੂੰਹਦੀਆਂ ਮਕਰੀ ਲਾਟਾਂ 'ਚ
ਝੁਲਸੇ ਗਏ ਸੂਰਜ ਤੇ ਕਹਿਕਸ਼ਾਂ...
ਤੇ ਹੁਣ
ਜਦੋਂ ਯਾਦਾਂ ਦੇ ਦਿਸਹੱਦੇ ਨਾਲ ਟਕਰਾਕੇ
ਅਜਨਬੀ ਆਵਾਜ਼ ਪਰਤੀ ਹੈ :
ਜ਼ਿੰਦਗੀ ਇਕ ਸਫ਼ਰ ਹੈ ਤੇ ਸਫ਼ਰ ਇਕ ਜ਼ਿੰਦਗੀ
ਚਲੋ ਯਾਰੋ ! ਆਪਣੇ ਟੁੱਟੇ ਅੰਗ ਜੋੜਕੇ ਫੇਰ ਤੁਰੀਏ
ਜਿਉਣ ਤੋਂ ਪਹਿਲਾ ਇਕ ਵਾਰ ਤਾਂ ਮਰੀਏ
ਹੁਣ ਜਦੋਂ ਸਮੁੰਦਰੀ ਛੱਲਾਂ,
ਪਲ ਪਲ ਥੱਲੇ ਲਹਿ ਰਹੀਆਂ ਹਨ
ਚਲੋ ਯਾਰੋ ! ਆਪਣੇ **ਗੁਆਚੇ ਅੰਗ ਲੱਭਕੇ**
ਫੇਰ ਪਰਲੇ ਕੰਢੇ ਵੱਲ ਤੁਰੀਏ।
'ਸੁਰਿੰਦਰ ਧੰਜਲ—ਜਵਾਰਭਾਟੇ ਤੋਂ ਬਾਅਦ'

ਵੈਨਕੂਵਰ ਵਿਚ ਪੰਜਾਬੀ ਸਾਹਿਤ ਤੇ ਕਲਚਰ ਦੀ ਗੱਲ ਪਾਲ ਬਿਨਿੰਗ ਦਾ ਨਾਂਅ ਲਏ ਬਗੈਰ ਅਧੂਰੀ ਰਹਿ ਜਾਏਗੀ। ਪੰਜਾਬੀ ਭੰਗੜਾ ਨੂੰ ਇਹਨਾਂ ਨੇ ਇਸ ਇਲਾਕੇ ਵਿਚ ਬੜਾ ਪਾਪੂਲਰ ਕੀਤਾ ਹੈ। ਬੱਚਿਆਂ ਦੀ ਭੰਗੜਾ ਟੀਮ ਵੱਖਰੀ, 13-16 ਸਾਲਾਂ ਦੇ ਵਿਦਿਆਰਥੀਆਂ ਦੀ ਭੰਗੜਾ ਟੀਮ ਵੱਖਰੀ ਤੇ ਨੌਜਵਾਨਾਂ ਦੀ ਭੰਗੜਾ ਟੀਮਾਂ ਵੱਖਰੀਆਂ ਇਹਨਾਂ ਨੇ ਬਣਾਈਆਂ ਹਨ। ਪ੍ਰਦੇਸਾਂ ਵਿਚ ਢੋਲ ਜਾਂ ਢੋਲ ਵਜਾਉਣ ਵਾਲੇ ਦੀ ਥੁੜ ਹਮੇਸ਼ਾ ਹੀ ਮਹਿਸੂਸ ਹੁੰਦੀ ਹੈ ਪਰ ਪਾਲ ਢੋਲ ਆਪ ਵਜਾ ਵੀ ਲੈਂਦੇ ਹਨ ਤੇ ਢੋਲ ਮੜ੍ਹ ਵੀ ਲੈਂਦੇ ਹਨ, ਪੰਜਾਬੀਆਂ ਦੇ ਇਸ ਹਰਮਨ ਪਿਆਰੇ ਨਾਚ ਨੂੰ ਇਹਨਾਂ ਨੇ ਗੋਰਿਆਂ ਵਿਚ ਵੀ ਪ੍ਰਸਿੱਧ ਕੀਤਾ ਹੈ। ਕੈਨੇਡਾ ਵਿਚ ਵਸਦੀਆਂ ਕੌਮਾਂ ਦੇ ਇਕ ਕੌਮੀ ਪੱਧਰ ਤੇ ਲੋਕ ਨਾਚ ਦੇ ਮੁਕਾਬਲਿਆ ਵਿਚ ਭੰਗੜਾ ਨਾਚ ਪਹਿਲੇ ਨੰਬਰ ਤੇ ਆਇਆ ਹੈ। 'ਗ਼ਦਰ ਗੂੰਜ' ਨਾਚ ਨਾਟਕ ਵੀ ਇਹਨਾਂ ਨੇ ਭੰਗੜਾ ਸ਼ੈਲੀ ਵਿਚ ਬੜੀ ਸਫਲਤਾ ਨਾਲ ਖੇਡਿਆ।

ਪ੍ਰਦੇਸਾਂ ਵਿਚ ਬੈਠੇ ਆਪਣੇ ਲੋਕਾਂ ਦੀਆਂ ਸਾਹਿਤ ਅਤੇ ਸਭਿਆਚਾਰ ਦੀਆਂ ਸਰਗਰਮੀਆਂ ਵੇਖ ਕੇ ਜੀਅ ਖੁਸ਼ ਹੋਇਆ।

- ਇਥੇ ਕੈਨੇਡਾ ਰਹਿੰਦਿਆਂ ਪੰਜਾਬ ਬਾਰੇ ਕੋਈ ਠੀਕ ਖਬਰ ਨਹੀਂ ਮਿਲਦੀ। ਕੈਨੇਡਾ ਵਿਚੋਂ ਨਿਕਲਦੇ ਰੋਜ਼ਾਨਾ ਅਖਬਾਰਾ ਵਿਚ ਪੰਜਾਬ ਦੀ, ਹਿੰਦੋਸਤਾਨ ਦੀ ਵੀ ਕੋਈ ਖਬਰ ਨਹੀਂ ਹੁੰਦੀ। ਹਫਤਾਵਾਰੀ ਪੰਜਾਬੀ ਅਖਬਾਰਾ ਨਿਕਲਦੀਆ ਹਨ ਜੋ ਹਿੰਦੋਸਤਾਨ ਦੀਆ ਅਖਬਾਰਾ ਵਿਚੋਂ ਆਪਣੇ ਮਤਲਬ ਦੀਆਂ ਖਬਰਾਂ ਚੁਣਦੀਆ ਹਨ ਤੇ ਜਿਸ ਰੰਗਾ ਵਿਚ ਇਹ ਖਬਰਾਂ ਦਿੱਤੀਆ ਜਾਂਦੀਆ ਹਨ, ਉਸ ਤੋਂ ਪਤਾ ਨਹੀਂ ਲਗਦਾ ਕਿ ਠੀਕ ਕੀ ਹੈ ਤੇ ਗਲਤ ਕੀ ਹੈ ? 18 ਮਈ ਇਥੇ ਆਏ। ਪਹਿਲੀ ਮਹੱਤਵਪੂਰਨ ਖਬਰ ਜੋ ਮਿਲੀ ਉਹ ਬੀ. ਬੀ. ਸੀ. ਤੋਂ ਆਈ ਸੀ ਜਿਸ ਅਨੁਸਾਰ ਲੁਧਿਆਨਾ ਖੇਤੀਬਾੜੀ ਯੂਨੀਵਰਸਟੀ ਦੇ ਯੂਥ ਵੈੱਲਫੇਅਰ ਦੇ ਡਾਇਰੈਕਟਰ ਪ੍ਰਿਥੀਪਾਲ ਸਿੰਘ ਦਾ ਕਤਲ ਹੋ ਗਿਆ। ਕੈਨੇਡਾ ਦੀ ਇਕ ਪੰਜਾਬੀ ਅਖਬਾਰ ਵਿਚ ਜਦੋਂ ਇਹ ਖਬਰ ਲੱਗੀ ਤਾਂ ਨਾਲ ਇਹ ਵੀ ਲਿਖਿਆ ਸੀ ਕਿ ਪ੍ਰਿਥੀਪਾਲ ਸਿੰਘ ਬਾਦਲ ਸਰਕਾਰ ਵਿਚ ਰਹਿ ਚੁਕੇ ਇਕ ਵਜ਼ੀਰ ਤੇ ਖਾਲਿਸ-

ਤਾਨੀ ਲੀਡਰ ਸੁਖਜਿੰਦਰ ਸਿੰਘ ਦਾ ਭਤੀਜਾ ਸੀ। ਕੈਨੇਡਾ ਦੀ ਇਹ ਅਖਬਾਰ ਆਪਣੀ ਸੀਮਤ ਜਾਣਕਾਰੀ ਕਰਕੇ ਇਸ ਕਤਲ ਨੂੰ ਖਾਲਿਸਤਾਨ ਦੀ ਲਹਿਰ ਨਾਲ ਜੋੜਦੇ ਹੋਣ ਪਰ ਪੰਜਾਬ ਦੇ ਜਾਣਕਾਰ ਹਲਕੇ ਜਿਹੜੇ ਇਸ ਡਾਇਰੈਕਟਰ ਦੀਆਂ ਪਿਛਲੇ 5-9 ਸਾਲਾਂ ਤੋਂ ਜਾਣਦੇ ਸਨ, ਉਹ ਸਮਝ ਸਕਦੇ ਸਨ ਕਿ ਇਹ ਕਤਲ ਕਿਉਂ ਹੋਇਆ?' ਜਦੋਂ ਪੰਜਾਬ ਤੋਂ ਚੱਲੇ ਸਾਂ ਤਾਂ ਖੇਤੀਬਾੜੀ ਯੂਨੀਵਰਸਟੀ ਦੇ ਹਰਮਨ ਪਿਆਰੇ ਵਿਦਿਆਰਥੀ ਪਿਆਰਾ ਸਿੰਘ ਚਾਹਲ ਦੇ

ਕੱਤਲ ਹੋਣ ਦੀ ਖਬਰ ਨੇ ਬੜਾ ਉਦਾਸ ਕੀਤਾ ਸੀ। 21 ਅਪ੍ਰੈਲ ਹੋਸਟਲ 'ਚ ਆ ਕੇ ਗੁੰਡਿਆ ਨੇ ਪਿਆਰਾ ਸਿੰਘ ਚਾਹਲ ਨੂੰ ਗਿਆਰਾਂ ਗੋਲੀਆ ਮਾਰੀਆਂ ਸਨ ਤੇ ਉਹ ਦੱਸ ਦਿਨ ਜ਼ਿੰਦਗੀ ਤੇ ਮੌਤ ਦਰਮਿਆਨ ਘੋਲ ਕਰਦਾ ਚਲਾਣਾ ਕਰ ਗਿਆ ਸੀ। ਵਿਦਿਆਰਥੀਆ ਵਿਚ ਆਮ ਚਰਚਾ ਸੀ ਕਿ ਯੂਥ ਵੈਲਫੇਅਰ ਡਾਇਰੈਕਟਰ ਪ੍ਰਿਥੀਪਾਲ ਸਿੰਘ ਦੀ ਗੁੰਡਿਆ ਨੂੰ ਸ਼ਹਿ ਹੈ। ਯੂਨੀਵਰਸਟੀ ਵਿਚੋਂ ਉਹਨੂੰ ਬਰਖਾਸਤ ਕਰਨ ਲਈ ਵਿਦਿਆਰਥੀਆ ਨੇ ਬੜੇ ਰੋਹ ਭਰੇ ਵਖਾਵੇ ਕੀਤੇ ਸਨ। ਉਹਦੇ ਮਾਰੇ ਜਾਣ ਦੀ ਖਬਰ ਕੋਈ ਓਪਰੀ ਨਹੀਂ ਲੱਗੀ।

- ਕੈਨੇਡਾ ਅਤੇ ਅਮਰੀਕਾ ਵਿਚੋਂ ਜੋ ਹਿੰਦੋਸਤਾਨ ਦੇ ਮਾਮਲਿਆ ਬਾਰੇ ਸਪਤਾਹਿਕ ਅਖਬਾਰਾ ਨਿਕਲਦੀਆਂ ਹਨ,ਓਹਨਾਂ ਵਿਚ ਇੰਦਰਾ ਗਾਂਧੀ ਦੀਆਂ ਜਮਹੂਰੀਅਤ ਵਿਰੁਧ ਕਾਰਵਾਈਆ ਦਾ ਬੜਾ ਜਿਕਰ ਹੁੰਦਾ ਹੈ। ਇਹਦਾ ਇਕ ਕਾਰਨ ਤਾ ਇੰਦਰਾ ਸਰਕਾਰ ਦਾ ਰੂਸ ਵੱਲ ਝੁਕਾਅ ਹੋ ਸਕਦਾ ਹੈ। ਉਂਝ ਧਿਆਨ ਨਾਲ ਪੜ੍ਹਿਆਂ ਇਹ ਸੱਪਸ਼ਟ ਹੋ ਜਾਂਦਾ ਹੈ ਕਿ ਇਹ ਟਿੱਪਣੀਆਂ ਉਸਦੀ ਸਰਕਾਰ ਦੀਆਂ ਆਰਥਕ ਨੀਤੀਆ ਦੇ ਵਿਰੁਧ ਨਹੀਂ, ਸਗੋਂ ਉਸਦੇ ਰਾਜ ਦੀ ਤਾਨਾਸ਼ਾਹੀ ਵਿਰੁੱਧ ਹਨ। ਗੱਦੀ ਸੰਭਾਲੀ ਰੱਖਣ ਦੀ ਲਾਲਸਾ ਅਤੇ ਇਹ ਸੋਚਣੀ ਕਿ ਉਹ ਜਾ ਉਹਦਾ ਖਾਨਦਾਨ ਹਿੰਦੋਸਤਾਨ ਦੀ ਵਾਗਡੋਰ ਸੰਭਾਲੀ ਰੱਖਣ ਦੀ ਵਹਿਦ ਹੱਕਦਾਰ ਹੈ, ਇਹਦੇ ਬਾਰੇ ਇਹਨਾ ਅਖਬਾਰਾ ਵਿਚ ਤਿੱਖੇ ਪ੍ਰਤੀਕਰਮ ਹਨ। ਅਪਣੀ ਦੇਸ ਖੰਡ ਵਿਚ ਇਹ ਅਪਣੀ ਹੀ ਪਾਰਟੀ ਦੇ ਲੀਡਰਾਂ ਦੀ ਕਿਸ ਤਰ੍ਹਾਂ ਬਲੀ ਚਾੜ੍ਹਦੀ ਹੈ, ਇਹਦੇ ਬਾਰੇ ਕਾਲਮਾਂ ਦੇ ਕਾਲਮ ਲਿਖੇ ਮਿਲਦੇ ਹਨ। ਆਧਰਾ ਤੇ ਕਰਨਾਟਕ ਦੀ ਹਾਰ ਤੋਂ ਬਾਅਦ ਇੰਦਰਾ ਨੇ ਮਹਾਰਾਸਟਰਾ ਵਿਚ ਭੋਸਲੇ ਦੀ ਵਜ਼ਾਰਤ ਦਾ ਭੋਗ ਪਾਇਆ। ਹਿਮਾਚਲ ਵਿਚ ਰਾਮਲਾਲ ਨੂੰ ਬਰਖਾਸਤ ਕੀਤਾ। ਸਿਰਫ ਇਹ ਦੱਸਣ ਲਈ ਕਿ ਉਹ ਭ੍ਰਿਸਟਾਚਾਰ ਅਤੇ ਨਾਲਾਇਕੀ ਨੂੰ ਬਰਦਾਸਤ ਨਹੀਂ ਕਰਦੀ ਪਰ ਜਦੋਂ ਬਿਹਾਰ ਦੇ ਜਗਨਨਾਥ ਮਿਸਰਾ ਵਾਸਤੇ ਇਹ ਹਥਿਆਰ ਵਰਤਣੇ ਚਾਹੇ ਤਾ ਉਹ ਬਾਗੀ ਹੋ ਗਿਆ। ਇਸ ਤਾਨਾਸ਼ਾਹੀ ਰਾਜ ਵਿਚ ਹਿੰਦੋਸਤਾਨ ਦੀਆਂ ਜੇਲਾਂ ਵਿਚ ਜੋ ਅਤਿਆਚਾਰ ਹੋ ਰਹੇ ਹਨ, ਉਹਨਾ ਦਾ ਵੀ ਇਹਨਾ ਅਖਬਾਰਾ ਵਿਚ ਬੜਾ ਚਰਚਾ ਹੈ। ਇਕ ਫਿਲਮ 'AN INDIAN STORY' (ਇਕ ਹਿੰਦੋਸਤਾਨੀ ਕਹਾਣੀ) ਇਕ ਐਸੀ ਫਿਲਮ ਹੈ ਜਿਸ ਵਿਚ ਭਾਗਲਪੁਰ ਤੇ ਹੋਰਨਾਂ ਜੇਲਾ ਵਿਚ ਕੈਦੀਆਂ ਉੱਤੇ ਹੁੰਦੇ ਅਤਿਆਚਾਰ ਵਿਖਾਏ ਗਏ ਹਨ। ਇਹ ਫਿਲਮ ਸੁਹਾਸਨੀ ਮੂਲੇ ਨੇ ਬਣਾਈ ਹੈ ਅਤੇ ਤਪਨ ਬੋਸ ਨੇ ਡਾਇਰੈਕਟ ਕੀਤੀ ਹੈ। ਇਸ ਫਿਲਮ ਦੀ ਹਿੰਦੋਸਤਾਨ ਵਿਚ ਪ੍ਰਦਰਸ਼ਨੀ ਸੈਂਸਰ ਬੋਰਡ ਨੇ ਬਹੁਤ ਸਾਰੀ ਕਾਂਟ ਛਾਂਟ ਬਾਅਦ ਹੀ ਪਾਸ ਕੀਤੀ ਸੀ। ਇਥੋਂ ਦੀਆਂ ਅਖਬਾਰਾ ਦੀਆ ਟਿਪਣੀਆ ਦੇ ਅਨੁਸਾਰ ਇਥੋਂ ਦੇ ਦਰਸ਼ਕਾਂ ਨੂੰ ਇਹ ਫਿਲਮ ਦੇਖਕੇ ਇਕ ਝਟਕਾ ਲੱਗਿਆ ਕਿ ਵੀਹਵੀਂ ਸਦੀ ਵਿਚ ਇਕ ਕਹਿੰਦੇ ਕਹਿਲਾਂਦੇ ਜਮਹੂਰੀਅਤ ਦੇ ਦੇਸ਼ ਵਿਚ ਇਹੋ ਜਿਹੇ ਅਤਿਆਚਾਰ ਹੋ ਸਕਦੇ ਹਨ। ਇਹ ਫਿਲਮ ਹਿੰਦੋਸਤਾਨ ਵਿਚ ਹੀ ਬਣੀ ਹੈ ਪਰ ਹਿੰਦੋਸਤਾਨ ਵਿਚ ਇਹਦੇ ਬਾਰੇ ਨਹੀਂ ਸੀ ਸੁਣਿਆਂ। ਇੱਥੇ ਹੀ ਆ ਕੇ ਸੁਣਿਆ ਹੈ। ਇਹਦੀ ਵੀਡੀਓ ਟੇਪ ਮਿਲ ਗਈ ਤਾਂ ਸ਼ਾਇਦ ਵੇਖਣ ਦਾ ਮੌਕਾ ਵੀ ਮਿਲ ਜਾਵੇ। ਇਸੇ ਤਰ੍ਹਾਂ ਇਕ ਹੋਰ ਕਿਤਾਬ ਦਾ ਵੀ ਇਹਨਾਂ ਅਖਬਾਰਾ ਵਿਚ ਬੜਾ ਚਰਚਾ ਹੈ। ਇਸ ਕਿਤਾਬ ਦਾ ਨਾਂ ਹੈ THE INDIAN JAIL' (ਹਿੰਦੋਸਤਾਨੀ ਜੇਲ੍ਹ)। ਇਹੀ ਦਿਲੀ ਦੇ ਹਿੰਦੋਸਤਾਨ ਟਾਈਮਜ਼ ਅਖਬਾਰ ਨੇ ਇਕ ਰੀਪੋਰਟਰ ਕੁਮਕੁਮ ਚੱਢਾ ਲਿਖੀ ਹੋਈ ਹੈ। ਇਕ ਟਿਪਣੀ ਦੇ ਅਨੁਸਾਰ ਇਸ ਵਿਚ ਦਿੱਲੀ ਵਿਚ ਹੀ ਸਥਾਪਤ ਚਾਰ ਇਨਟੈਰੋਗੇਸ਼ਨ ਸੈਂਟਰਾਂ ਵਿਚ ਸੱਕ ਵਿਚ ਫੜੇ ਲੋਕਾਂ ਉੱਤੇ ਜੋ ਅਤਿਆਚਾਰ ਕੀਤੇ ਜਾਂਦੇ ਹਨ, ਉਹਨਾ ਦਾ ਬੜੇ ਵੇਰਵੇ ਨਾਲ ਜਿਕਰ ਹੈ। ਇਹ ਅਤਿਆਚਾਰ ਜਿਨਾਂ ਵਿਚ ਕਪੜੇ ਲਾਹਕੇ ਨੰਗੇ ਪਿੰਡੇ ਤੇ ਚਮੜੇ ਦੇ ਹਾਇਰਾਂ ਨਾਲ ਕੁੱਟਮਾਰ ਕਰਨੀ, ਪੱਖੇ ਦੀ ਕੁੰਡੀ ਨਾਲ ਹੱਥਕੜੀ ਫਸਾਕੇ ਬੰਦੇ ਨੂੰ ਘੰਟੇ ਬੱਧੀ ਲਟਕਾਈ ਰਖਣਾ ਤਾਂ ਜੋ ਉਹਦੇ ਜਿਸਮ ਦੀ ਇਕ ਇਕ ਨਾੜ ਖਿੱਚੀ ਜਾਏ ਤਾਂ ਬੰਦਾ ਹਮੇਸ਼ਾ ਲਈ ਨਾਕਾਰਾ ਹੋ ਜਾਏ। ਨਾਸਾਂ ਰਾਹੀਂ ਪਾਣੀ ਚੜਾਉਣਾ ਜਾਂ ਘੋਟਨਾ ਚੜਾਉਣਾ—ਇਹਨਾਂ ਸਭ ਚੀਜ਼ਾਂ ਦਾ ਜ਼ਿਕਰ ਫੋਟੋਆਂ ਦੇ ਸਮੇਤ ਹੈ। ਇਹਨਾਂ ਸਾਰੀਆਂ ਟਿੱਪਣੀਆਂ ਦੇ ਬਾਅਦ ਇਕ ਸਵਾਲ ਜਿਹਾ ਪੇਸ਼ ਕੀਤਾ ਜਾਂਦਾ ਹੈ ਕਿ ਹਿੰਦੋਸਤਾਨ ਦੇ ਲੋਕ ਇਹ ਸਭ ਕੁਝ ਕਿਉਂ ਬਰਦਾਸਤ ਕਰ ਰਹੇ ਹਨ, ਉਹ ਇਹੋ ਜਿਹੇ ਨਿਜ਼ਾਮ ਨੂੰ ਖਤਮ ਕਿਉਂ ਨਹੀਂ ਕਰਦੇ? ਇਹ ਮਿਹਨਾ ਬਿਲਕੁਲ ਉਸ ਤਰ੍ਹਾਂ ਹੈ, ਜਿਹੜਾ ਕਿਸੇ ਵੇਲੇ ਅਮਰੀਕੀ ਇਥੇ ਰਹਿ ਰਹੇ ਹਿੰਦੋਸਤਾਨੀਆਂ ਨੂੰ ਮਾਰਦੇ ਹੁੰਦੇ ਸਨ। ਇਹੋ ਮੇਹਨੇ ਅਮਰੀਕਾ ਵਿਚ ਗਦਰ ਲਹਿਰ ਨੂੰ ਜਨਮ ਦੇਣ ਦੀ ਜ਼ਿੰਮੇਵਾਰ ਸੀ। ਉਸ ਲਹਿਰ ਨੇ ਹਿੰਦੋਸਤਾਨ ਦੀ ਮੁਕੱਮਲ ਆਜ਼ਾਦੀ ਨੂੰ ਆਪਣੇ ਸੰਘਰਸ਼ ਦਾ ਟੀਚਾ ਬਣਾਇਆ। ਸ਼ਾਇਦ ਇਵੇਂ ਹੀ ਲਗਦਾ ਹੈ "ਕੀ ਹੁਣ ਵੀ ਬਾਹਰ ਬੈਠੇ ਹਿੰਦੋਸਤਾਨੀ ਹੀ ਆਪਣੇ ਦੇਸ ਵਾਸੀਆ ਨੂੰ ਇਸ ਤਾਨਾਸ਼ਾਹੀ ਰਾਜ ਤੋਂ ਨਿਜਾਤ ਦਿਵਾਉਣ ਦਾ ਬੀੜਾ ਚੁੱਕਣਗੇ?" ਹਿੰਦੋਸਤਾਨ ਵਿਚ ਚਲ ਰਹੀਆਂ ਲਹਿਰਾ ਦੀ ਜੋ ਪੂਰੀ ਜਾਣਕਾਰੀ ਰਖਦੇ ਹਨ, ਉਹ ਯਕੀਨ ਨਾਲ ਕਹਿ ਸਕਦੇ ਹਨ ਕਿ ਇਹ ਆਪ ਹੀ ਕਰਨ ਦੇ ਯੋਗ ਹਨ ਅਤੇ ਉਹ ਇਹ ਕਰਨਗੇ।

ਇੰਦਰਾ ਗਾਂਧੀ ਕਰਕੇ ਹਿੰਦੋਸਤਾਨ ਦਾ ਪ੍ਰਭਾਵ ਇਹਨਾਂ ਮੁਲਕਾਂ ਤੇ ਬੜਾ ਭੈੜਾ ਹੈ। ਇਸਨੂੰ ਸੱਚ ਕਰਕੇ ਮੰਨਣਾ ਚਾਹੀਦਾ ਹੈ ਅਤੇ ਇਹ ਕਹਿਕੇ ਨਹੀਂ ਟਾਲ ਦੇਣਾ ਚਾਹੀਦਾ ਕਿ ਇਹ ਮਹਿਜ਼ ਇਸ ਕਰਕੇ ਹੈ

ਕਿਉਂਕਿ ਇੰਦਰਾ ਗਾਂਧੀ ਰੂਸ ਦੀ ਦੋਸਤ ਹੈ। ਆਪਣੇ ਦੇਸ਼ ਵਿਚ ਅਖਬਾਰਾਂ ਰਾਹੀਂ, ਰੇਡੀਓ ਰਾਹੀਂ, ਟੀ.ਵੀ. ਰਾਹੀਂ ਇੰਦਰਾ ਗਾਂਧੀ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ. ਜਿਸ ਤਰਾਂ ਉਹ ਤੀਜੀ ਦੁਨੀਆ ਦੇ ਪਛੜੇ ਲੋਕਾਂ ਦੀ ਮਸੀਹਾ ਹੈ। ਗੁੱਟ ਨਿਰਲੇਪ ਕੌਮਾਂ ਦੀ ਮਿਲਣੀ ਵੇਲੇ ਲੱਖਾਂ ਕ੍ਰੋੜਾਂ ਰੁਪਏ ਇਹ ਪ੍ਰਭਾਵ ਬਨਾਉਣ ਵਾਸਤੇ ਖਰਚ ਕੀਤੇ ਗਏ ਸਨ। ਦੇਸੋਂ ਬਾਹਰ ਨਿਕਲਕੇ ਪਤਾ ਲਗਦਾ ਹੈ ਕਿ ਸਚਾਈ ਹੋਰ ਹੀ ਹੈ।

• **ਇਕ ਘਟਨਾ**

ਇਕ ਹਿੰਦੋਸਤਾਨੀ ਵਰਕਰ ਅਤੇ ਇਕ ਅੰਗਰੇਜ਼ ਸੁਪਰਵਾਈਜ਼ਰ ਵਿਚ ਕੋਈ ਝਗੜਾ ਹੋਇਆ ਹੈ।

ਹਿੰਦੋਸਤਾਨੀ ਵਰਕਰ : ਪਰ ਜਨਾਬ, ਇਹ ਸਾਡਾ ਹੱਕ ਹੈ। ਜੇ ਇਹ ਹੱਕ ਤੁਸੀਂ ਸਾਨੂੰ ਨਾ ਦਿੱਤਾ ਤਾਂ ਅਸੀਂ ਯੂਨੀਅਨ ਰਾਹੀਂ ਕਰਾਂਗੇ ਤੇ ਇਹ ਹੱਕ ਲੈ ਕੇ ਰਵਾਂਗੇ।

ਅੰਗਰੇਜ਼ ਸੁਪਰਵਾਈਜ਼ਰ : ਤੁਸੀਂ ਸੰਘਰਸ਼ ਕਰੋਗੇ? ਹੱਕ ਲਈ ਲੜੋਗੇ? ਕੀ ਤੁਸੀਂ ਇਸ ਯੋਗ ਹੋ? ਜੇ ਇਸ ਯੋਗ ਹੋ ਤਾਂ ਹਿੰਦੋਸਤਾਨ ਜਾਓ। ਇਨਕਲਾਬ ਦੀ ਲੋੜ ਹਿੰਦੋਸਤਾਨ ਨੂੰ ਹੈ। ਇਸ ਮੁਲਕ ਨੂੰ ਨਹੀਂ।

•

---

## ੨. ਸੰਪਾਦਕੀ

(ਅਗਸਤ 83)

ਕੈਨੇਡਾ ਵਿਚ ਬੈਠੇ ਆਪਣੇ ਦੇਸ਼ ਦੀ ਕੋਈ ਠੀਕ ਖਬਰ ਮਿਲਣੀ ਬੜੀ ਹੀ ਮੁਸ਼ਕਿਲ ਹੈ। ਕੁਝ ਹਫਤਾਵਾਰੀ ਅਖਬਾਰਾਂ ਨਿਕਲਦੀਆਂ ਹਨ ਜੋ ਦੇਸ਼ ਦੇ ਹਾਲਾਤ ਉੱਤੇ ਟਿਪਣੀ ਕਰਦੀਆਂ ਹਨ। ਪੰਜਾਬੀ ਦੀ ਹਫਤਾਵਾਰੀ ਇੰਡੋ ਕਨੇਡੀਅਨ ਟਾਈਮਜ਼ ਉਹਨਾਂ ਵਿਚੋਂ ਇਕ ਹੈ, ਜੋ ਪੰਜਾਬੀ ਹਲਕਿਆਂ ਵਿਚ ਸਾਰਿਆਂ ਨਾਲੋਂ ਵੱਧ ਪੜ੍ਹੀ ਜਾਂਦੀ ਹੈ। ਖਬਰਾਂ ਪੇਸ਼ ਕਰਨ ਦਾ ਉਹਦਾ ਆਪਣਾ ਹੀ ਢੰਗ ਹੈ ਅਤੇ ਇਸ ਕਲਾ ਵਿਚ ਉਹ ਜਲੰਧਰ ਦੀਆਂ ਅਖਬਾਰਾਂ ਨੂੰ ਮਾਤ ਪਾਉਂਦਾ ਹੈ। ਉਸ ਅਖਬਾਰ ਦੀ ਪਹਿਲੀ ਜੁਲਾਈ ਵਾਲੀ ਕਾਪੀ ਮੇਰੇ ਸਾਹਮਣੇ ਪਈ ਹੈ। ਪਹਿਲਾ ਸਫਾ ਇਸ ਤਰ੍ਹਾਂ ਹੈ :

"ਪੰਜਾਬ 'ਚ ਹਿੰਦੂ ਸਿਖ ਤੇ ਮੁਸਲਮਾਨ ਫਸਾਦ—ਜਲੰਧਰ, ਕਪੂਰਥਲਾ ਵਿਚ ਦੋ ਪੁਜਾਰੀ ਝੱਟਕਾ ਦਿਤੇ, ਦਰਜਨਾਂ ਹੋਰਾਂ ਦੀ ਮੌਤ, ਸੈਂਕੜੇ ਜ਼ਖਮੀ, ਫੌਜ ਦੀਆਂ ਵਹੀਰਾਂ ਪੰਜਾਬ ਵੱਲ। ਜਲੰਧਰ 27 ਜੂਨ, ਫੋਨ ਰਾਹੀਂ ਸੂਚਨਾ ਮਿਲੀ ਹੈ ਕਿ ਜਲੰਧਰ ਵਿਚ ਹਿੰਦ ਸਮਾਚਾਰ ਦੇ ਦਫਤਰ ਵਿਚ ਡਾਕ ਰਾਹੀਂ ਭੇਜੇ ਗਏ ਬੰਬ ਨਾਲ ਚਾਰ ਬੰਦੇ ਥਾਂ ਤੇ ਹੀ ਮਾਰੇ ਗਏ (ਏ. ਪੀ. ਅਨੁਸਾਰ ਦੋ ਦੀ ਮੌਤ ਦਸੀ ਗਈ ਹੈ) ਤੇ ਦਫਤਰ ਦਾ ਇਕ ਹਿੱਸਾ ਉਡਾ ਦੇਣ ਕਾਰਨ ਹਿੰਦੂਆਂ ਵਲੋਂ ਕੱਢੇ ਗਏ ਜਲੂਸ ਵਿਚ ਖਤਰਨਾਕ ਨਾਹਰੇ ਲਗਾਏ ਜਾ ਰਹੇ ਸਨ, ਜਿਵੇਂ ਕਿ 'ਹਿੰਦੂ ਹਿੰਦ ਹਿੰਦੁਸਤਾਨ, ਕਹਾਂ ਸੇ ਆਏ ਸਿੱਖਸਤਾਨ, ਕੱਛ ਕੜਾ ਕ੍ਰਿਪਾਨ ਭੇਜ ਦਿਆਂਗੇ ਪਾਕਿਸਤਾਨ—ਪਗੜਾ ਕੱਛਾ ਹਾਇ ਹਾਇ' ਜਿਸਨੇ ਸ਼ਹਿਰ ਦੇ ਸਿਖਾਂ ਵਿਚ ਰੋਸ ਭਰ ਦਿਤਾ ਤੇ ਜਵਾਬੀ ਜਲੂਸ ਕਢਿਆ ਗਿਆ। ਇਸਤੇ ਹਿੰਦੂ ਰਖਸ਼ਾ ਸੰਮਤੀ ਦੇ ਕੁਝ ਨੌਜਵਾਨਾਂ ਦਾ ਟੋਲਾ ਟੁੱਟ ਪਿਆ ਤੇ ਜੰਮਕੇ ਲੜਾਈ ਹੋਈ। ਜਿਸ ਵਿਚ 6 ਬੰਦੇ ਮਾਰੇ ਗਏ ਤੇ ਸੈਂਕੜੇ ਜ਼ਖਮੀ ਹੋਏ। ਹਿੰਦੂ ਰਖਸ਼ਾ ਸੰਮਤੀ ਵਾਲਿਆਂ ਦਾ ਟੋਲਾ (ਰਖਸ਼ਾ ਸੰਮਤੀ ਵਾਲਿਆਂ ਦੇ ਭੇਸ ਵਿਚ ਗੁੰਡਿਆਂ ਦਾ ਟੋਲਾ) ਉਥੋਂ ਨੱਠ ਕੇ ਇਕ ਸਥਾਨਕ ਮੰਦਰ ਵਿਚ ਪਨਾਹ ਲੈਣ ਪੁਜਿਆ। ਸਿੱਖ ਨੌਜਵਾਨਾਂ ਦਾ ਜੱਥਾ ਪਿਛਾ ਕਰਦਾ ਕਰਦਾ ਮੰਦਰ ਵਿਚ ਪਹੁੰਚ ਗਿਆ। ਪਰ ਪੁਜਾਰੀ ਨੇ ਗੁੰਡਿਆਂ ਨੂੰ ਪਿਛਲੇ ਦਰਵਾਜ਼ੇ ਰਾਹੀਂ ਭਜਾ ਦਿਤਾ ਤੇ ਜੱਥੇ ਨੂੰ ਗਾਲ੍ਹਾਂ ਕੱਢਣ ਤੇ ਉਤਰ ਆਇਆ ਜਿਸ ਕਰਕੇ ਪੁਜਾਰੀ ਨੂੰ ਥਾਂ ਤੇ ਹੀ ਝਟਕਾ ਦਿਤਾ। ਇਸੇ ਤਰ੍ਹਾਂ ਦੀ ਹੀ ਘਟਨਾ ਕਪੂਰਥਲਾ ਵਿਚ ਹੋਈ ਹੈ। ਪੁਲਸ ਅਧਿਕਾਰੀ ਖੁਲ੍ਹਮਖੁਲ੍ਹਾ ਸਰਕਾਰ ਦੇ ਇਸ਼ਾਰੇ ਤੇ ਹਿੰਦੂਆਂ ਦੀ ਸਹਾਇਤਾ ਕਰ ਰਹੇ ਹਨ। ਮਜਬੂਰਨ ਸਿੱਖਾਂ ਨੂੰ ਆਪਣੀ ਰਖਿਆ ਲਈ ਹਥਿਆਰਬੰਦ ਹੋਣਾ ਪੈ ਰਿਹਾ ਹੈ। ਇਹ ਦੰਗੇ ਸਾਰੇ ਪੰਜਾਬ ਵਿਚ ਭੜਕਣ ਦੀ ਸੰਭਾਵਨਾ ਹੈ।......

(ਪਹਿਲੇ ਸਫੇ ਤੇ ਦੂਸਰੀ ਸੁਰਖੀ) 'ਸਿੰਘੋ ਹਥਿਆਰ ਚੁੱਕ ਲਵੋ' ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਕਿਹਾ ਹੈ ਕਿ ਹੁਣ ਹਥਿਆਰ ਚੁਕਣ ਲਈ ਹਕੂਮਤ ਨੇ ਸਾਨੂੰ ਮਜਬੂਰ ਕਰ ਦਿਤਾ ਹੈ। ਜੇ ਸਾਨੂੰ ਸਾਡੇ ਘਰ (ਪੰਜਾਬ) ਵਿਚ ਹੀ ਚੈਨ ਨਾਲ ਨਹੀਂ ਰਹਿਣ ਦੇਣਾ ਤਾਂ ਅਸੀਂ ਕਿਥੇ ਜਾਵਾਂਗੇ? ਇਸ ਕਰਕੇ ਆਪਣੀ ਹੋਂਦ ਨੂੰ ਕਾਇਮ ਰਖਣ ਲਈ ਹਥਿਆਰ ਚੁੱਕ ਲਵੋ ਤੇ ਆਪਣੀ ਕੌਮ ਦੀ ਰਖਿਆ ਕਰੋ।......(ਤੀਸਰੀ ਸੁਰਖੀ) 'ਜੋ ਅੜੇ ਸੋ ਝੜੇ, ਸਿਖ ਆਜ਼ਾਦੀ ਦੀ ਲੜਾਈ ਲਈ ਹਥਿਆਰ ਸਾਂਭ ਲੈਣ', ਦਲ ਖਾਲਸਾ ਦੇ ਉਤਰੀ ਅਮਰੀਕਾ ਵਿਚਲੇ ਇਕ ਫੀਲਡ ਕਮਾਂਡਰ ਨੇ ਫੂਨ ਰਾਹੀਂ ਦਸਿਆ ਹੈ ਕਿ ਸਿੱਖ ਕਿਸੇ ਤੇ ਵਾਰ ਨਹੀਂ ਕਰਦੇ ਪਰ ਜੇ ਉਹਨਾਂ ਨੂੰ ਹਥਿਆਰ ਚੁੱਕਣ ਲਈ ਮਜਬੂਰ ਕੀਤਾ ਜਾਏ ਤਾਂ ਫੇਰ ਢਿੱਲ ਵੀ ਨਹੀਂ ਕਰਦੇ। ਉਨ੍ਹਾਂ ਸਮੂਹ ਵਿਸ਼ਵ ਭਰ ਦੇ ਸਿਖਾਂ ਨੂੰ ਅਪੀਲ ਕੀਤੀ ਹੈ ਕਿ ਹਥਿਆਰਬੰਦ ਹੋ ਜਾਵੋ ਤੇ ਸਿੱਖ ਆਜ਼ਾਦੀ ਦੀ ਲੜਾਈ ਵਿਚ ਜੁਝ ਪਵੋ। ਸਾਡੇ ਸਾਹਮਣੇ ਜੋ ਵੀ ਅੜਿਆ ਹੈ, ਉਹ ਝੜਿਆ ਹੀ ਹੈ।"

ਇਹ ਖਬਰਾਂ ਪੜ੍ਹ ਕੇ ਤੇ ਇਹ ਨਾ ਜਾਣਦਿਆਂ ਕਿ ਇਹਨਾਂ ਵਿਚ ਸੱਚ ਕੀ ਹੈ ਤੇ ਝੂਠ ਕੀ ਹੈ, ਜਿਥੇ ਇਹ ਫਿਕਰ ਹੋਇਆ ਹੈ ਕਿ ਇਕ ਪਾਸੇ ਕੇਂਦਰੀ ਸਰਕਾਰ ਤੇ ਦੂਜੇ ਪਾਸੇ ਧਾਰਮਕ ਜਨੂੰਨੀ ਪੰਜਾਬ ਨੂੰ ਅੱਗ ਲਗਾਉਣ ਦੀ ਜਿਹੜੀ ਪਿਛਲੇ ਦੋ ਤਿੰਨ ਸਾਲਾਂ ਤੋਂ ਕੋਸ਼ਿਸ਼ ਕਰ ਰਹੇ ਹਨ, ਕਿਧਰੇ ਉਹ ਕਾਮਯਾਬ ਤਾਂ ਨਹੀਂ ਹੋ ਰਹੇ ਤੇ ਪੰਜਾਬ ਦੇ ਸੂਝਵਾਨ ਲੋਕ ਜੋ ਲਗਾਤਾਰ ਇਸ ਕੋਸ਼ਿਸ਼ ਨੂੰ ਅਸਫਲ ਕਰ ਰਹੇ ਸਨ ਕਿਧਰੇ ਹਾਰ ਤੇ ਨਹੀਂ ਗਏ? ਕੁਝ ਸਵਾਲ ਜ਼ਰੂਰ ਉਠੇ ਹਨ ਕਿ ਜਲੰਧਰ ਤੋਂ ਦੇਸ਼ ਦੇ ਬਾਹਰ ਫੂਨ ਰਾਹੀਂ ਖਬਰ ਭੇਜਣ ਵਾਲੇ ਇਹ ਤਾਂ ਦਸਦੇ ਹਨ ਕਿ ਹਿੰਦੂ ਰਖਸ਼ਾ ਸੰਮਤੀ ਵਾਲਿਆਂ ਦਾ ਟੋਲਾ ਗੁੰਡਿਆਂ ਦਾ ਟੋਲਾ ਸੀ ਤਾਂ ਕੀ ਸਿਖ ਨੌਜਵਾਨਾਂ ਦਾ ਜਥਾ ਸਾਊ ਤੇ ਸ਼ਰੀਫ ਨੌਜਵਾਨਾਂ ਦਾ ਜਥਾ ਸੀ? ਬੜੇ ਹੀ ਸ਼ਰੀਫ ਸਨ ਜਿਨ੍ਹਾਂ ਨੇ ਇਕ ਪੁਜਾਰੀ ਝੱਟਕਾ ਦਿਤਾ। ਜੇ ਸਿਖਾਂ ਦੇ ਟੋਲੇ ਕਤਲ ਕਰਕੇ ਗੁਰਦਵਾਰਿਆਂ ਵਿਚ ਪਨਾਹ ਲੈ ਸਕਦੇ ਹਨ ਤਾਂ ਹਿੰਦੂ ਜੇਕਰ ਮੰਦਰ ਵਿਚ ਪਨਾਹ ਲੈ ਲੈਣ ਤਾਂ ਉਹੀ ਗੁੰਡੇ ਕਿਉਂ ਹਨ? ਹਿੰਦੂ ਰਖਸ਼ਾ

ਸੰਮਤੀ ਵਾਲਿਆਂ ਨੇ ਜੋ ਨਾਅਰੇ ਲਗਾਏ ਉਹ ਤਾਂ ਫੂਨ ਰਾਹੀਂ ਕੈਨੇਡਾ ਵੀ ਪੁੱਜ ਗਏ ਪਰ ਜਿਹੜੇ ਨਾਅਰੇ 'ਸ਼ਰੀਫ' ਨੌਜਵਾਨਾਂ ਨੇ ਲਗਾਏ ਹੋਣਗੇ ਉਹ ਵੀ ਫੂਨ ਰਾਹੀਂ ਦਸ ਦਿਤੇ ਜਾਂਦੇ ਤਾਂ ਚੰਗਾ ਹੁੰਦਾ। ਮੈਂ ਇਥੇ ਬੈਠਾ ਇਹ ਚੰਗੀ ਤਰ੍ਹਾਂ ਅਨੁਮਾਨ ਲਗਾ ਸਕਨਾ ਹਾਂ ਕਿ ਉਹ ਨਾਅਰੇ ਕੀ ਹੋਣਗੇ। ਪਰ ਨਹੀ ਖਬਰ ਇਸ ਤਰ੍ਹਾਂ ਦੇਣੀ ਹੈ ਕਿ ਹਿੰਦੂ ਸਿੱਖ ਵਿਚ ਵੱਧ ਤੋਂ ਵੱਧ ਪਾੜਾ ਪਾਇਆ ਜਾਏ। ਭਿੰਡਰਾਂ ਵਾਲੇ ਨੂੰ 'ਹੁਣ ਹਥਿਆਰ ਚੁਕਣ ਤੇ ਮਜਬੂਰ ਹੋਣਾ ਪਿਆ ਹੈ, ਜਿਸ ਤਰ੍ਹਾਂ ਅਗੇ ਉਹ ਤਿੰਨ ਸਾਲਾਂ ਤੋਂ ਬਗੈਰ ਹਥਿਆਰ ਦੇ ਹੀ ਤੁਰਿਆ ਫਿਰਦਾ ਹੈ। ਉਤਰੀ ਅਮਰੀਕਾ ਵਿਚ ਇਹ ਦਲ ਖਾਲਸੇ ਦੇ ਫੀਲਡ ਕਮਾਂਡਰ ਜਿਨ੍ਹਾਂ ਦੀਆਂ ਸਾਰੀਆਂ ਜਾਇਦਾਦਾਂ ਉਤਰੀ ਅਮਰੀਕਾ ਵਿਚ ਹੀ ਹੋਣਗੀਆਂ, ਉਸ ਫੀਲਡ ਕਮਾਂਡਰ ਨੂੰ ਕੀ ਫਿਕਰ ਹੈ ਜੇਕਰ ਪੰਜਾਬ ਵਿਚ ਪਾਕਿਸਤਾਨ ਦੇ ਬਣਨ ਵਾਲੇ ਹਾਲਾਤ ਹੋ ਜਾਣ। ਵੱਢ ਟੁੱਕ ਹੋ ਜਾਏ, ਧੀਆਂ ਭੈਣਾਂ ਦੇ ਨੰਗੇ ਜਲੂਸ ਨਿਕਲ ਜਾਣ। ਉਸ ਫੀਲਡ ਕਮਾਂਡਰ ਦੀਆਂ ਕਿਹੜੀਆਂ ਧੀਆਂ ਭੈਣਾਂ ਪੰਜਾਬ ਬੈਠੀਆਂ ਹਨ। ਉਹ ਬੜੀ ਗੈਰ ਜ਼ਿੰਮੇਵਾਰੀ ਨਾਲ ਜੋ ਅੜੇ ਸੋ ਝੜੇ ਦਾ ਨਾਅਰਾ ਦੇ ਸਕਦਾ ਹੈ, ਬੰਬਈ, ਕਲਕੱਤਾ, ਕਾਨਪੁਰ ਬੈਠੇ ਲੱਖਾਂ ਸਿੱਖਾਂ ਦੇ ਹਿੱਤਾਂ ਦਾ ਇਸ ਫੀਲਡ ਕਮਾਂਡਰ ਨੂੰ ਕੀ ਫਿਕਰ ਹੋਣਾ ਹੈ ? ਕਨੇਡਾ ਵਿਚ ਆਪਣੇ ਨਾਟਕਾਂ ਤੇ ਆਏ ਹਜ਼ਾਰਾਂ ਲੋਕਾਂ ਨਾਲ ਮੈਂ ਇਹ ਸਵਾਲ ਉਠਾਉਣ ਦਾ ਯਤਨ ਕੀਤਾ ਹੈ। ਆਪਣੇ ਖਾੜਕੂ ਵਿਰਸੇ ਨੂੰ ਦਸਦਿਆਂ ਉਹਨਾਂ ਨੂੰ ਇਸ ਜਬਰ ਸਿਸਟਮ ਦੇ ਵਿਰੁਧ ਸੰਘਰਸ਼ ਦਾ ਸੁਨੇਹਾ ਦਿਤਾ ਹੈ। 'ਇਕ ਮਾਂ ਦੋ ਮੁਲਕ' ਵਰਗੇ ਨਾਟਕਾਂ ਵਿਚ ਆਪਣੇ ਭਰਾਵਾਂ ਨੂੰ ਖਬਰਦਾਰ ਵੀ ਕੀਤਾ ਹੈ ਕਿ ਜਿਹੜੀ ਖੇਡ ਉਸ ਵੇਲੇ ਇਕ ਪਾਸੇ ਮੁਸਲਮਾਨ ਮੁਜਾਹਿਦਾਂ ਤੇ ਦੂਜੇ ਪਾਸੇ ਸਿੰਘ ਸੂਰਮਿਆਂ, ਨੇ ਖੇਡੀ ਸੀ, ਉਹੀ ਖੇਡ ਇਹ ਹਿੰਦੂ ਰਖਸ਼ਾ ਸੰਮਤੀ ਜਾਂ 'ਦਲ ਖਾਲਸਾ' ਦੇ ਸੂਰਮੇ ਖੇਡਣਾ ਚ ਹੁੰਦੇ ਹਨ। ਜੋ ਹੁੰਗਾਰਾ ਇਨ੍ਹਾਂ ਵਿਚਾਰਾਂ ਦਾ ਇਥੇ ਮਿਲਦਾ ਹੈ ਉਹ ਇਹ ਯਕੀਨ ਦਿਵਾਂਦਾ ਹੈ ਕਿ ਗਲਤ ਅਨਸਰ ਇਸ ਖੇਡ ਵਿਚ ਕਾਮਯਾਬ ਨਹੀਂ ਹੋਣਗੇ ਪਰ ਇਸਤੋਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ ਕਿ ਸਮਾਜ ਵਿਰੋਧੀ ਇਹਨਾਂ ਅਨਸਰਾਂ ਵਿਰੁਧ ਇਕ ਲੰਮੀ ਤੇ ਲਗਾਤਾਰ ਘਾਲਣਾ ਦੀ ਲੋੜ ਹੈ ਤੇ ਇਸ ਲੜਾਈ ਵਿਚ ਜਿਥੇ ਮੁੱਖ ਤੌਰ ਤੇ ਕੇਂਦਰ ਦੇ ਹਾਕਮਾਂ ਨੂੰ ਨੰਗਾ ਕਰਨਾ ਜ਼ਰੂਰੀ ਹੈ ਜੋ ਮਸਲੇ ਨੂੰ ਖਾਮਖਾਹ ਲੰਮਾ ਕਰਕੇ ਜੜ੍ਹ ਰੂਪ ਵਿਚ ਇਸ ਸਾਰੇ ਸੰਕਟ ਦੇ ਜ਼ਿੰਮੇਵਾਰ ਹਨ, ਉਥੇ ਸੰਤ ਲੌਂਗੋਵਾਲ ਹੋਰਾਂ ਕੋਲੋਂ ਵੀ ਪੁਛਿਆ ਜਾਏ ਕਿ ਕੀ ਤੁਸੀਂ ਮੋਰਚਾ ਇਸ ਲਈ ਲਗਾਇਆ ਹੈ ਕਿ ਤੁਹਾਡੀ ਬੁੱਕਲ ਵਿਚ ਬੈਠੇ ਧਾਰਮਕ ਜਨੂੰਨੀ ਅਤੇ ਪ੍ਰਤੀਕਰਮ ਵਿਚ ਉਠੇ ਹਿੰਦੂ ਜਨੂੰਨੀ ਪੰਜਾਬ ਨੂੰ ਅੱਗ ਲਗਾਉਣ ਵਿਚ ਕਾਮਯਾਬ ਹੋ ਜਾਣ। ਜੇ ਨਹੀਂ ਤਾਂ ਫੇਰ ਇਹਨਾਂ ਸਿਖ ਜਨੂੰਨੀਆਂ ਨੂੰ ਮੰਜੀ ਸਾਹਿਬ ਦੇ ਦੀਵਾਨਾਂ ਵਿਚ ਮੋਰਚੇ ਦੇ ਨਾਂ ਤੇ ਬੋਲਣ ਦੀ ਕਿਉਂ ਇਜਾਜ਼ਤ ਦਿਤੀ ਜਾਂਦੀ ਹੈ ? ਕਾਤਲਾਂ ਨੂੰ ਕਿਉਂ ਗੁਰੂ ਨਾਨਕ ਨਿਵਾਸ ਵਿਚ ਪਨਾਹਾਂ ਦਿਤੀਆਂ ਜਾਂਦੀਆਂ ਹਨ ? ਤੁਹਾਡੀ ਸੁਹਿਰਦਤਾ, ਦਲੇਰੀ ਤੇ ਇਮਾਨਦਾਰੀ ਦਾ ਇਹ ਇਮਤਿਹਾਨ ਹੈ ਅਗਰ ਪੰਜਾਬ ਵਿਚ ਵੱਡੇ ਪੈਮਾਨੇ ਤੇ ਇਹ ਅਨਸਰ ਅੱਗ ਲਗਾਉਣ ਵਿਚ ਕਾਮਯਾਬ ਹੋ ਗਏ ਤਾਂ ਤੁਸੀਂ ਇਸਦੇ ਬਰਾਬਰ ਦੇ ਜ਼ਿੰਮੇਵਾਰ ਹੋਵੋਗੇ।

●●

---

## 3. ਕੈਨੇਡਾ

(ਅਗਸਤ 83)

ਸਰਮਾਏਦਾਰੀ ਪ੍ਰਬੰਧ ਸੰਸਾਰ ਭਰ ਵਿਚ ਜਿਹੜੇ ਸੰਕਟ ਵਿਚੋਂ ਲੰਘ ਰਿਹਾ ਹੈ; ਉਹਦਾ ਸਪੱਸ਼ਟ ਪ੍ਰਮਾਣ ਕੈਨੇਡਾ ਵਿਚ ਮਿਲਦਾ ਹੈ। ਵੈਨਕੂਵਰ, ਕੈਲਗਰੀ, ਐਡਮੋਂਟਨ, ਟਰਾਂਟੋ ਸਾਰੇ ਹੀ ਸ਼ਹਿਰਾਂ ਵਿਚ ਜਿਥੇ ਵੀ ਗਏ, ਇਹੀ ਸੁਣਿਆ ਕਿ ਬੜਾ ਮੰਦਾ ਆਇਆ ਹੋਇਆ ਹੈ। ਬੇਰੁਜ਼ਗਾਰੀ ਬਹੁਤ ਹੈ ਤੇ ਬਹੁਤੇ ਹੀ ਲੋਕ ਬੇਰੁਜ਼ਗਾਰੀ ਦੇ ਭੱਤੇ ਉਤੇ ਗੁਜ਼ਾਰਾ ਕਰ ਰਹੇ ਹਨ। ਯੂਨੀਅਨ ਸਰਗਰਮੀ ਭਾਵੇਂ ਬਹੁਤ ਹੈ ਪਰ ਕੋਈ ਐਸੀ ਖੱਬੀ ਲਹਿਰ ਦੇ ਪੈਰ ਨਹੀਂ ਜੋ ਬੁਨਿਆਦੀ ਤੌਰ ਤੇ ਇਸ ਸਿਸਟਮ ਨੂੰ ਚਣੌਤੀ ਦੇਂਦੀ ਹੋਵੇ। ਸਾਧਾਰਨ ਕੈਨਡੀਅਨ ਨਾਲ ਗੱਲ ਕਰਕੇ ਵੇਖੀਏ ਤਾਂ ਪਤਾ ਲਗਦਾ ਹੈ ਤਾਂ ਉਹਨਾਂ ਵਿਚ ਕਮਿਊਨਿਸਟ ਵਿਰੋਧੀ ਜਜ਼ਬਾ ਕੁੱਟ ਕੁੱਟਕੇ ਭਰਿਆ ਹੈ। ਕਮਿਊਨਿਸਟ ਸਿਸਟਮ ਨੂੰ ਉਹ ਸਮਝਦੇ ਹਨ ਕਿ ਇਕ ਐਸਾ ਸਿਸਟਮ ਹੈ ਜਿਸ ਵਿਚ ਸਾਧਾਰਨ ਸ਼ਹਿਰੀ ਨੂੰ ਕੋਈ ਸ਼ਖਸੀ ਆਜ਼ਾਦੀ ਨਹੀਂ। ਉਹ ਭੁੱਖੇ ਮਰ ਸਕਦੇ ਹਨ, ਪਰ ਉਹ ਆਜ਼ਾਦੀ ਨੂੰ ਨਹੀਂ ਛੱਡ ਸਕਦੇ। ਰੂਸ ਵਿਚ ਲੇਖਕਾਂ ਸਾਇੰਸਦਾਨਾਂ ਆਦਿਕ ਨਾਲ ਵਾਪਰੀਆਂ ਇੱਕਾ ਦੁੱਕਾ ਘਟਨਾਵਾਂ ਦਾ ਜਿਸ ਤਰ੍ਹਾਂ ਪਰਚਾਰ ਕੀਤਾ ਗਿਆ ਹੈ ਉਹ ਆਮ ਲੋਕਾਂ ਨੂੰ ਇਹ ਪ੍ਰਭਾਵ ਦੇਣ ਦਾ ਜ਼ਿਮੇਵਾਰ ਹੈ। ਸਾਧਾਰਨ ਹਿੰਦੋਸਤਾਨੀ ਜੋ ਕੈਨੇਡਾ ਵਿਚ ਵੱਸਦੇ ਹਨ, ਉਹ ਇਸ ਦੇਸ਼ ਦੀਆਂ ਸਭਿਆਚਾਰਕ ਕੀਮਤਾਂ ਤੋਂ ਭਾਵੇਂ ਤੰਗ ਹੋਣ ਪਰ ਉਹ ਵੀ ਇਸ ਸਿਸਟਮ ਦਾ ਗੁਣ ਗਾਉਂਦੇ ਹੋਏ ਦਸਦੇ ਹਨ ਕਿ ਭਾਵੇਂ ਬੇਰੁਜ਼ਗਾਰੀ ਹੈ ਅਤੇ JOB ਦੀ ਬੜੀ ਤੰਗੀ ਹੈ, ਪਰ ਸਰਕਾਰ ਕਿਸੇ ਨੂੰ ਭੁੱਖਾ ਨਹੀਂ ਮਰਨ ਦੇਂਦੀ। ਬੇਰੁਜ਼ਗਾਰੀ ਦਾ ਭੱਤਾ ਹਰ ਇਕ ਨੂੰ ਮਿਲਦਾ ਹੈ। ਉਹ ਇਹ ਨਹੀਂ ਸਮਝ ਸਕੇ ਕਿ ਦੇਸ਼ ਅਪਣੇ ਲੋਕਾਂ ਨੂੰ ਬੇਰੁਜ਼ਗਾਰੀ ਭੱਤਾ ਤਾਂ ਹੀ ਦੇ ਸਕਦਾ ਹੈ ਕਿਉਂਕਿ ਇਹ ਦੇਸ਼ ਪਛਮੀ ਦੇਸ਼ਾਂ ਦੇ ਵਿਸ਼ਵ ਸਰਮਾਏਦਾਰੀ ਸਿਸਟਮ ਦਾ ਇਕ ਅੰਗ ਹੈ ਜਿਨ੍ਹਾਂ ਨੇ ਬਾਕੀ ਦੁਨੀਯਾ ਪੂਰੀ ਤਰ੍ਹਾਂ ਲੁੱਟਿਆ ਹੋਇਆ ਨੂੰ। ਉਂਝ ਸਮਾਂ ਲੰਘਣ ਨਾਲ ਇਹ ਸੰਕਟ ਡੂੰਘਾ ਹੋ ਰਿਹਾ ਹੈ ਅਤੇ ਕਈ ਅਦਾਰਿਆਂ ਵਿਚ ਇਹ ਭੱਤਾ ਜਾਂ ਤਾਂ ਬੰਦ ਹੋ ਰਿਹਾ ਜਾਂ ਬਿਲਕੁਲ ਘੱਟ ਕੀਤਾ ਜਾ ਰਿਹਾ ਹੈ। ਕਮਿਊਨਿਸਟ ਜਗਤ ਵਿਚ ਕੋਈ ਨਿੱਕੀ ਜਿਹੀ ਘਟਨਾ ਹੀ ਹੋ ਜਾਵੇ ਤਾਂ ਸਰਮਾਏਦਾਰ ਮੁਲਕਾਂ ਦੇ ਅਖਬਾਰ ਉਸਨੂੰ ਇਸ ਤਰ੍ਹਾਂ ਚੁਕਦੇ ਹਨ ਜਿਸ ਤਰ੍ਹਾਂ ਕਿ ਉਹ ਸਿਸਟਮ ਵਡੇ ਸੰਕਟ ਵਿਚ ਹੈ ਅਤੇ ਮਾਰਕਸਿਜ਼ਮ ਦੀ ਸਾਇੰਸ ਫੇਲ ਹੋ ਗਈ ਹੈ ਅਤੇ ਇਹ ਕਰਨ ਵਿਚ ਸਾਡੇ ਦੇਸ਼ ਦੀਆਂ ਅਖਬਾਰਾਂ ਪਿਛੇ ਨਹੀਂ। ਇਸਦੇ ਉਲਟ ਸਰਮਾਏਦਾਰੀ ਸਿਸਟਮ ਦੇ ਵਡੇ ਤੋਂ ਵਡੇ ਸੰਕਟ ਨੂੰ ਇਸ ਤਰ੍ਹਾਂ ਵੇਖਿਆ ਜਾਂਦਾ ਹੈ, ਜਿਸ ਤਰ੍ਹਾਂ ਕੋਈ ਸਾਧਾਰਨ ਵਪਾਰ ਦਾ ਸੰਕਟ ਹੈ। ਕਿਸੇ ਕਾਰਨ ਮੰਦਾ ਆ ਗਿਆ ਹੈ, ਜੋ ਸਮੇਂ ਨਾਲ ਚੰਗਾ ਹੋ ਜਾਏਗਾ। ਸੱਚ ਨੂੰ ਝੂਠ ਬਣਾ ਦੇਣਾ ਜਾਂ ਸੱਚ ਨੂੰ ਸਾਹਮਣੇ ਨਾਂ ਆਉਣ ਦੇਣਾ ਅਧੁਨਿਕ ਪਰਚਾਰ ਸਿੱਸਟਮ ਦਾ ਵਡਾ ਜਾਦੂ ਹੈ, ਜਿਸਦਾ ਕਮਾਲ ਮੈਂ ਕੈਨੇਡਾ ਵਿਚ ਆ ਕੇ ਬੜੀ ਸ਼ਿਦਤ ਨਾਲ ਮਹਿਸੂਸ ਕੀਤਾ ਹੈ।

●●●

# ਬੰਬੇ ਸਵੀਟ ਮੈਨੂਫੈਕਚਰਰ

## FOR LARGEST VARIETY IN INDIAN SWEETS

ਉਥੇ ਸਾਰੀਆਂ ਭਾਰਤੀ ਮਠਿਆਈਆਂ - ਅਤੇ ਭਾਰਤੀ ਸਵਾਦੀ ਖਾਣੇ - ਜਿਵੇਂ ਕਿ,

*OUR TEMPTATIONS*।

Largest Variety in Indian Sweets

Burfi - Laddo - Rasgulas - Gulab Jamuns - Masu - Pinnis

**Balu Shahi - Besan - Petha - Gajarpak**

ਅਸੀਂ ਹਰ ਤਰਾਂ ਦੀਆਂ ਭਾਰਤੀ ਸਵਾਦੀ ਮਠਿਆਈਆਂ ਬਣਾਉਣ ਦੇ ਵਿੱਚ ਮਾਹਰ ਹਾਂ।
ਵਿਆਹ ਸ਼ਾਦੀਆਂ ਲਈ ਖਾਸ ਰਿਆਇਤ ਦਿੱਤੀ ਜਾਂਦੀ ਹੈ।

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ...

.....ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼੍ਰੀਦਣ ਲਈ

### ਸ਼ੁਕਲਾ ਬ੍ਰਾਦਰਜ਼

**HEAD OFFICE**
4405 MAIN ST. (28th AVE.)
VANCOUVER, B.C. V5V 3R2
**Tel. (604) 874-5722**



Manager: SHUKLA

**BRANCH:**
6545 MAIN ST. (at 49th Ave)
VANCOUVER, B.C. V5X 3H1
**Tel. (604) 321-1414**

**WE ARE OPEN EVERY DAY 9 A.M. TO 9:30 P.M.**

# BOMBAY SWEET MANUFACTURER

**WATNO DUR**
P.O. Box 9545
Edmonton, Alberta, T6E 5X2

Second Class Mail Reg. No. 3233

TO

ਫਰੰਟੀਅਰ ਕਲਾਥ ਹਾਊਸ




**NEW DESIGNS**
**& NEW FASHIONS**
# SAREES

**We have the largest variety in Punjabi suits both in designs & Quality**

**FRONTIER CLOTH HOUSE LTD.**
**6695 MAIN STREET VANCOUVER, B.C.**
PHONE NO. 325-4424 or 325-31515